
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 13
July 5, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 32ਵੀਂ ਵਰ੍ਹੇਗੰਢ ਉਤਸ਼ਾਹ ਅਤੇ ਧੂੰਮ-ਧਾਮ ਨਾਲ ਮਨਾਈ ਗਈ। ਤਸਵੀਰਾਂ ਅਤੇ ਰਿਪੋਰਟ ਲਈ ਦੇਖੋ 'ਅੰਬੇਦਕਰ ਟਾਈਮਜ਼'

# ਦਹਿਸ਼ਤਗਰਦੀ ਅਤੇ ਅੱਤਵਾਦ ਨੂੰ ਆਪਣੇ ਮੁਲਕ ਵਿੱਚ ਨਹੀਂ ਫੈਲਣ ਦਿਆਂਗੇ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁਲਕ ਵਿੱਚ ਧਾਰਮਿਕ ਸੁਤੰਤਰਤਾ ਦੀ ਰੱਖਿਆ ਅਤੇ ਉਸ ਨੂੰ ਉਤਸ਼ਾਹਿਤ ਕਰਨ ਦਾ ਵਚਨ ਲੈਂਦਿਆਂ ਈਸਾਈ ਸਮਾਜ ਦੀ ਇੱਕ ਇਕੱਤਰਤਾ ਮੌਕੇ ਕਿਹਾ,"ਦਹਿਸ਼ਤਗਰਦੀ, ਦੁਨੀਆਂ ਵਿੱਚ ਧਾਰਮਿਕ ਸੁਤੰਤਰਤਾ 'ਤੇ ਮੰਡਰਾਉਣ ਵਾਲੇ ਸਭ ਤੋਂ ਗੰਭੀਰ ਅਤੇ ਭਿਆਨਕ ਖ਼ਤਰਿਆਂ ਵਿੱਚੋਂ ਇੱਕ ਹੈ। ਉਨ੍ਹਾਂ ਸਾਬਕਾ ਸੈਨਿਕਾਂ ਦੇ ਸਨਮਾਨ ਵਿੱਚ ਕਰਵਾਏ ਗਏ ਇੱਕ ਸਮਾਗਮ 'ਸੈਲੀਬਰੇਟ ਫਰੀਡਮ' ਮੌਕੇ ਕਿਹਾ, "ਅਸੀਂ ਦਹਿਸ਼ਤਗਰਦੀ ਅਤੇ ਅੱਤਵਾਦ ਨੂੰ ਆਪਣੇ ਮੁਲਕ ਵਿੱਚ



ਫੈਲਣ ਜਾਂ ਸਾਡੇ ਤੱਟਾਂ ਜਾਂ ਆਪਣੇ ਸ਼ਹਿਰਾਂ ਵਿੱਚ ਪਨਾਹ ਲੱਭਣ ਦੀ ਆਗਿਆ ਨਹੀਂ ਦੇ ਸਕਦੇ। ਉਨ੍ਹਾਂ ਕਿਹਾ,"ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜਿਹੜਾ ਮੁਲਕ ਸਾਡੇ ਦੇਸ਼ ਨਾਲ ਜੁੜਨਾ ਚਾਹੁੰਦਾ ਹੈ, ਉਹ ਸਾਡੇ ਮੁੱਲਾਂ ਨਾਲ ਸਾਂਝ ਪਾਵੇ ਅਤੇ ਉਸ ਵਿੱਚ ਸਾਡੇ ਲੋਕਾਂ ਨਾਲ ਪਿਆਰ ਕਰਨ ਦੀ ਸਮਰੱਥਾ ਹੋਵੇ।" ਇਹ ਸਮਾਗਮ ਰਾਸ਼ਟਰਪਤੀ ਟਰੰਪ ਦੀਆਂ ਪ੍ਰਚਾਰ ਰੈਲੀਆਂ ਵਰਗਾ ਸੀ। ਉਨ੍ਹਾਂ ਲੋਕਾਂ ਦੀ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਇੱਕ ਵਾਰ ਮੁੜ ਜਿੱਤੇਗਾ। ਉਨ੍ਹਾਂ ਕਿਹਾ,"ਮੀਡੀਆ ਦੇ ਇੱਕ ਹਿੱਸੇ ਨੇ ਸਾਨੂੰ ਵਾਈਟ ਹਾਊਸ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਮੈਂ ਰਾਸ਼ਟਰਪਤੀ ਹਾਂ ਜਦਕਿ ਉਹ ਨਹੀਂ।" ਇਸ ਮੌਕੇ ਉਨ੍ਹਾਂ ਅਮਰੀਕਾ ਦੇ ਫ਼ੌਜੀਆਂ ਦੀ ਦੇਖਭਾਲ ਕਰਨ ਦਾ ਆਪਣਾ ਚੋਣ ਵਾਅਦਾ ਮੁੜ ਦੁਹਰਾਇਆ।



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਆਪਣੇ ਸਮੂਹ ਪਾਠਕਾਂ, ਇਸ਼ਤਿਹਾਰਦਾਤਾਵਾਂ, ਲੇਖਕਾਂ, ਪੱਤਰਕਾਰਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈਆਂ ਦਿੰਦਾ ਹੈ ਅਤੇ ਹਰਦੀਪ ਸਿੰਘ ਨੂੰ Honorary Mayor of Los Molinos ਬਣਨ ਤੇ ਹਾਰਦਿਕ ਵਧਾਈ ਦਿੰਦਾ ਹੈ।

# ਪੰਜਾਬ ਵਿਚ ਕਿਸਾਨਾਂ ਤੋਂ ਕਿਤੇ ਵੱਧ ਖੇਤ ਮਜ਼ਦੂਰਾਂ ਨੇ ਕੀਤੀ ਖ਼ੁਦਕੁਸ਼ੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਸਰਕਾਰ ਭਾਵੇਂ ਅਜੇ ਤਕ ਜ਼ਮੀਨ ਵਿਹੂਣੇ ਖੇਤ ਮਜ਼ੂਦਰਾਂ ਦਾ ਕਰਜ਼ਾ ਮੁਆਫ਼ ਕਰਨ ਸਬੰਧੀ ਕੋਈ ਫ਼ੈਸਲਾ ਲੈਣ 'ਚ ਨਾਕਾਮ ਰਹੀ ਹੈ, ਪਰ ਸਰਕਾਰ ਵੱਲੋਂ ਤਿਆਰ ਕਰਵਾਈ ਰਿਪੋਰਟ ਤੋਂ ਜਿਹੜਾ ਖੁਲਾਸਾ ਹੋਇਆ ਹੈ, ਉਹ ਹੈਰਾਨ ਕਰਨ ਵਾਲਾ ਹੈ। ਰਿਪੋਰਟ ਮੁਤਾਬਕ ਪੰਜਾਬ 'ਚ ਜ਼ਮੀਨਾਂ ਤੋਂ ਵਾਂਝੇ ਅਤੇ ਕਰਜ਼ਿਆਂ ਕਰਕੇ ਖ਼ੁਦਕੁਸ਼ੀ ਕਰਨ ਵਾਲੇ ਖੇਤ ਮਜ਼ਦੂਰਾਂ ਦੀ ਗਿਣਤੀ ਕਿਸਾਨਾਂ ਨਾਲੋਂ ਕਿਤੇ ਵੱਧ ਹੈ। ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ 'ਚ ਖ਼ੁਦਕੁਸ਼ੀਆਂ ਬਾਰੇ ਤਿਆਰ ਅਧਿਕਾਰਤ ਰਿਪੋਰਟ ਮੁਤਾਬਕ ਰਾਜ ਦੇ ਸੱਤ ਜ਼ਿਲ੍ਹਿਆਂ ਵਿੱਚ 2010 ਤੋਂ 2016 ਦੇ ਅਰਸੇ ਦੌਰਾਨ ਖੇਤ ਮਜ਼ਦੂਰਾਂ ਦੀ ਗਿਣਤੀ ਕਿਸਾਨਾਂ ਦੇ ਮੁਕਾ-ਬਲੇ ਵੱਧ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿਆਰ ਇਹ ਰਿਪੋਰਟ ਸੱਤ ਜ਼ਿਲ੍ਹਿਆਂ ਫਰੀਦਕੋਟ, ਫ਼ਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਪਟਿਆਲਾ, ਰੂਪ-ਨਗਰ, ਐਸਏਐਸ ਨਗਰ ਤੇ ਮੁਕਤਸਰ ਵਿੱਚ ਕੀਤੇ



ਸਰਵੇਖਣ 'ਤੇ ਅਧਾਰਤ ਹੈ। ਰਾਜ ਦੇ ਹੋਰਨਾਂ ਜ਼ਿਲ੍ਹਿਆਂ ਬਾਰੇ ਰਿਪੋਰਟ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਿ-ਤਸਰ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਤਿਆਰ ਕੀਤੀ ਗਈ ਹੈ। ਰਿਪੋਰਟ ਮੁਤਾਬਕ 2010 ਤੋਂ 2016 ਦੇ ਅਰਸੇ ਦੌਰਾਨ ਸੱਤ ਜ਼ਿਲ੍ਹਿਆਂ 'ਚੋਂ ਖ਼ੁਦਕੁਸ਼ੀਆਂ ਦੇ 737 ਕੇਸ ਸਾਹਮਣੇ ਆਏ ਸਨ। ਇਨ੍ਹਾਂ 'ਚੋਂ 397 ਲਗਪਗ 53.87 ਫੀਸਦ ਖੇਤ ਮਜ਼ਦੂਰ ਹਨ ਜਦਕਿ 340 (46.3 ਫੀਸਦ) ਕਿਸਾਨ ਸਨ। ਖ਼ੁਦਕੁਸ਼ੀ ਕਰਨ ਵਾਲੇ ਖੇਤ ਮਜ਼ਦੂਰਾਂ 'ਚੋਂ ਵੱਡੀ ਗਿਣਤੀ ਹੌਲੀ ਅਤੇ ਦਰਮਿਆਨੀ ਉਮਰ ਦੇ ਸਨ।

ਸਾਲ 2000 ਤੋਂ 2009 ਦੇ ਅਰਸੇ ਦੌਰਾਨ ਪੇਂਡੂ ਖ਼ੁਦਕੁਸ਼ੀਆਂ ਬਾਰੇ ਇਨ੍ਹਾਂ ਸੱਤ ਜ਼ਿਲ੍ਹਿਆਂ ਨਾਲ ਸਬੰਧਤ ਪਿਛਲੀ ਰਿਪੋਰਟ ਮੁਤਾਬਕ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਕੁੱਲ ਅੰਕੜਿਆਂ ਦਾ 46 ਫੀਸਦ ਬਣਦੀਆਂ ਹਨ। ਹਾਲਾਂਕਿ ਮੌਜੂਦਾ ਰਿਪੋਰਟ ਮੁਤਾਬਕ ਪਿਛਲੇ ਅਧਿਐਨ ਦੀ ਨਿਸਬਤ ਐਤਕੀਂ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ 'ਚ 8 ਫੀਸਦ ਦਾ

**(ਬਾਕੀ ਸਫਾ 4 ਤੇ)**


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


Bhupinder Kaur, CPA
BKG Accounting & Tax Services
ਆਪਣੇ ਕਾਰੋਬਾਰ ਸੰਬੰਧੀ Paperwork ਲਈ ਸਾਡੇ ਨਾਲ ਤੁਰੰਤ ਸੰਪਰਕ ਕਰੋ
ਘਰ ਬੈਠਿਆਂ ਸਾਡੀਆ ਸੇਵਾਵਾਂ ਪ੍ਰਾਪਤ ਕਰੋ
ਅਸੀਂ ਹੇਠਾਂ ਦਿੱਤੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ:
ਰੋਜ਼ਾਨਾ ਵਪਾਰ ਟ੍ਰਾਂਸਕੇਸ਼ਨਾਂ, ਟਰੱਕਿੰਗ ਕਾਗਜ਼ੀ ਕੰਮ ਵਿੱਚ ਮੁਹਾਰਤ, ਨਿੱਜੀ ਅਤੇ ਕਾਰੋਬਾਰ ਲਈ ਇਨਕਮ ਟੈਕਸ ਰਿਟਰਨ, ਅਸੀਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
30% discount on remote Bookkeeping & Accounting Services

Kulvinder Singh, M.S. Commerce
(209)-261-0682, (209)-233-4573
E-mail: cpabkg@gmail.com
Website: www.cpabkg.com


ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

BAGGA JEWELERS
SINCE 1996
916-912-8842,
916-329-8772
jewelers.Bagga@gmail.com
GRAND OPENING
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (209)-487-2127
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-338-5511
Email:
IndiaMarketRoseville@gmail.com

# ਖਾਲਸਾ ਸਕੂਲ ਮਾਲਟਨ ਦੇ ਸਟਾਫ ਅਤੇ ਬੱਚਿਆਂ ਨੇ ਕੈਨੇਡਾ ਦੀ 150 ਵੀ ਵਰੇਗੰਢ ਬੜੀ ਧੂਮ ਧਾਮ ਨਾਲ ਮਨਾਈ










**ਮਾਲਟਨ (ਕੈਨੇਡਾ)–** ਬੀਤੀ 29 ਜੂਨ ਨੂੰ ਖਾਲਸਾ ਸਕੂਲ ਮਾਲਟਨ ਸਕੂਲ ਦੇ ਸਟਾਫ ਅਤੇ ਬੱਚਿਆਂ ਵਲੋਂ ਕੈਨੇਡਾ ਦਾ 150 ਵੀ ਵਰ੍ਹੇਗੰਢ ਬੜੀ ਧੂਮ ਧਾਮ ਨਾਲ ਮਨਾਈ ਗਈ ਲ ਸਬ ਤੋਂ ਪਹਿਲਾਂ 'ਓ ਕੈਨੇਡਾ' ਗਾਇਆ ਅਤੇ ਫਿਰ ਰਵਾਇਤੀ ਢੰਗ ਨਾਲ ਜਨਮ-ਦਿਨ ਗੀਤ ਗਾਉਂਦਿਆਂ ਹੋਇਆਂ ਕੇਕ ਕੱਟਣ ਦੀ ਰਸਮ ਮਨਾਉਂਦਿਆਂ ਬੱਚਿਆਂ ਦਾ ਚਾਅ-ਮਲ੍ਹਾਰ ਵੇਖਨ ਯੋਗ ਸੀ । ਇਸ ਸਮੇਂ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਸ਼੍ਰੀ ਮਾਨ ਤੱਖਰ ਸਾਹਿਬ ਹਾਜ਼ਰ ਸਨ। ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਸੋਹਣੇ ਗੀਤ ਸੰਗੀਤ ਨਾਲ ਸਜੇ ਪ੍ਰੋਗਰਾਮ ਰਾਹੀਂ ਕੈਨੇਡਾ ਦੀ ਮਹਿਮਾ ਬਿਆਨ ਕੀਤੀ। ਬਹੁਰੰਗੇ ਸਭਿਆਚਾਰ, ਸੰਸਕ੍ਰਿਤੀਆਂ ਨਾਲ ਸਜੇ ਇਸ ਸੋਹਣੇ ਮੁਲਖ ਵਿੱਚ ਆਜਾਦੀ ਨਾਲ ਰਹਿਣ ਦਾ ਮਾਨ ਦੱਸਣ ਦੇ ਨਾਲ ਨਾਲ ਉਹਨਾਂ ਨੇਟਿਵ ਲੋਕਾਂ ਨਾਲ ਹੋਏ ਧੱਕੇ ਅਤੇ ਉਹਨਾਂ ਦੀਆਂ ਕੁਰਬਾਨੀਆਂ ਦੀ ਗੱਲ ਵੀ ਛੇੜੀ। ਛੋਟੇ ਛੋਟੇ ਬਚਿਆਂ ਵੱਲੋਂ ਬਹੁਤ ਸੋਹਣੀਆਂ ਗੱਲਾਂ ਕੀਤੀਆਂ ਗਈਆਂ। ਸਕੂਲ ਦੇ ਸਟਾਫ਼ ਵੱਲੋਂ ਬਹੁਤ ਸੋਹਣਾ ਕੈਸੱਲ ਬਣਾਇਆ ਗਿਆ ਸੀ ਅਤੇ ਬੱਚਿਆਂ ਦੇ ਮਨੋਰੰਜਨ ਤੇ ਖ਼ੁਸ਼ੀ ਲਈ ਕਈ ਤਰਾਂ ਦੀਆਂ ਖੇਡਾਂ ਦਾ ਇੰਤਜਾਮ ਕੀਤਾ ਗਿਆ ਸੀ।

# ਪੀ. ਸੀ. ਐਸ. ਸੈਕਰਾਮੈਂਟੋ ਤੀਆਂ ਦਾ ਮੇਲਾ 6 ਅਗਸਤ ਨੂੰ



**ਸੈਕਰਾਮੈਂਟੋ–** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ ਇਸ ਸਾਲ ਤੀਆ ਦਾ ਮੇਲਾ 6 ਅਗਸਤ ਦਿਨ ਐਤਵਾਰ ਨੂੰ 1 ਵਜੇ Luther Burbank High School, 3500 Florin Rd., Sacramento, CA. 95823 ਵਿਖੇ ਹੋ ਰਿਹਾ ਹੈ। ਪੀ. ਸੀ. ਐਸ. ਵੱਲੋਂ ਇਹ 18ਵਾਂ ਤੀਆਂ ਦਾ ਮੇਲਾ ਹੈ। ਇੱਥੇ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਪਿਛਲੇ 28 ਸਾਲ ਤੋਂ ਦੋ ਸਭਿਆਚਾਰਕ ਮੇਲੇ ਕੀਤੇ ਜਾਂਦੇ ਹਨ 'ਵਿਸਾਖੀ ਮੇਲਾ' ਅਤੇ 'ਤੀਆਂ ਦਾ ਮੇਲਾ'।

ਸਾਡਾ ਮਕਸਦ ਇਕੋ ਹੀ ਹੈ ਕਿ ਭਾਵੇਂ ਹਜ਼ਾਰਾਂ ਮੀਲ ਦੂਰ ਆਏ ਹਾਂ, ਇੱਥੇ ਪੈਦਾ ਹੋਏ ਬੱਚਿਆਂ ਨੂੰ ਇੱਥੇ ਦੀ ਕਮਿਊਨਿਟੀ ਨੂੰ, ਆਪਣੇ ਸਭਿਆਚਾਰ, ਬੋਲੀ, ਪਹਿਰਾਵਾ ਤੇ ਗੀਤਾਂ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਾਂ।

ਇਸ ਮੇਲੇ ਵਿਚ ਵੀ ਪਿਛਲੇ ਸਾਲ ਦੀ ਤਰ੍ਹਾਂ ਗਿੱਧਾ, ਭੰਗੜਾ, ਡਾਂਸ, ਸਕਿੱਟ, ਲਾਈਵ ਬੋਲੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਹਰ ਇਕ ਉਮਰ ਦੀ ਔਰਤ ਹਿੱਸਾ ਲੈ ਸਕਦੀ ਹੈ।

ਭਾਵ ਖੁੱਲ੍ਹਾ ਸੱਦਾ ਹੈ। ਇਸ ਮੇਲੇ 'ਚ ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ। ਮੇਲੇ 'ਚ ਭਾਗ ਲੈਣ ਲਈ ਅਤੇ ਸਟਾਲ ਲਗਾਉਣ ਲਈ ਸੰਪਰਕ ਕਰੋ:

**ਮਨਦੀਪ ਫਰਵਾਲਾ** 916-212-1826

**ਪਰਦੀਪ ਪੂਨੀ** 916-308-7889

**ਬਲਦੇਵ ਕੌਰ** 916-996-2010

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਮੰਗਲ ਹਠੂਰ ਦੀ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਫਰਿਜਨੋਂ ਵਿਖੇ ਲੋਕ ਅਰਪਿਤ





**ਫਰਿਜ਼ਨੋ (ਕੈਲੇਫੋਰਨੀਆਂ) ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ:-** ਪੰਜਾਬੀ ਸੱਭਿਆਚਾਰ ਅੰਦਰ ਸਾਫ-ਸੁੱਥਰੀ ਗੀਤਕਾਰੀ ਅਤੇ ਵਾਰਤਕ ਦੇ ਸਮੁੰਦਰ ਮੰਗਲ ਹਠੂਰ ਹੁਣ ਕਿਸੇ ਪਹਿਚਾਣ ਦੇ ਮੁਥਾਜ਼ ਨਹੀ। ਪੰਜਾਬੀ ਗੀਤਕਾਰੀ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਸਾਫ਼ ਸੁਥਰੀ ਗੀਤਕਾਰੀ ਜ਼ਰੀਏ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਆ ਰਹੇ ਹਨ। ਇਸ ਦੇ ਨਾਲ-ਨਾਲ ਉਨ੍ਹਾਂ ਵਾਰਤਕ ਵੀ ਬੜੀ ਸਫਲਤਾ ਨਾਲ ਲਿਖੀ।

ਉਨ੍ਹਾਂ ਦੀਆਂ ਹੁਣ ਤੱਕ ਤਕਰੀਬਨ ਦਸ ਕਿਤਾਬਾ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸਿੰਗਾਰ ਬਣ ਚੁਕੀਆਂ ਹਨ। ਉਨ੍ਹਾਂ ਦੀ ਗਿਆਰਾਵੀ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਫਰਿਜਨੋ ਵਿਖੇ ਇੰਡੀਅਨ ਅਵਨ ਰੈਸ਼ਟੋਰੈਟ ਦੇ ਹਾਲ ਵਿੱਚ ਭਾਰੀ ਇਕੱਠ ਦੌਰਾਨ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਫਰਿਜ਼ਨੋ ਇਲਾਕੇ ਦੀਆਂ ਬਹੁਤ ਸਾਰੀਆ ਸਾਹਿੱਤਕ ਸਖਸ਼ੀਅਤਾਂ ਨੇ ਸਿਰਕਤ ਕਰਕੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾਏ।

ਇਸ ਮੌਕੇ ਮੰਗਲ ਹਠੂਰ ਨੇ ਆਪਣੀ ਨਵੇਂ-ਪੁਰਾਣੇ ਗੀਤਾਂ ਅਤੇ ਮਿਆਰੀ ਸ਼ਾਇਰੋ-ਸ਼ਾਇਰੀ ਰਾਹੀ ਚੰਗਾ ਸਮਾਂ ਬੰਨਿਆ। ਇਸ ਮੌਕੇ ਸ਼ਾਇਰ ਸੁੱਖੀ ਧਾਲੀਵਾਲ, ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਦਿਲਦਾਰ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ , ਅਦਾਕਾਰ ਅਤੇ ਗਾਇਕ ਸੁਰਜੀਤ ਸਿੰਘ ਮਾਛੀਵਾੜਾ, ਕਵੀ ਗੈਰੀ ਢੇਸੀ, ਰੇਡੀਉ ਹੋਸ਼ਟ ਅਤੇ ਕਵੀਸ਼ਰ ਮਨਜੀਤ ਸਿੰਘ ਪੱਤੜ ਆਦਿਕ ਬਹੁਤ ਸਾਰੇ ਸਾਹਿੱਤ ਪ੍ਰੇਮੀਆਂ ਨੇ ਗੀਤ ਅਤੇ ਕਵਿਤਾਵਾਂ ਪੇਸ਼ ਕਰਕੇ ਦਰਸ਼ਕਾਂ ਦੀ ਵਾਹਵਾ ਖੱਟੀ। ਇਸੇ ਦੌਰਾਨ ਡਾ. ਅਰਜਨ ਸਿੰਘ ਜੋਸ਼ਨ, ਡਾ. ਮਲਕੀਤ ਸਿੰਘ ਕਿੰਗਰਾ, ਨਾਜਰ ਸਿੰਘ ਸਹੋਤਾ, ਗੁਰਿੰਦਰਜੀਤ ਸਿੰਘ, ਕੁਲਵੰਤ ਧਾਲੀਆਂ, ਅਵਤਾਰ ਗਿੱਲ, ਪਾਲ ਕੈਲੇ, ਸਵਰਨ ਸਿੱਧੂ, ਸਤਨਾਮ ਬੱਲ, ਮਹਿੰਦਰ ਸਿੰਘ ਕੰਡਾ, ਪਿੰਦਾ ਚੀਮਾਂ, ਸਤਵੀਰ ਹੀਰ, ਜਸਵੰਤ ਮਹਿੰਮੀ, ਪ੍ਰਮੋਧ ਲੋਈ, ਜਸਵੀਰ ਸਰਾਏ, ਕਾਲਾ ਸਿੱਧੂ, ਮਾਸਟਰ ਦਿਲਬਾਰਾ ਸਿੰਘ ਧਾਲੀਵਾਲ, ਹਰਜੀਤ ਗਰੇਵਾਲ, ਰਣਮੇਘ ਢੇਸੀ, ਡਾ. ਸਿਮ-ਰਜੀਤ ਧਾਲੀਵਾਲ, ਅਮਰਜੀਤ ਸਿੰਘ ਦੌਧਰ ਆਦਿਕ ਬਹੁਤ ਸਾਰੇ ਸੱਜਣਾ ਨੇ ਵੀ ਮੰਗਲ ਨੂੰ ਉਨ੍ਹਾਂ ਦੀ ਨਵੀਂ ਕਿਤਾਬ ਲਈ ਵਧਾਈਆਂ ਦਿੱਤੀਆ ਤੇ ਸਾਫ਼-ਸੁਥਰੀ ਗੀਤਕਾਰੀ ਲਈ ਮੰਗਲ ਦੀ ਪ੍ਰਸੰਸਾ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ਼ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਅੰਤ ਅਮਿੱਟ ਪੈੜ੍ਹਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਬੋਸ ਕਲੱਬ ਵੱਲੋਂ ਕਰਵਾਈ ਕਬੂਤਰਬਾਜ਼ੀ ਵਿੱਚ ਰੰਮੀ ਧਾਲੀਵਾਲ ਨੇ ਜਿੱਤਿਆ ਬੁਲਟ ਮੋਟਰਸਾਇਕਲ

**ਬੇਕਰਸਫੀਲਡ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ-** ਬੋਸ ਕਲੱਬ ਬੇਕਰਸਫੀਲਡ ਵੱਲੋਂ ਜੀਤੇ ਢਿੱਲੋਂ ਦੀ ਅਗਵਾਈ



ਵਿੱਚ ਲਮਾਂਟ ਕੈਲੇਫੋਰਨੀਆਂ ਵਿੱਖੇ ਕਬੂਤਰਾਂ ਦੀ ਬਾਜ਼ੀ ਕਰਵਾਈ ਗਈ। ਇਸ ਬਾਜ਼ੀ ਵਿੱਚ ਤਕਰੀਬਨ 26 ਕਬੂਤਰਾਂ ਨੇ ਹਿੱਸਾ ਲਿਆ। ਇਸ ਕਬੂਤਰਬਾਜ਼ੀ ਦੌਰਾਂਨ ਜੱਜ ਦੇ ਤੌਰਤੇ ਧਾਂਮੀ ਨੰਗਲ, ਪੰਮਾ ਗਿਰੀ ਅਤੇ ਰੰਮੀ ਧਾਲੀਵਾਲ ਨੇ ਸੇਵਾ ਨਿਭਾਈ। ਇਸ ਮੌਕੇ ਰੰਮੀ ਧਾਲੀਵਾਲ ਦੇ ਕਬੂਤਰਾਂ ਨੇ ਦੂਸਰਿਆਂ ਕਬੂਤਰਿਆਂ ਦੇ ਮੁਕਾਬਲੇ ਇੱਕ ਘੰਟਾ ਵੱਧ ਉੱਡਕੇ ਬਾਜ਼ੀ ਦੇ ਪਹਿਲੇ ਇਨਾਮ ਬੁਲਿੱਟ ਮੋਟਰ ਸਾਇਕਲ ਤੇ ਕਬਜ਼ਾ ਕੀਤਾ। ਦੂਸਰਾ ਇਨਾਮ ਕਮਲ ਨਰ ਅਤੇ ਦਵਿੰਦਰ ਮਾਂਗਟ ਦੇ ਹਿੱਸੇ ਆਇਆ। ਇਸੇ ਤਰਾਂ ਰਸੂਲਪੁਰ, ਜੀਤਾ ਢਿਲੋਂ ਤੇ ਮਹਿੰਦਰ ਢਿਲੋਂ ਦੇ ਕਬੂਤਰਾਂ ਨੇ ਵੀ ਚੰਗਾ ਪ੍ਰਦਰਸ਼ਨ ਕੀਤਾ। ਬੌਬੀ ਬਰਾੜ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

## ਸਿਖਸ ਫਾਰ ਜਸਟਿਸ ਵਲੋਂ ਭਾਜਪਾ ਨੂੰ ਚਿਤਾਵਨੀ

# ਰਿਫਰੈਂਡਮ 2020 ਦੇ ਪੋਸਟਰ ਲਾਹੇ ਤਾਂ ਨਤੀਜੇ ਭੁਗਤਣੇ ਪੈਣਗੇ

**ਵਾਸ਼ਿਗਟਨ, (ਹੁਸਨ ਲੜੋਆ ਬੰਗਾ)-** ਭਾਜਪਾ ਦੀਆਂ ਧਮਕੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਸਿਖਸ ਫਾਰ ਜਸਟਿਸ ਨੇ ਕਿਹਾ ਕਿ ਭਗਵੀਂ ਪਾਰਟੀ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ ਜੇਕਰ ਉਨਾਂ ਨੇ 'ਰਿਫਰੈਂਡਮ 2020' ਦੇ ਬੋਰਡ ਲਾਹੇ ਜਿਨਾਂ 'ਤੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼ਹੀਦ ਸੰਤ ਭਿੰਡਰਾਵਾਲਿਆਂ ਦੀਆਂ ਆਦਮ ਕਦ ਤਸਵੀਰਾਂ ਹਨ। ਸਿਖਸ ਫਾਰ ਜਸਟਿਸ ਨੇ ਪੰਜਾਬ ਦੀ ਆਜ਼ਾਦੀ ਲਈ ਸ਼ਾਂਤੀਪੂਰਨ ਰਿਫਰੈਂਡਮ ਦੀ ਵਚਨਬੱਧਤਾ ਪ੍ਰਗਟਾਈ ਹੈ। ਖਾਲਿਸਤਾਨ ਦੀ ਸਥਾਪਨੀ ਵਾਸਤੇ ਪੰਜਾਬ ਦੀ ਆਜ਼ਾਦੀ ਲਈ ਡਟਵੀਂ ਪੈਰਵਾਈ ਕਰਦੀ ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਗਠਣ ਸਿਖਸ ਫਾਰ ਜਸਟਿਸ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਭਾਜਪਾ ਮੁੜ ਹਿੰਦੂ ਪੱਤਾ ਖੇਡ ਰਹੀ ਹੈ ਕਿਉਂਕਿ ਉਹ ਪੰਜਾਬ ਵਿਚ ਚੋਣਾਂ ਅਤੇ ਆਪਣਾ ਆਧਾਰ ਦੋਵੇਂ ਹਾਰ ਚੁਕੀ ਹੈ। ਬਿਆਨ ਵਿਚ ਕਿਹਾ ਕਿ ਅਸੀ ਭਾਜਪਾ ਨੂੰ ਆਪਣੇ ਸਿਆਸੀ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਣ ਦਿਆਂਗੇ ਅਤੇ ਰਿਫਰੈਂਡਮ 2020 ਦੇ ਬੋਰਡ ਕਿਸੇ ਵੀ ਹਾਲਤ ਵਿਚ ਉਤਾਰਨ ਨਹੀਂ ਦਿਆਂਗੇ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਭਾਜਪਾ ਵਲੋਂ ਰਿਫਰੈਂਡਮ 2020 ਦੇ ਬੋਰਡ ਹਟਾਉਣ ਅਤੇ ਆਜ਼ਾਦੀ ਲਈ ਸ਼ਾਂਤੀਪੂਰਨ ਅਤੇ ਜਮਹੂਰੀ ਲਹਿਰ ਨੂੰ ਰੋਕਣ ਦੀ ਕਿਸੇ ਵੀ ਕੋਸ਼ਿਸ਼ ਨਾਲ ਬਰਾਬਰ ਦੀ ਤਾਕਤ ਨਾਲ ਨਜਿਠਿਆ ਜਾਵੇਗਾ। ਅਟਾਰਨੀ ਪੰਨੂ ਨੇ ਕਿਹਾ ਅਸੀ ਸਿੱਖ ਰਾਸ਼ਟਰਵਾਦੀ ਵਖਰਾ ਸਿਖ ਰਾਜ ਖਾਲਿਸਤਾਨ ਕਾਇਮ ਕਰਨ ਲਈ ਪੰਜਾਬ ਵਿਚ ਰਿਫਰੈਂਡਮ ਵਾਸਤੇ ਸ਼ਾਂਤੀਪੂਰਨ ਲਹਿਰ ਚਲਾ ਰਹੇ ਹਾਂ ਅਤੇ ਜੇਕਰ ਭਾਰਤੀ ਸੁਰਖਿਆ ਬਲਾਂ ਨੇ 1990 ਵਿਆਂ ਦੀ ਤਰਾਂ ਸਿੱਖਾਂ 'ਤੇ ਇਕ ਵਾਰ ਫਿਰ ਹਿੰਸਾ ਕੀਤੀ ਤਾਂ ਅਸੀ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਵਿਦੇਸ਼ਾਂ ਦਾ ਸਮਰਥਨ ਹਾਸਿਲ ਕਰਨੋਂ ਪਿਛੇ ਨਹੀਂ ਰਹਾਂਗੇ।




ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਇੰਗਲੈਂਡ ਅਤੇ ਕੈਨੇਡਾ ਵਰਗੇ ਜਮਹੂਰੀ ਦੇਸ਼ ਪ੍ਰਭੁਸੱਤਾ ਦੇ ਸਵਾਲ 'ਤੇ ਰਿਫਰੈਂਡਮ ਦੀ ਇਜਾਜਤ ਦਿੰਦੇ ਹਨ ਅਤੇ ਉਹ ਆਜ਼ਾਦੀ ਦੀ ਆਵਾਜ਼ ਨੂੰ ਦਬਾਉਣ ਲਈ ਗੋਲੀ ਦੀ ਵਰਤੋਂ ਨਹੀਂ ਕਰਦੇ ਜਿਵੇਂ ਕਿ ਭਾਰਤ ਪੰਜਾਬ ਦੇ ਲੋਕਾਂ ਨਾਲ ਕਰ ਰਿਹਾ ਹੈ। ਇਹ ਐਲਾਨ ਕਰਦਿਆਂ ਕਿ ਪੰਜਾਬ ਵਿਚ 'ਰਿਫਰੈਂਡਮ 2020' ਨੂੰ ਨਿਊਯਾਰਕ ਸਥਿਤ ਸਿੱਖ ਮਨੁੱਖੀ ਅਧਿਕਾਰ ਸੰਗਠਣਾਂ ਦੇ ਕੇਂਦਰੀ ਦਫਤਰ ਤੋਂ ਚਲਾਇਆ ਜਾਵੇਗਾ, ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਸ ਤਹਿਤ ਪੰਜਾਬ ਦੇ ਲੋਕਾਂ ਨੂੰ ਇਕ ਗੱਲ 'ਤੇ ਉਨਾਂ ਨੂੰ ਆਪਣੀ ਰਾਏ ਪ੍ਰਗਟਾਉਣ ਲਈ ਕਿਹਾ ਜਾਵੇਗਾ ਕਿ 'ਮੈਂ ਭਾਰਤੀ ਕਬਜੇ ਵਾਲੇ ਪੰਜਾਬ ਵਿਚ ਇਕ ਆਜ਼ਾਦ ਤੇ ਪ੍ਰਭੁਸੱਤਾ ਪ੍ਰਾਪਤ ਦੇਸ਼ ਸਥਾਪਿਤ ਕਰਨ ਦੀ ਇੱਛਾ ਰੱਖਦਾ ਹਾਂ ਇਸ ਆਧਾਰ 'ਤੇ ਕਿ ਸਿੱਖ ਪੰਜਾਬ ਦੇ ਮੂਲ ਵਾਸੀ ਹਨ , ਉਨਾਂ ਦੀ ਆਪਣੀ ਇਤਿਹਾਸਕ ਮਾਤਭੂਮੀ ਹੈ, ਵੱਖਰਾ ਧਰਮ ਹੈ ਅਤੇ ਇਸ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਹੈ।' ਰਿਫਰੈਂਡਮ 2020 ਨੂੰ ਆਜ਼ਾਦੀ ਅਤੇ ਅਸਰ ਰਸੂਖ ਵਾਲੇ ਸੰਗਠਣਾਂ ਵਲੋਂ ਚਲਾਇਆ ਜਾਵੇਗਾ ਅਤੇ ਇਸ ਦੀ ਨਿਗਰਾਨੀ ਕੌਮਾਂਤਰੀ ਐਨ ਜੀ ਓਜ਼ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਵਲੋਂ ਕੀਤੀ ਜਾਵੇਗੀ। ਅਟਾਰਨੀ ਪੰਨੂ ਨੇ ਕਿਹਾ ਕਿ ਸਾਲ 2020 ਵਿਚ ਪੰਜਾਬ ਸੂਬੇ ਤੋਂ ਇਲਾਵਾ ਉਤਰੀ ਅਮਰੀਕਾ, ਯੂਰਪ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਫਿਲਪੀਨ, ਸਿੰਗਾਪੁਰ, ਕੀਨੀਆ ਅਤੇ ਮੱਧ ਪੂਰਬ ਦੇਸ਼ਾਂ ਦੇ ਪ੍ਰਮੁੱਖ ਸਹਿਰਾਂ ਵਿਚ ਵੀ ਪੋਲਿੰਗ ਕਰਵਾਈ ਜਾਵੇਗੀ।

1990ਵਿਆਂ ਵਿਚ ਸਿਖ ਰਾਸ਼ਟਰਵਾਦੀਆਂ ਨੇ ਖਾਲਿਸਤਾਨ ਲਈ ਹਥਿਆਰਬੰਦ ਲਹਿਰ ਸ਼ੁਰੂ ਕੀਤੀ ਸੀ ਪਰ ਬਗਾਵਤ ਵਿਰੋਧੀ ਅਪਰੇਸ਼ਨਾਂ ਦੇ ਨਾਂਅ 'ਤੇ ਭਾਰਤੀ ਸੁਰਖਿਆ ਬਲਾਂ ਵਲੋਂ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਕਾਰਕੁੰਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾ ਦਿੱਤਾ ਗਿਆ ਸੀ।

# ਫੋਨ ਬੰਦ ਕਰਨ ਵਾਲੇ ਸਰਕਾਰੀ ਮੁਲਾਜ਼ਮਾਂ ਵਿਰੁੱਧ ਹੋਵੇਗੀ ਕਾਰਵਾਈ

**ਚੰਡੀਗੜ੍ਹ -** ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ/ ਬੋਰਡਾਂ/ਨਿਗਮਾਂ ਵਿੱਚ ਕੰਮ ਕਰਦੇ ਸਰਕਾਰੀ ਮੁਲਾਜ਼ਮ ਹੁਣ ਡਿਊਟੀ ਦੌਰਾਨ ਵੀ ਤੇ ਡਿਊਟੀ ਤੋਂ ਬਾਅਦ ਵੀ ਆਪਣੇ ਮੋਬਾਈਲ ਫੋਨ ਸਵਿੱਚ ਆਫ ਨਹੀਂ ਕਰ ਸਕਣਗੇ। ਜੇ ਕੋਈ ਮੁਲਾਜ਼ਮ ਫੋਨ ਬੰਦ ਕਰੇਗਾ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।



ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਵਿਭਾਗ ਵੱਲੋਂ ਜਾਰੀ ਕੀਤੇ ਗਏ ਹੁਕਮ ਅਨੁਸਾਰ ਸਰਕ-ਾਰੀ ਅਧਿਕਾਰੀਆਂ ਤੇ ਕਰਮ-ਚਾਰੀਆਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਡਿਊਟੀ ਵੇਲੇ ਤੇ ਡਿਊਟੀ ਤੋਂ ਬਾਅਦ ਵੀ ਆਪਣੇ ਮੋਬਾਈਲ ਫੋਨ ਬੰਦ ਨਹੀਂ ਕਰਨਗੇ। ਵਿਭਾਗ ਦੇ ਹੁਕਮ ਅਨੁਸਾਰ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਆਪਣੇ ਕੰਮ ਦੌਰਾਨ ਜਾਂ ਡਿਊਟੀ ਤੋਂ ਬਾਅਦ ਫੋਨ ਨਹੀਂ ਸੁਣਦੇ ਤੇ ਕਈ ਵਾਰ ਫੋਨ ਬੰਦ ਵੀ ਕਰ ਦਿੰਦੇ ਹਨ। ਇਸ ਨਾਲ ਸਰਕਾਰੀ ਕੰਮਾਂ ਦੇ ਨਿਬੇੜੇ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਸਰਕਾਰ ਵੱਲੋਂ ਜਾਰੀ ਹੁਕਮ ਮੁਤਾਬਕ ਸਰਕਾਰੀ ਅਧਿਕਾਰੀ ਤੇ ਕਰਮਚਾਰੀ 24 ਘੰਟਿਆਂ ਲਈ ਸਰਕਾਰੀ ਮੁਲਾਜ਼ਮ ਹਨ। ਉਨ੍ਹਾਂ ਨੂੰ ਦਫਤਰੀ ਕੰਮ ਚਲਾਉਣ ਲਈ ਮੋਬਾਈਲ ਫੋਨ ਭੱਤੇ ਦੀ ਸਹੂਲਤ ਦਿੱਤੀ ਗਈ ਹੈ। ਸਰਕਾਰ ਨੇ ਸਰਕਾਰੀ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਸਖਤ ਚੇਤਾਵਨੀ ਦਿੱਤੀ ਹੈ ਕਿ ਉਹ ਭਵਿੱਖ ਵਿੱਚ ਡਿਊਟੀ ਦੌਰਾਨ ਜਾਂ ਡਿਊਟੀ ਤੋਂ ਬਾਅਦ ਵੀ ਆਪਣੇ ਮੋਬਾਈਲ ਫੋਨ ਚਾਲੂ ਰੱਖਣ।

# ਪੰਜਾਬ ਵਿਚ ਕਿਸਾਨਾਂ ਤੋਂ ਕਿਤੇ ਵੱਧ ਖੇਤ ਮਜ਼ਦੂਰਾਂ ਨੇ ਕੀਤੀ ਖੁਦਕੁਸ਼ੀ

(ਸਫਾ 1 ਦੀ ਬਾਕੀ)

ਇਜ਼ਾਫ਼ਾ ਹੋਇਆ ਹੈ। ਖ਼ੁਦਕੁਸ਼ੀਆਂ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਖੇਤ ਮਜ਼ਦੂਰਾਂ ਵੱਲੋਂ 83.38 ਫੀਸਦ ਖੁਦਕੁਸ਼ੀਆਂ ਕਰਜ਼ੇ ਦੀ ਵੱਧਦੀ ਪੰਡ ਕਰਕੇ ਕੀਤੀਆਂ ਜਦਕਿ 11.62 ਫੀਸਦ ਕੇਸਾਂ 'ਚ ਖੁਦਕੁਸ਼ੀ ਦੀ ਵਜ੍ਹਾ ਕੁਝ ਹੋਰ ਸੀ।

ਉਧਰ ਖੇਤ ਮਜ਼ਦੂਰ ਯੂਨੀਅਨ, ਜਿਨ੍ਹਾਂ ਨੂੰ ਕਿਸਾਨ ਯੂਨੀਅਨਾਂ ਦੇ ਮੁਕਾਬਲੇ ਘੱਟ ਤਰਜੀਹ ਮਿਲਦੀ ਹੈ, ਦਾ ਮੰਨਣਾ ਹੈ ਕਿ ਸਰਕਾਰ ਦਲਿਤਾਂ ਦੀ ਵੋਟ ਉੱਤੇ ਤਾਂ ਅੱਖ ਰੱਖਦੀ ਹੈ, ਪਰ ਰਾਹਤ ਦੇਣ ਲੱਗਿਆਂ ਹੱਥ ਪਿੱਛੇ ਖਿੱਚ ਲੈਂਦੀ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸੇਵੇਵਾਲਾ ਨੇ ਕਿਹਾ,'ਇੰਨੇ ਸਰਵੇਖਣਾਂ ਤੇ ਅਧਿਐਨਾਂ ਦੇ ਬਾਵਜੂਦ ਸਾਨੂੰ ਸਰਕਾਰ ਨੂੰ ਇਹ ਦੱਸਣਾ ਪੈ ਰਿਹਾ ਕਿ ਅਸੀਂ ਕਰਜ਼ਿਆਂ ਕਰਕੇ ਮਰ ਰਹੇ ਹਾਂ, ਪਰ ਫਿਰ ਵੀ ਕੋਈ ਸੁਣਨ ਨੂੰ ਤਿਆਰ ਨਹੀਂ।' ਯਾਦ ਰਹੇ ਕਿ ਪਿਛਲੇ ਮਹੀਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 8.75 ਲੱਖ ਛੋਟੇ ਤੇ ਸੀਮਾਂਤ ਕਿਸਾਨਾਂ ਦੇ ਫ਼ਸਲੀ ਕਰਜ਼ੇ ਤੇ ਲੀਕ ਮਾਰਨ ਦਾ ਐਲਾਨ ਕੀਤਾ ਸੀ, ਪਰ ਜਦੋਂ ਖੇਤ ਮਜ਼ਦੂਰਾਂ ਨੂੰ ਰਾਹਤ ਦੇਣ ਦੀ ਗੱਲ ਤੁਰੀ ਤਾਂ ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਕੋਲ ਖੇਤ ਮਜ਼ਦੂਰਾਂ ਦੀ ਗਿਣਤੀ ਜਾਂ ਉਨ੍ਹਾਂ ਵੱਲ ਬਕਾਇਆ ਖੜੇ ਕਰਜ਼ਿਆਂ ਸਬੰਧੀ ਕੋਈ ਰਿਕਾਰਡ ਨਹੀਂ ਹੈ। ਮਗਰੋਂ ਮੁੱਖ ਮੰਤਰੀ ਨੇ ਸਪੀਕਰ ਨੂੰ ਇਸ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਉਣ ਲਈ ਕਿਹਾ ਸੀ।





ਯੂਬਾ ਸਿਟੀ ਨਿਵਾਸੀਆਂ ਨੇ ਐਨ ਕਾ ਲੇਨ 1562 ਯੂਬਾ ਸਿਟੀ ਵਿਖੇ ਅਮਰੀਕਾ ਦੀ ਆਜ਼ਾਦੀ ਦਾ ਦਿਹਾੜਾ ਮਨਾਇਆ। ਤਸਵੀਰ ਵਿਚ ਜੋਗਿੰਦਰ ਧਾਮੀ ਆਪਣੇ ਸਾਥੀਆਂ ਸਮੇਤ।

# ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਦੀ ਮਾਸਿਕ ਇਕੱਤਰਤਾ





**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਯੂਬਾ ਸਿਟੀ (ਕੈਲੇਫੋਰਨੀਆ) ਦੀ ਮਾਸਿਕ ਇਕੱਤਰਤਾ ਬੀਤੀ 25 ਜੂਨ ਦਿਨ ਐਤਵਾਰ ਨੂੰ ਐਬਰਨ ਬੁਲੇਵਡ ਸੈਕਰਾਮੈਂਟੋ ਵਿਖੇ ਇਕ ਮਹੀਨਾ ਪਹਿਲਾਂ ਸਰਬ ਸੰਮਤੀ ਨਾਲ ਚੁਣੇ ਗਏ ਸਭਾ ਦੇ ਪ੍ਰਧਾਨ ਜਸਵੰਤ ਸ਼ੀਮਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪ੍ਰਧਾਨ ਜਸਵੰਤ ਸ਼ੀਮਾਰ ਨੇ ਬੋਲਦਿਆਂ ਹੋਇਆਂ ਸਭਾ ਦੇ ਨਾਲ ਜੁੜੇ ਰਹਿਣ ਦੇ ਸਫਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਜਦੋਂ ਤੋਂ 1993-94 ਤੋਂ ਪੰਜਾਬੀ ਸਾਹਿਤ ਸਭਾ ਦਾ ਵਿਸਥਾਰ ਹੋਇਆ ਹੈ, ਮੈਂ ਉਸ ਵੇਲੇ ਤੋਂ ਸਭਾ ਨਾਲ ਜੁੜਿਆ ਹੋਇਆ ਹਾਂ। ਹਰਬੰਸ ਸਿੰਘ ਜਗਿਆਸੂ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ, ਜਿਹਨਾਂ ਦੀ ਬਦੌਲਤ ਸਭਾ ਨਾਲ ਜੁੜੇ ਰਹਿਣ ਦਾ ਮੌਕਾ ਮਿਲਿਆ। ਸਭਾ ਦੇ ਨਵੇਂ ਸਕੱਤਰ ਗੋਗੀ ਸੰਧੂ ਦੇ ਸੱਦੇ 'ਤੇ ਸਾਰੇ ਸਾਹਿਤਕਾਰਾਂ ਨੇ ਮਾਈਕ 'ਤੇ ਆ ਕੇ ਪੂਰਾ-ਪੂਰਾ ਸਹਿਯੋਗ ਦੇਣ ਦੀ ਗੱਲ ਵੀ ਆਖੀ। ਇਹਨਾਂ ਵਿਚ ਖਾਸ ਤੌਰ ਤੇ ਹਰਬੰਸ ਸਿੰਘ ਜਗਿਆਸੂ, ਹਰਭਜਨ ਸਿੰਘ ਢੇਰੀ, ਰਾਠੇਸ਼ਵਰ ਸੂਰਾਪੁਰੀ, ਬਿੱਕਰ ਕੰਮੇਆਣਾ, ਸੋਹਣ ਲਾਲ ਖਟਕੜ ਸ਼ਾਮਲ ਹਨ। ਹਰਬੰਸ ਜਗਿਆਸੂ ਹੋਰਾਂ ਨੇ ਸਭਾ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਸ ਪਿੱਛੋਂ ਬੇਵਕਤ ਮੌਤ ਤੇ ਇਕਬਾਲ ਰਾਮੂਵਾਲੀਆ ਅਤੇ ਨਾਟਕਕਾਰ ਅਜਮੇਰ ਸਿੰਘ ਔਲਖ ਲਈ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਕਵੀ ਦਰਬਾਰ ਵਿਚ ਹੇਠ ਲਿਖੇ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ- ਪਰਮਿੰਦਰ ਰਾਏ, ਬਿੱਕਰ ਕੰਮੇਆਣਾ, ਅਜੈਬ ਚੀਮਾ, ਕਮਲ ਬੰਗਾ, ਰਾਠੇਸ਼ਵਰ ਸੂਰਾਪੁਰੀ, ਹਰਭਜਨ ਢੇਰੀ, ਜੋਤੀ ਸਿੰਘ, ਸੋਹਣ ਲਾਲ ਖਟਕੜ, ਜਸਵੰਤ ਸ਼ੀਮਾਰ, ਇੰਦਰਜੀਤ ਗਰੇਵਾਲ, ਗੋਗੀ ਸੰਧੂ, ਹਰਬੰਸ ਜਗਿਆਸੂ, ਰਮੇਸ਼ ਬੰਗੜ, ਤਰਦੀਪ ਸਿੰਘ ਅਤੇ ਤਤਿੰਦਰ ਕੌਰ। ਸੋਹਣ ਲਾਲ ਖਟਕੜ ਨੇ ਆਪਣੀਆਂ ਕਿਤਾਬਾਂ ਦਾ ਸੈਟ ਸਭਾ ਨੂੰ ਭੇਟ ਕੀਤਾ। ਖਾਣੇ ਦੀ ਸੇਵਾ ਪਰਮਿੰਦਰ ਰਾਏ ਖਾਨਖਾਨਾ ਵੱਲੋਂ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਕੀਤੀ ਗਈ। ਸਟੇਜ ਦੀ ਸੇਵਾ ਗੋਗੀ ਸੰਧੂ ਨੇ ਬਾਖੂਬੀ ਨਿਭਾਈ।

## ਜਦ ਵ੍ਹਾਈਟ ਹਾਊਸ ਦੇ ਗਾਰਡ ਨੇ 'ਮਿਸਿਜ਼ ਮੋਦੀ' ਲਈ ਦਰਵਾਜ਼ਾ ਖੋਲ੍ਹਿਆ

**ਵਾਸ਼ਿੰਗਟਨ** – ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਦੌਰੇ ਲਈ ਜਦੋਂ ਵਾਈਟ ਹਾਊਸ ਵਿਚ ਗਏ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲੇ। ਇਸ ਸਮੇਂ ਮੋਦੀ ਦੇ ਲਈ ਵਾਈਟ ਹਾਊਸ ਵਿੱਚ ਰੈਡ ਕਾਰਪੇਟ ਵਿਛਾਇਆ ਗਿਆ ਸੀ। ਜਦੋਂ ਉਨ੍ਹਾਂ ਦੀ ਕਾਰ ਉੱਥੇ ਗਈ ਤਾਂ ਟਰੰਪ ਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਨੇ ਮੋਦੀ ਦਾ ਸੁਆਗਤ ਕੀਤਾ। ਇਸ ਦੌਰਾਨ ਆਪਣੀ ਡਿਊਟੀ ਨਿਭਾਉਣ ਲਈ ਡੋਨਾਲਡ ਟਰੰਪ ਦੇ ਗਾਰਡ ਮੋਦੀ ਦੀ ਕਾਰ ਦਾ ਦਰਵਾਜ਼ਾ ਖੋਲ੍ਹਣ ਲਈ ਪਹਿਲਾਂ ਤੋਂ ਵਾਈਟ ਹਾਊਸ ਅੱਗੇ ਖੜ੍ਹੇ ਸਨ। ਇੱਕ ਗਾਰਡ ਗਲਤ ਫਹਿਮੀ ਦਾ ਸ਼ਿਕਾਰ ਹੋ ਗਿਆ ਤੇ ਉਸ ਨੇ ਮੋਦੀ ਦੀ ਪਤਨੀ ਲਈ ਕਾਰ ਦਾ ਦੂਜਾ ਦਰਵਾਜ਼ਾ ਵੀ ਖੋਲ੍ਹ ਦਿੱਤਾ। ਸਲ



ਵਿਚ ਆਮ ਤੌਰ ਉੱਤੇ ਨੇਤਾ ਆਪਣੀ ਪਤਨੀ ਨਾਲ ਵਿਦੇਸ਼ ਦੌਰੇ ਲਈ ਜਾਂਦੇ ਹਨ ਤੇ ਗਾਰਡਾਂ ਨੂੰ ਇਹ ਨਿਰਦੇਸ਼ ਹੁੰਦੇ ਹਨ ਕਿ ਉਹ ਨੇਤਾ ਦੀ ਪਤਨੀ ਲਈ ਵੀ ਕਾਰ ਦਾ ਦਰਵਾਜ਼ਾ ਖੋਲ੍ਹਦੇ ਹਨ, ਪਰ ਜਦੋਂ ਟਰੰਪ ਦੇ ਗਾਰਡ ਨੇ ਅਜਿਹਾ ਕੀਤਾ ਤਾਂ ਅੰਦਰ ਕੋਈ ਨਹੀਂ ਸੀ।

ਮੋਦੀ ਦੂਸਰੇ ਦਰਵਾਜ਼ੇ ਤੋਂ ਨਿਕਲ ਕੇ ਤੁਰ ਗਏ। ਇਸ ਘਟਨਾ ਦੀ ਵੀਡੀਓ ਸਾਹਮਣੇ ਆਉਣ ਪਿੱਛੋਂ ਲੋਕ ਇਸ ਦਾ ਮਜ਼ਾਕ ਬਣਾ ਰਹੇ ਹਨ ਤੇ ਟਵਿੱਟਰ ਉਤੇ ਇਸ ਵੀਡੀਓ ਨੂੰ ਮਜ਼ੇਦਾਰ ਕੈਪਸ਼ਨ ਦੇ ਰਹੇ ਹਨ। ਕੋਈ ਕਹਿੰਦਾ ਹੈ ਕਿ ਇਸ ਮੁਲਾਕਾਤ ਦੌਰਾਨ ਟਰੰਪ ਜ਼ਿਆਦਾ ਹੱਸਦੇ ਹਨ ਕਿਉਂਕਿ ਮੋਦੀ ਕੋਲ ਪਤਨੀ ਨਹੀਂ ਹੈ। ਇੰਨਾਂ ਹੀ ਨਹੀਂ ਇਸ ਤਰ੍ਹਾਂ ਦੇ ਕਈ ਟਵੀਟ ਕਰਕੇ ਲੋਕਾਂ ਨੇ ਇਸ ਘਟਨਾ ਦਾ ਮਜ਼ਾਕ ਬਣਾਇਆ।

## ਸਾਨਫਰਾਂਸਿਸਕੋ ਦੇ ਸ਼ਹਿਰ ਮਿਲਪੀਟਸ ਬੇ-ਏਰੀਆ ਵਿਖੇ ਧਾਰਮਿਕ ਕਵੀ-ਦਰਬਾਰ ਸਜਾਇਆ



**ਮਿਲਪੀਟਸ (ਪ੍ਰਮਿੰਦਰ ਸਿੰਘ 'ਪ੍ਰਵਾਨਾ')–** ਗੁਰਦੁਆਰਾ ਸਾਹਿ ਸਿੰਘ ਸਭਾ ਬੇ-ਏਰੀਆ, ਮਿਲਪੀਟਸ ਵਿਖੇ ਸਜਦੇ ਹਫਤਾਵਾਰੀ ਦੀਵਾਨਾਂ ਵਿਚ ਵਿਸ਼ੇਸ਼ ਤੌਰ ਤੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ।

ਇਸ ਧਾਰਮਿਕ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ 'ਪ੍ਰਵਾਨਾ'ਆਦਿ ਕਵੀ ਸ਼ਾਮਲ ਹੋਏ।


33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ
ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



Capital Services, ਸੈਕਰਾਮੈਂਟੋ
ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates
IRP Plates for 48 States- Same day Plates
TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER
PERSONAL CAR SERVICES: (Approved by CA DMV )
ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ
Vin Verification (Approved by CA DMV ਕਰਵਾਉਣ ਲਈ ਲਈ ਵੀ ਸੰਪਰਕ ਕਰੋ
INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life *Medical *Special Events & others
ਹੋਰ ਸੇਵਾਵਾਂ
ਵੀਜ਼ਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ
OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.
For Legal Services, Once a week Attorney at your service.
ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

ਦੇਸ਼ ਦੁਆਬਾ

# ਭਾਰਤ ਚੀਨ ਦਰਮਿਆਨ ਟਕਰਾਅ

ਭਾਰਤ ਅਤੇ ਚੀਨ ਦੀ ਸੀਮਾ ਦੁਨੀਆਂ ਦੀਆਂ ਸਭ ਤੋਂ ਲੰਮੀਆਂ ਸੀਮਾਵਾਂ ਵਿਚੋਂ ਇਕ ਹੈ। ਇਸ ਸਰਹੱਦ ਉਤੇ ਹਾਲ ਹੀ ਵਿਚ ਟਕਰਾਅ ਵੱਧ ਗਿਆ ਹੈ। ਟਕਰਾਅ ਦੀ ਵਜ੍ਹਾ ਇਹ ਦੱਸੀ ਜਾਂਦੀ ਹੈ ਕਿ ਚੀਨ ਇਸ ਇਲਾਕੇ ਵਿਚ ਰੱਖਿਆ ਪੱਖੋਂ ਮਜ਼ਬੂਤ ਹੋਣ ਲਈ ਸੜਕਾਂ ਦਾ ਨਿਰਮਾਣ ਕਰ ਰਿਹਾ ਹੈ, ਜਦਕਿ ਭਾਰਤ ਮੰਨਦਾ ਹੈ ਕਿ ਇਹ ਸੜਕ ਉਸ ਦੇ ਖੇਤਰ ਵਿਚ ਬਣ ਰਹੀ ਹੈ। ਦਰਅਸਲ ਇਹ ਕੋਈ ਮਸਲਾ ਨਹੀਂ ਹੈ ਬਲਕਿ ਮਸਲਾ ਤਾਂ ਭਾਰਤ, ਅਮਰੀਕਾ ਅਤੇ ਜਾਪਾਨ ਵਿਚ ਵਧਦੀ ਨੇੜਤਾ ਹੈ। ਚੀਨ ਦੱਖਣੀ ਸਾਗਰ ਤੇ ਆਪਣੀ ਪਕੜ ਮਜ਼ਬੂਤ ਬਣਾਉਣਾ ਚਾਹੁੰਦਾ ਹੈ ਅਤੇ ਇਸ ਤੋਂ ਬਾਅਦ ਉਸ ਦਾ ਨਿਸ਼ਾਨਾ ਹਿੰਦ ਮਹਾਸਾਗਰ ਹੈ, ਜਦਕਿ ਅਮਰੀਕਾ ਸਮੇਤ ਦੁਨੀਆਂ ਦੇ ਜ਼ਿਆਦਾਤਰ ਮੁਲਕ ਚੀਨ ਦੇ ਇਸ ਵਧਦੇ ਪ੍ਰਭਾਵ ਨੂੰ ਰੋਕਣ ਲਈ ਭਾਰਤ ਨੂੰ ਇਕੋ-ਇਕੋ ਵਿਕਲਪ ਮੰਨ ਰਹੇ ਹਨ। ਚੀਨ ਨੇ ਸਿੱਕਮ ਤੇ ਕਬਜਾ ਕਰਨ ਲਈ ਆਪਣੀ ਰਣਨੀਤੀ ਬਣਾ ਲਈ ਹੈ ਅਤੇ ਜੇਕਰ ਸਿੱਕਮ ਉਤੇ ਕਬਜਾ ਹੁੰਦਾ ਹੈ ਤਾਂ ਭਾਰਤ ਦੇ ਪੂਰਬੀ ਰਾਜਾਂ ਦੀ ਸੁਰੱਖਿਆ ਖਤਰੇ ਵਿਚ ਪੈ ਜਾਵੇਗੀ। ਭਾਰਤ ਆਪਣੇ ਪੂਰਬੀ ਰਾਜਾਂ ਨੂੰ ਬਚਾਉਣ ਦੇ ਲਈ ਚੀਨ ਦੇ ਰਣਨੀਤਿਕ ਇਰਾਦਿਆਂ ਨੂੰ ਠੱਲ੍ਹ ਪਾਉਣ ਲਈ ਟਕਰਾਅ ਦੇ ਰਸਤੇ ਤੇ ਪੈ ਰਿਹਾ ਹੈ, ਜਦਕਿ ਚੀਨ ਆਪਣੇ ਇਰਾਦਿਆਂ ਨੂੰ ਅੱਗੇ ਵਧਾਉਣ ਵਿਚ ਭਾਰਤ ਨੂੰ ਸਭ ਤੋਂ ਵੱਡਾ ਅੜਿੱਕਾ ਮੰਨਦਾ ਹੈ। ਚੀਨ ਭਾਰਤ ਨੂੰ ਵਾਰ ਵਾਰ 1962 ਦੀ ਜੰਗ ਦਾ ਹਵਾਲਾ ਦਿੰਦਾ ਹੈ, ਜਦਕਿ ਭਾਰਤ ਦੇ ਲਈ ਇਹ ਜੰਗ ਇਕ ਜ਼ਖਮ ਬਰਾਬਰ ਹੈ ਅਤੇ ਇਸ ਜੰਗ ਤੋਂ ਬਾਅਦ ਹੀ ਭਾਰਤ ਨੇ ਆਪਣੀਆਂ ਰੱਖਿਆ ਤਿਆਰੀਆਂ ਨੂੰ ਨਵੇਂ ਸਿਰੇ ਤੋਂ ਅੰਜ਼ਾਮ ਦਿੱਤਾ ਹੈ।

ਮੌਜੂਦਾ ਵਿਵਾਦ ਡੋਕਲਾਮ ਇਲਾਕੇ ਦਾ ਹੈ, ਜਿਸ ਨੂੰ ਸਿੱਕਮ ਆਪਣਾ ਹਿੱਸਾ ਮੰਨਦਾ ਹੈ ਪਰ ਚੀਨ ਇਸ ਨੂੰ ਆਪਣਾ ਇਲਾਕਾ ਮੰਨਦਾ ਹੈ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਸ ਇਲਾਕੇ ਬਾਰੇ 1959 ਵਿਚ ਚੀਨ ਨੂੰ ਇਕ ਪੱਤਰ ਲਿਖਿਆ ਸੀ, ਜਿਸ ਵਿਚ ਸਵੀਕਾਰ ਕੀਤਾ ਸੀ ਕਿ ਇਹ ਇਲਾਕਾ ਚੀਨ ਦਾ ਹੈ। ਪਰ ਇਹ ਪੱਤਰ ਚੀਨ ਦਾ ਇਕ ਢੌਂਗ ਹੈ। ਭਾਰਤ ਨੇ ਅਜਿਹਾ ਕੋਈ ਪੱਤਰ ਚੀਨ ਨੂੰ ਕਦੀ ਵੀ ਨਹੀਂ ਲਿਖਿਆ ਕਿਉਂਕਿ ਇਹ ਇਲਾਕਾ ਭਾਰਤ ਜਾਂ ਚੀਨ ਦਾ ਨਹੀਂ ਬਲਕਿ ਸਿੱਕਮ ਦਾ ਹੈ। ਸਿੱਕਮ ਦੀ ਰੱਖਿਆ ਕਰਨੀ ਭਾਰਤ ਦੀ ਜ਼ਿੰਮੇਵਾਰੀ ਹੈ ਅਤੇ ਦੋਵੇਂ ਮੁਲਕਾਂ ਦੇ ਸਬੰਧ ਬਹੁਤ ਵਧੀਆ ਹਨ। ਜਿੱਥੋਂ ਤੱਕ ਜੰਗ ਦਾ ਸਬੰਧ ਹੈ- ਭਾਰਤ ਅਤੇ ਚੀਨ ਦੀ ਜੰਗ ਵਿਸ਼ਵ ਯੁੱਧ ਦਾ ਅਖਾੜਾ ਬਣ ਸਕਦੀ ਹੈ। ਦੋਵੇਂ ਮੁਲਕਾਂ ਦੀ ਰਣਨੀਤਿਕ ਤਿਆਰੀ ਪੱਖੋਂ ਦੇਖੀਏ ਤਾਂ ਇਸ ਵਕਤ ਚੀਨ ਦੇ ਨਾਲ ਦੁਨੀਆ ਦਾ ਕੋਈ ਮੁਲਕ ਨਹੀਂ ਹੈ। ਦੋਵੇਂ ਮੁਲਕਾਂ ਦੇ ਕੋਲ ਖਤਰਨਾਕ ਹਥਿਆਰ ਹਨ। ਨੁਕਸਾਨ ਇਕੱਲਾ ਭਾਰਤ ਦਾ ਨਹੀਂ ਬਲਕਿ ਚੀਨ ਦਾ ਵੀ ਹੋ ਸਕਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਜਾਤ-ਪਾਤ ਦੇ ਜਿੰਨ ਨੇ ਭਾਰਤੀ ਰਾਜਨੀਤੀ ਰਾਹੀ ਰਾਸ਼ਟਰਪਤੀ ਦੇ ਅਹੁਦੇ ਨੂੰ ਵੀ ਨਿਗਲ ਲਿਆ



ਪੂਨਮ ਆਈ ਕੌਸ਼ਿਸ਼

ਤਿੰਨ ਦਹਾਕੇ ਪਹਿਲਾਂ ਜਾਤ-ਪਾਤ ਦਾ ਜੋ ਜਿੰਨ ਬੋਤਲ ਵਿੱਚੋਂ ਕੱਢਿਆ ਗਿਆ ਸੀ, ਉਸ ਨੇ ਹੁਣ ਫਿਰ ਭਾਰਤੀ ਰਾਜਨੀਤੀ ਦੇ ਰਾਹੀਂ ਰਾਸ਼ਟਰਪਤੀ ਦੇ ਅਹੁਦੇ ਨੂੰ ਵੀ ਨਿਗਲ ਲਿਆ ਹੈ ਅਤੇ ਸਥਿਤੀ ਇਹ ਬਣ ਗਈ ਹੈ ਕਿ ਅਗਲੇ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਲੜ ਰਹੇ ਵਿਅਕਤੀ ਬਾਰੇ ਇਹ ਨਹੀਂ ਪੁੱਛਿਆ ਜਾ ਰਿਹਾ ਕਿ ਉਹ ਸਹੀ ਉਮੀਦਵਾਰ ਹੈ ਜਾਂ ਨਹੀਂ, ਉਸ ਦੀ ਯੋਗਤਾ ਕੀ ਹੈ ਅਤੇ ਉਹ ਇਸ ਅਹੁਦੇ ਲਈ ਸਭ ਤੋਂ ਢੁੱਕਵਾਂ ਵਿਅਕਤੀ ਹੈ ਜਾਂ ਨਹੀਂ? ਇਹੋ ਚਰਚਾ ਹੈ ਕਿ ਉਹ ਸਹੀ ਜਾਤ ਨਾਲ ਸੰਬੰਧਤ ਹੈ ਅਤੇ ਵਫਾਦਾਰ ਹੈ।

ਇਸ ਰੁਝਾਨ ਨਾਲ ਯਕੀਨੀ ਤੌਰ ਉਤੇ ਜਾਤੀ ਵੈਰ ਵਿਰੋਧ ਨੂੰ ਬਲ ਮਿਲੇਗਾ, ਪਰ ਇਸ ਦੀ ਚਿੰਤਾ ਕੌਣ ਕਰਦਾ ਹੈ? ਭਾਜਪਾ ਨੇ ਬਿਹਾਰ ਦੇ 'ਮਹਾ-ਦਲਿਤ' ਰਾਮਨਾਥ ਕੋਵਿੰਦ ਨੂੰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਦੂਜੀਆਂ ਪਾਰਟੀਆਂ ਤੋਂ ਪਹਿਲ ਕਰਨ ਦਾ ਮੌਕਾ ਖੋਹ ਲਿਆ। ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਧਿਰ ਦੀਆਂ ਵੱਖ-ਵੱਖ ਪਾਰਟੀਆਂ ਜਾਤੀ-ਗਤ ਚੌਖਟੇ ਵਿੱਚੋਂ ਜਾਂ ਤਾਂ ਨਿਕਲਣ ਦੀ ਇੱਛਾ ਨਹੀਂ ਰੱਖਦੀਆਂ ਜਾਂ ਉਨ੍ਹਾਂ ਵਿਚ ਇੰਨੀ ਸਮਰੱਥਾ ਹੀ ਨਹੀਂ। ਉਨ੍ਹਾਂ ਸਾਹਮਣੇ ਹੋਰ ਕੋਈ ਬਦਲ ਹੀ ਨਹੀਂ ਸੀ। ਆਖਰ ਉਨ੍ਹਾਂ ਨੇ ਵੀ ਭਾਜਪਾ ਦੀ ਨਕਲ ਕਰਦਿਆਂ ਲੋਕ ਸਭਾ ਦੀ ਸਾਬਕਾ ਸਪੀਕਰ ਉੱਤੇ 'ਦਲਿਤ ਦੀ ਧੀ' ਦਾ ਠੱਪਾ ਲਾ ਕੇ ਮੀਰਾ ਕੁਮਾਰ ਨੂੰ ਆਪਣੀ ਉਮੀਦਵਾਰ ਐਲਾਨ ਦਿੱਤਾ। ਇਸ ਤਰ੍ਹਾਂ ਇਹ ਚੋਣ 'ਮੇਰਾ ਦਲਿਤ ਬਨਾਮ ਤੇਰਾ ਦਲਿਤ' ਦੀ ਖੇਡ ਬਣ ਕੇ ਰਹਿ ਗਈ। ਸਪੱਸ਼ਟ ਹੈ ਕਿ ਇਸ ਖੇਡ ਵਿੱਚ ਕੋਈ ਵੀ ਪਾਰਟੀ ਆਪਣੇ ਦਲਿਤ ਵੋਟ ਬੈਂਕ ਨੂੰ ਗੁਆਉਣਾ ਨਹੀਂ ਚਾਹੁੰਦੀ, ਕਿਉਂਕਿ ਜਾਤੀ-ਗਤ ਵੈਰ ਦੀ ਐਨਕ ਵਿੱਚੋਂ ਦੇਖਿਆ ਜਾਵੇ ਤਾਂ ਸੱਤਾ ਵਿੱਚ ਟਿਕੇ ਰਹਿਣ ਲਈ ਇਹ ਜੁਗਾੜ ਬਹੁਤ ਲਾਹੇਵੰਦ ਹੈ, ਪਰ ਇਸ ਦੇ ਸਿੱਟੇ ਵਜੋਂ ਸਭ ਤੋਂ ਉਚੇ ਸੰਵਿਧਾਨਕ ਅਹੁਦੇ ਦੀ ਲਈ ਲੜਾਈ ਇੱਕ ਤਮਾਸ਼ਾ ਬਣ ਕੇ ਰਹਿ ਗਈ ਹੈ।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਮਨਾਥ ਕੋਵਿੰਦ



ਨੂੰ ਉਮੀਦਵਾਰ ਬਣਾ ਕੇ ਭਾਜਪਾ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਲਾਏ ਹਨ। ਪਹਿਲਾ: ਇਸ ਨੇ ਵਿਰੋਧੀ ਧਿਰ ਨੂੰ ਬੈਕਫੁੱਟ ਉਤੇ ਧੱਕ ਦਿੱਤਾ ਅਤੇ 'ਬਹੁਜਨ ਸਮਾਜ' ਦੀ ਰੱਖਿਅਕ ਬਣ ਕੇ ਉਭਰੀ ਹੈ, ਕਿਉਂਕਿ ਪੱਛੜੀ ਜਾਤ ਨਾਲ ਸੰਬੰਧਤ ਪ੍ਰਧਾਨ ਮੰਤਰੀ ਦੇ ਨਾਲ ਨਾਲ ਹੁਣ ਭਵਿੱਖੀ ਰਾਸ਼ਟਰਪਤੀ ਵੀ ਅਨੁਸੂਚਿਤ ਜਾਤੀ ਦਾ ਵਿਅਕਤੀ ਹੋਵੇਗਾ ਤੇ ਕੋਵਿੰਦ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਣ ਵਾਲੇ ਦੂਜੇ ਦਲਿਤ ਵਿਅਕਤੀ ਹੋਣਗੇ।

ਇਸ ਤੋਂ ਪਹਿਲਾਂ ਅਨੁਸੂਚਿਤ ਜਾਤੀ ਨਾਲ ਸੰਬੰਧਤ ਕੇ ਆਰ ਨਾਰਾਇਣਨ ਦੇਸ਼ ਦੇ ਰਾਸ਼ਟਰਪਤੀ ਰਹਿ ਚੁੱਕੇ ਹਨ। ਭਾਜਪਾ ਦੇ ਇਸ ਦਾਅ ਨੂੰ 'ਮਾਸਟਰ ਸਟਰੋਕ' ਮੰਨਿਆ ਜਾ ਰਿਹਾ ਹੈ, ਕਿਉਂਕਿ ਅਜਿਹਾ ਕਰ ਕੇ ਉਹ ਨਾ ਸਿਰਫ ਦੇਸ਼ ਦੀ ਆਬਾਦੀ ਵਿੱਚ 20 ਫੀਸਦੀ ਹਿੱਸੇਦਾਰੀ ਰੱਖਣ ਵਾਲੇ ਦਲਿਤ ਭਾਈਚਾਰੇ ਦਾ ਦਿਲ ਜਿੱਤ ਰਹੀ ਹੈ ਤੇ ਉਨ੍ਹਾਂ ਦੀਆਂ ਵੋਟਾਂ ਬਟੋਰੇਗੀ, ਸਗੋਂ ਇਹ ਇਸ ਗੱਲ ਦਾ ਸੰਕੇਤ ਹੈ ਕਿ ਸੰਘ ਪਰਵਾਰ ਭਾਰਤ ਦੇ ਨਕਸ਼ੇ ਉੱਤੇ ਆਪਣਾ ਵਿਸਥਾਰ ਕਰਨ ਦਾ ਇਰਾਦਾ ਰੱਖਦਾ ਹੈ। ਇਹ ਦਾਅ ਇਸ ਸੰਦਰਭ ਵਿੱਚ ਬਹੁਤ ਅਹਿਮ ਹੈ ਕਿ ਸਹਾਰਨਪੁਰ ਦੇ ਦੰਗਿਆਂ ਨਾਲ ਮੈਨਪੁਰੀ, ਉਨਾਵ ਤੇ ਸੰਭਲ ਦੇ ਜ਼ਖਮ ਤਾਜ਼ਾ ਹੋ ਗਏ ਸਨ ਅਤੇ ਦਲਿਤ ਭਾਈਚਾਰੇ ਨੇ ਫਿਰ ਤੋਂ ਮਾਇਆਵਤੀ ਦੀ ਬਸਪਾ ਵੱਲ ਖਿਸਕਣਾ ਸ਼ੁਰੂ ਕਰ ਦਿੱਤਾ ਸੀ।

ਦੂਜਾ ਉਦੇਸ਼ ਇਸ ਨੇ ਇਹ ਸਿੱਧ ਕੀਤਾ ਹੈ ਕਿ 2019 ਦੀਆਂ ਚੋਣਾਂ ਲਈ ਮਹਾ ਗਠਜੋੜ ਬਣਨ ਤੋਂ ਪਹਿਲਾਂ ਹੀ ਵਿਰੋਧੀ ਧਿਰ ਦੀ ਏਕਤਾ ਖਿੰਡਰ ਗਈ ਹੈ। ਇਹੋ ਵਜ੍ਹਾ ਹੈ ਕਿ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਯਾਦਵ ਨੇ ਰਾਮਨਾਥ ਕੋਵਿੰਦ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਦਿੱਤੇ ਸਮਰਥਨ ਨੂੰ ਇੱਕ ਇਤਿਹਾਸਕ ਗਲਤੀ ਕਰਾਰ ਦਿੱਤਾ ਹੈ। ਇਸ ਦੇ ਨਾਲ ਜਨਤਾ ਦਲ ਯੂ ਨੇ ਕਾਂਗਰਸ ਅਤੇ ਬਸਪਾ ਅਤੇ ਦਲਿਤ ਸ਼ਕਤੀਕਰਨ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ, ਜੋ ਸਹਾਰਨਪੁਰ ਦੇ ਦੰਗਿਆਂ ਤੋਂ ਬਾਅਦ ਕਾਫੀ ਉਭਰਦੀਆਂ ਲੱਗ ਰਹੀਆਂ ਹਨ।

ਮੀਰਾ ਕੁਮਾਰ ਨੂੰ ਉਮੀਦਵਾਰ ਬਣਾਏ ਜਾਣ ਉੱਤੇ ਇੱਕ ਸੀਨੀਅਰ ਕਾਂਗਰਸੀ ਨੇਤਾ ਨੇ ਟਿੱਪਣੀ ਕੀਤੀ ਹੈ ਕਿ 'ਅਜਿਹਾ ਕਰ ਕੇ ਅਸੀਂ ਸਿੱਧੇ ਤੌਰ ਉੱਤੇ ਭਾਜਪਾ ਵੱਲੋਂ ਵਿਛਾਏ ਜਾਲ ਵਿੱਚ ਫਸ ਗਏ ਹਾਂ। ਰਾਸ਼ਟਰਪਤੀ ਚੋਣਾਂ ਨੇ ਵਿਰੋਧੀ ਧਿਰ ਦੀ ਏਕਤਾ ਲਈ ਬਹੁਤ ਵਧੀਆ ਮੰਚ ਹਾਸਲ ਕਰਵਾਇਆ ਸੀ, ਪਰ ਸਮੇਂ ਸਿਰ ਫੈਸਲਾ ਨਾ ਲੈ ਸਕਣ ਕਾਰਨ ਅਸੀਂ ਇਹ ਮੌਕਾ ਗੁਆ ਲਿਆ।'

ਸਿੱਟੇ ਵਜੋਂ ਨਵੇਂ ਭਾਰਤ ਲਈ 'ਵਿਚਾਰਕ ਯੁੱਧ' (ਜਿਸ ਵਿੱਚ ਇੱਕ ਪਾਸੇ ਧਿਰ ਹੈ ਅਤੇ ਦੂਜੇ ਪਾਸੇ ਭਾਜਪਾ ਹੈ) ਨਾ ਸਿਰਫ ਅਮਲੀ ਰੂਪ ਵਿੱਚ ਹੱਥੋਂ ਨਿਕਲ ਗਿਆ ਹੈ, ਸਗੋਂ ਪ੍ਰਤੀਕਾਤਮਕ ਰੂਪ ਵਿੱਚ ਵਿਰੋਧੀ ਧਿਰ ਖਾਲੀ ਹੱਥ ਰਹਿ ਗਈ ਹੈ। ਲਗਭਗ 17 ਪਾਰਟੀਆਂ ਦਾ ਸਮੂਹ ਢਿੱਲੇ-ਮੱਠੇ ਢੰਗ ਨਾਲ ਹੀ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦੇ-ਕਰਦੇ ਬੇਪਰਦ ਹੋ ਗਿਆ ਹੈ ਤੇ ਹਮੇਸ਼ਾ ਸਰਗਰਮ ਰਹਿਣ ਵਾਲੇ ਸੰਘ ਪਰਵਾਰ ਨੇ ਇਸ ਨੂੰ ਬੁਰੀ ਤਰ੍ਹਾਂ ਪਟਕਣੀ ਦੇ ਦਿੱਤੀ ਹੈ। ਅਫਸੋਸ ਦੀ ਗੱਲ ਹੈ ਕਿ ਸਾਰੀਆਂ ਪਾਰਟੀਆਂ ਇੱਕ-ਦੂਜੀ ਤੋਂ ਵੱਧ ਕੇ ਜਾਤ ਦਾ ਪੱਤਾ ਖੇਡਦੀਆਂ ਆਈਆਂ ਹਨ, ਪਰ ਹੁਣ ਇਸ ਨਾਲ ਭਾਰਤ ਦਾ ਸਰੂਪ ਇੰਨਾ ਬਦਲ ਗਿਆ ਹੈ ਕਿ ਇਸ ਨੂੰ ਪਛਾਣਨਾ ਮੁਸ਼ਕਲ ਹੋ ਗਿਆ ਹੈ ਕਿ ਇਹ ਉਹੀ ਦੇਸ਼ ਹੈ, ਜਿਸ ਨੂੰ ਐਮਰਸਨ ਵਰਗੇ ਚਿੰਤਕ ਨੇ ਇਨਸਾਨੀ ਚਿੰਤਨ ਦਾ ਸਿਖਰ ਕਰਾਰ ਦਿੱਤਾ ਸੀ।

24/7 ਡਿਜੀਟਲ ਯੁੱਗ ਵਿੱਚ ਸਾਨੂੰ ਅਜਿਹੇ ਰਾਸ਼ਟਰਪਤੀ ਦੀ ਲੋੜ ਹੈ, ਜਿਹੜਾ ਖਤਰੇ ਸਾਹਮਣੇ ਸ਼ੁਤਰਮੁਰਗ ਵਾਂਗ ਰੇਤਾ ਵਿੱਚ ਮੂੰਹ ਲੁਕਾਉਣ ਦੀ ਬਜਾਏ ਆਪਣੀ ਹੀ ਪਾਰਟੀ ਨੂੰ ਲੋਕ ਭਲਾਈ ਕੰਮਾਂ ਦੇ ਕੰਮ ਵਿੱਚ ਝਾੜ ਪਾ ਸਕੇ ਤੇ ਬਿਨਾਂ ਡਰ, ਲਾਲਚ ਦੇ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਪੂਰੀਆਂ ਕਰੇ। 71 ਸਾਲਾ ਰਾਮਨਾਥ ਕੋਵਿੰਦ ਬੇਸ਼ੱਕ ਇੱਕ ਲੋ-ਪ੍ਰੋਫਾਈਲ ਦਲਿਤ ਨੇਤਾ ਹਨ, ਪਰ 26 ਸਾਲ ਲੰਮੇ ਆਪਣੇ ਸਿਆਸੀ ਕਰੀਅਰ ਵਿੱਚ 2015 ਵਿੱਚ ਬਿਹਾਰ ਦਾ ਗਵਰਨਰ ਬਣਨ ਤੋਂ ਪਹਿਲਾਂ ਉਹ ਭਾਜਪਾ ਵਿੱਚ ਕਈ ਸੰਗਠਨਾਤਮਕ ਅਹੁਦਿਆਂ 'ਤੇ ਰਹਿਣ ਦੇ ਬਾਵਜੂਦ ਅਜੇ ਤੱਕ ਬੇਦਾਗ ਹਨ। ਪਿਛਲੇ ਹਫਤੇ ਆਪਣਾ ਨਾਮਜ਼ਦਗੀ ਪੱਤਰ ਭਰਦਿਆਂ ਉਨ੍ਹਾਂ ਕਿਹਾ ਸੀ, 'ਰਾਸ਼ਟਰਪਤੀ ਪਾਰਟੀਬਾਜ਼ੀ ਵਾਲੀ ਸਿਆਸਤ ਤੋਂ ਉੱਪਰ ਹੁੰਦਾ ਹੈ। ਮੇਰੇ ਲਈ ਦੇਸ਼ ਪਹਿਲੇ ਨੰਬਰ ਉੱਤੇ ਹੈ ਤੇ ਸਿਆਸਤ ਦੂਜੇ ਨੰਬਰ ਉੱਤੇ ਹੈ।'

ਇਹ ਤਾਂ ਭਵਿੱਖ ਦੱਸੇਗਾ ਕਿ ਦੇਸ਼ ਦਾ 15ਵਾਂ ਰਾਸ਼ਟਰਪਤੀ ਬਣਨ ਜਾ ਰਿਹਾ ਵਿਅਕਤੀ ਸਰਕਾਰ ਦੇ ਹੱਥਾਂ ਦਾ ਖਿਡੌਣਾ ਬਣੇਗਾ ਜਾਂ ਫਿਰ ਸਿਆਸੀ ਤੰਤਰ ਵਿੱਚ ਲਗਾਤਾਰ ਵਧ ਰਹੇ ਵਿਰੋਧਾਂ ਵਿਚਾਲੇ ਸੰਤੁਲਨ ਬਣਾਈ ਰੱਖੇਗਾ। ਰਾਸ਼ਟਰਪਤੀ ਕੋਲ ਇੱਕ ਅਜਿਹਾ ਅਧਿਕਾਰ ਹੁੰਦਾ ਹੈ, ਜਿਸ ਦੀ ਵਰਤੋਂ ਕਦੇ-ਕਦਾਈਂ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਸਵਾਲ ਪੁੱਛਣ ਅਤੇ ਕੋਈ ਵੀ ਜਾਣਕਾਰੀ ਲੈਣ ਦਾ ਹੱਕ ਹੁੰਦਾ ਹੈ। ਖੁਦ ਪੰਡਿਤ ਜਵਾਹਰ ਲਾਲ ਨਹਿਰੂ ਵੀ ਦੇਸ਼ ਦੇ ਪਹਿਲੇ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੂੰ ਹਫਤੇ ਵਿੱਚ ਇੱਕ ਵਾਰ ਮਿਲ ਕੇ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਹਾਸਲ ਕਰਵਾਉਂਦੇ ਸਨ, ਇਸ ਤਰ੍ਹਾਂ ਰਾਸ਼ਟਰਪਤੀ ਨੂੰ ਸੰਵਿਧਾਨ ਦੀ ਸਰਵ ਉਚਤਾ ਬਣਾਈ ਰੱਖਣ ਦੀ ਤਾਕਤ ਹਾਸਲ ਹੈ। ਉਹ ਕਿਸੇ ਵੀ ਤਰ੍ਹਾਂ ਦੇ ਦਸਤਾਵੇਜ਼ਾਂ ਅਤੇ ਐਲਾਨਨਾਮਿਆਂ 'ਤੇ ਦਸਤਖਤ ਕਰਨ 'ਚ ਉਦੋਂ ਤੱਕ ਦੇਰ ਕਰ ਸਕਦੇ ਹਨ, ਜਦੋਂ ਤੱਕ ਸੰਬੰਧਤ ਅਧਿਕਾਰੀ ਉਨ੍ਹਾਂ ਦੀ ਪੂਰੀ ਤਰ੍ਹਾਂ ਤਸੱਲੀ ਨਾ ਕਰਵਾ ਦੇਣ।

ਰਾਸ਼ਟਰਪਤੀ ਦੇ ਇਸ ਅਧਿਕਾਰ ਦੀ ਕੋਈ ਹੱਦ ਨਹੀਂ। ਰਾਸ਼ਟਰਪਤੀ ਪੂਰੀ ਤਰ੍ਹਾਂ ਸੰਵਿਧਾਨ ਦੇ ਦਾਇਰੇ ਵਿੱਚ ਰਹਿੰਦੇ ਹੋਏ ਵੀ ਨਿਰਪੱਖ, ਆਜ਼ਾਦ ਅਤੇ ਯਥਾਰਥਵਾਦੀ ਹੋ ਸਕਦਾ ਹੈ। ਹੋਰ ਗੱਲਾਂ ਦੇ ਨਾਲ-ਨਾਲ ਉਹ ਹਮੇਸ਼ਾ ਆਪਣੀ ਸਮਝ ਮੁਤਾਬਕ ਫੈਸਲਾ ਲੈ ਸਕਦਾ ਤੇ ਸਰਕਾਰ ਨੂੰ ਕਿਸੇ ਵੀ ਫੈਸਲੇ 'ਤੇ ਮੁੜ ਵਿਚਾਰ ਕਰਨ ਦਾ ਹੁਕਮ ਦੇ ਸਕਦਾ ਹੈ।

ਬੇਸ਼ੱਕ ਇਹ ਗੱਲਾਂ ਸੰਵਿਧਾਨ ਵਿੱਚ ਦਰਜ ਹਨ, ਪਰ 2017 ਦਾ ਭਾਰਤ 1947 ਵਾਲੇ ਭਾਰਤ ਨਾਲੋਂ ਬਿਲਕੁਲ ਵੱਖਰਾ ਹੈ। ਇੰਨੀ ਲੰਮੀ ਮਿਆਦ ਦੌਰਾਨ ਪਾਰਲੀਮੈਂਟਰੀ ਲੋਕਤੰਤਰ ਪਤਿਤ ਹੋ ਕੇ ਜਾਗੀਰਦਾਰੀ ਸੱਤਾ ਦਲਾਲਾਂ ਦੀ ਅਮੀਰਸ਼ਾਹੀ ਬਣ ਚੁੱਕਾ ਹੈ। ਫਿਰਕੂਵਾਦ, ਜਾਤਵਾਦ ਤੇ ਭ੍ਰਿਸ਼ਟਾਚਾਰ ਦੇ ਨਾਲ ਨਾਲ ਵਿਵਸਥਾ ਦਾ ਠੱਪ ਹੋਣਾ ਵੀ ਅੱਜ ਦੇ ਨਵੇਂ ਦੌਰ ਦਾ ਪ੍ਰਤੀਕ ਬਣ ਚੁੱਕਾ ਹੈ।

ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਇਨ੍ਹਾਂ ਅਰਥਾਂ ਵਿੱਚ ਬਹੁਤ ਅਹਿਮ ਹੋ ਗਈ ਹੈ ਕਿ ਕਿਸੇ ਤਰ੍ਹਾਂ ਦੀਆਂ ਤਾਕਤਾਂ ਲੋਕਤੰਤਰਿਕ ਅਤੇ ਸੰਵਿਧਾਨਕ ਰਾਹ 'ਤੇ ਚੱਲ ਰਹੇ ਭਾਰਤ ਨੂੰ ਅਗਵਾ ਨਾ ਕਰ ਲੈਣ।

ਜਦੋਂ ਲੋਕਹਿੱਤ ਵਿੱਚ ਫੈਸਲੇ ਨਾ ਲਏ ਜਾ ਰਹੇ ਹੋਣ ਤਾਂ ਰਾਸ਼ਟਰਪਤੀ ਨੂੰ ਨੈਤਿਕ ਜ਼ਿੰਮੇਵਾਰੀ ਪੂਰੀ ਕਰਨੀ ਪਵੇਗੀ। ਰਾਮਨਾਥ ਕੋਵਿੰਦ ਨੂੰ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਉਹ ਦੇਸ਼ ਦੇ ਚੁਣੇ ਹੋਏ ਰਾਸ਼ਟਰ ਪ੍ਰਮੁੱਖ ਹੋਣਗੇ, ਜਿਸ ਦੀ ਭੂਮਿਕਾ ਪੀੜ੍ਹੀ-ਦਰ-ਪੀੜ੍ਹੀ ਚੱਲੇ ਆ ਰਹੇ ਰਾਜਿਆਂ-ਮਹਾਰਾਜਿਆਂ ਨਾਲੋਂ ਕਈ ਗੁਣਾਂ ਵੱਡੀ ਹੁੰਦੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# 48 ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ ਭਾਰਤ ਦੇ ਪ੍ਰਧਾਨ ਮੰਤਰੀ

**ਨਵੀਂ ਦਿੱਲੀ –** ਚਾਰ ਦਿਨਾਂ ਵਿੱਚ ਤਿੰਨ ਦੇਸ਼ਾਂ ਦੀ ਯਾਤਰਾ ਤੇ ਉਸ ਵਿੱਚੋਂ ਦੋ ਰਾਤਾਂ ਜਹਾਜ਼ ਵਿੱਚ ਗੁਜ਼ਾਰ ਦੇਣ ਪਿਛੋਂ ਦੇਸ਼ ਮੁੜਦੇ ਹੀ ਸਰਕਾਰੀ ਕੰਮਕਾਜ ਨੂੰ ਲੈ ਕੇ ਤਤਪਰ ਹੋਣਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰ ਵਿਦੇਸ਼ ਯਾਤਰਾ ਵਿੱਚ ਆਮ ਹੋਣ ਲੱਗਾ ਹੈ। ਅਮਰੀਕਾ ਦੀ ਸਫਲ ਯਾਤਰਾ ਵੀ ਅਜਿਹੀ ਹੀ ਸੀ। ਅਗਲੇ ਹਫਤੇ ਉਨ੍ਹਾਂ ਇਜ਼ਰਾਈਲ ਜਾਣਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਣ ਤੱਕ ਕੁੱਲ 48 ਦੇਸ਼ਾਂ ਦਾ ਦੌਰਾ ਕੀਤਾ ਹੈ। ਅਜਿਹਾ ਕਦੇ ਨਹੀਂ ਹੋਇਆ, ਜਦ ਉਹ ਪੰਜ ਦਿਨਾਂ ਤੋਂ ਵੱਧ ਸਮਾਂ ਤੱਕ ਦੇਸ਼ ਤੋਂ ਬਾਹਰ ਰਹੇ ਹਨ। ਇੱਕ ਸਾਲ ਪਹਿਲਾਂ ਉਨ੍ਹਾਂ ਪੰਜ ਦਿਨਾਂ ਵਿੱਚ ਅਫਗਾਨਿਸਤਾਨ ਤੋਂ ਲੈ ਕੇ



ਸਵਿੱਟਜ਼ਰਲੈਂਡ ਅਤੇ ਅਮਰੀਕਾ ਤੱਕ ਯਾਤਰਾ ਕੀਤੀ ਸੀ। ਉਸ ਦੌਰਾਨ ਵੀ ਉਨ੍ਹਾਂ ਨੇ ਤਿੰਨ ਰਾਤਾਂ ਹਵਾਈ ਜਹਾਜ਼ ਵਿੱਚ ਗੁਜ਼ਾਰੀਆਂ ਸਨ। ਮੋਦੀ ਨੇ ਇਹ ਤੈਅ ਕਰ ਲਿਆ ਹੈ ਕਿ ਉਹ ਕਿਸੇ ਦੇਸ਼ ਵਿੱਚ ਰਾਤ ਤਦ ਬਿਤਾਉਣਗੇ ਜਦ ਦੂਸਰੇ ਦਿਨ ਸਵੇਰੇ ਉਥੇ ਕੋਈ ਪ੍ਰੋਗਰਾਮ ਤੈਅ ਹੋਵੇ। ਕੱਲ੍ਹ ਸਵੇਰੇ ਪ੍ਰਧਾਨ ਮੰਤਰੀ ਮੋਦੀ ਪੁਰਤਗਾਲ, ਅਮਰੀਕਾ ਅਤੇ ਨੀਦਰਲੈਂਡ ਦੀ ਯਾਤਰਾ ਸਿਰਫ 96 ਘੰਟੇ ਵਿੱਚ ਪੂਰੀ ਕਰ ਵਾਪਸ ਆ ਗਏ। ਇੱਕ ਤਿਹਾਈ ਹਿੱਸਾ ਲਗਭਗ 33 ਘੰਟੇ ਹਵਾਈ ਜਹਾਜ਼ ਵਿੱਚ ਬਿਤਾਇਆ। ਪ੍ਰਧਾਨ ਮੰਤਰੀ 21 ਜੂਨ ਦੀ ਸਵੇਰੇ ਤਿੰਨ ਦੇਸ਼ਾਂ ਦੀ ਯਾਤਰਾ ਦੇ ਰਵਾਨਾ ਹੋਏ ਸਨ।

# ਦੋ ਸੌ ਰੁਪਏ ਦਾ ਨਵਾਂ ਨੋਟ ਇਸੇ ਮਹੀਨੇ ਆਏਗਾ

**ਕਾਨਪੁਰ–** ਸੌ ਅਤੇ ਪੰਜ ਸੌ ਰੁਪਏ ਵਿੱਚ ਛੋਟੇ ਨੋਟ ਉਡੀਕ ਰਹੀ ਜਨਤਾ ਨੂੰ ਹੁਣ ਦੋ ਸੌ ਰੁਪਏ ਦਾ ਨੋਟ ਜੁਲਾਈ ਦੇ ਅੰਤ ਤੱਕ ਜਾਂ ਸੁਤੰਤਰਤਾ ਦਿਵਸ ਤੱਕ ਮਿਲ ਸਕਦਾ ਹੈ। ਹੋਸ਼ੰਗਾਬਾਦ ਦੇ ਗੌਰਮਿੰਟ ਪ੍ਰੈਸ ਯੂਨਿਟ ਵਿੱਚ ਸੈਂਪਲ ਨੋਟ ਦੀ ਕਵਾਲਿਟੀ ਅਤੇ ਸਕਿਓਰਿਟੀ ਫੀਚਰ ਚੈਕ ਹੋਣ ਪਿੱਛੋਂ ਉਸ ਨੂੰ ਕਰਨਾਟਕ ਦੇ ਮੈਸੂਰ ਤੇ ਪੱਛਮੀ ਬੰਗਾਲ ਵਾਲੇ ਸਾਲਾਬੋਨੀ ਪ੍ਰਿੰਟਿੰਗ ਪ੍ਰੈਸ ਵਿੱਚ ਛਪਾਈ ਲਈ ਭੇਜਿਆ ਜਾਏਗਾ। ਨੋਟਬੰਦੀ ਤੋਂ ਪਹਿਲੇ ਭਾਰਤੀ ਰਿਜ਼ਰਵ ਬੈਂਕ ਛੋਟੇ ਨੋਟਾਂ ਨੂੰ ਵਰਤੋਂ ਵਿੱਚ ਲਿਆਉਣ ਦੇ ਲਈ ਯਤਨ ਕਰ ਰਿਹਾ ਸੀ। ਇਥੋਂ ਤੱਕ ਕਿ ਬੈਂਕਾਂ ਨੂੰ ਆਪਣੇ ਦਸ ਫੀਸਦੀ ਏ ਟੀ ਐਮ 100 ਐਕਸਕਲੂਸਿਵ ਏ ਟੀ ਐਮ



ਵਿੱਚ ਤਬਦੀਲ ਕਰਨ ਦੇ ਹੁਕਮ ਦਿੱਤੇ ਗਏ ਸਨ। ਇਸ ਹੁਕਮ ਦੇ ਕੁਝ ਦਿਨਾਂ ਬਾਅਦ ਹਜ਼ਾਰ ਤੇ ਪੰਜ ਸੌ ਰੁਪਏ ਦੇ ਪੁਰਾਣੇ ਨੋਟ ਬੰਦ ਕਰ ਦਿੱਤੇ ਗਏ ਅਤੇ ਦੋ ਹਜ਼ਾਰ ਰੁਪਏ ਦਾ ਨੋਟ ਫਿਰ ਡੰਪ ਹੋਣ ਲੱਗੇ ਅਤੇ ਆਰ ਬੀ ਆਈ ਦੇ ਕੋਲ ਜਾ ਰਹੇ ਕਰੰਸੀ ਇੰਡੈਂਟ (ਨੋਟਾਂ ਦੀ ਮੰਗ) ਵਿੱਚ ਕਰੀਬ ਦਸ ਫੀਸਦੀ ਦਾ ਵਾਧਾ ਹੈ। ਸੂਤਰਾਂ ਦੇ ਅਨੁਸਾਰ ਆਰ ਬੀ ਆਈ ਅਜੇ ਬੈਂਕਾਂ ਨੂੰ ਪੰਜ ਸੌ ਦੇ ਨੋਟ ਵੱਧ ਅਤੇ ਦੋ ਹਜ਼ਾਰ ਦੇ ਨੋਟ ਘੱਟ ਦੇ ਰਿਹਾ ਹੈ। ਦੋ ਸੌ ਰੁਪਏ ਦਾ ਨੋਟ ਆਉਣ ਨਾਲ ਲੋਕਾਂ ਨੂੰ ਲੈਣ-ਦੇਣ ਵਿੱਚ ਆਸਾਨੀ ਹੋਵੇਗੀ। ਦੋ ਸੌ ਰੁਪਏ ਦੇ ਇਹ ਨੋਟ ਮਿਸ਼ਰਿਤ ਰੰਗ ਦੇ ਹੋਣਗੇ। ਪਹਿਲੀ ਨਜ਼ਰ ਵਿੱਚ ਇਹ ਨੋਟ ਦੇਖਣ ਵਿੱਚ ਸੌ ਰੁਪਏ ਦੇ ਉਨ੍ਹਾਂ ਪੁਰਾਣੇ ਨੋਟਾਂ ਵਾਂਗ ਹੋਣਗੇ, ਜਿਸ ਵਿੱਚ ਨੀਲੇ ਰੰਗ ਦਾ ਸ਼ੇਡ ਜ਼ਿਆਦਾ ਦਿਸਦਾ ਸੀ। ਅਜੇ ਨੋਟ ਦਾ ਚਿੱਤਰ ਪ੍ਰਵਾਨਤ ਤੌਰ 'ਤੇ ਜਾਰੀ ਨਹੀਂ ਕੀਤਾ ਗਿਆ ਹੈ, ਪ੍ਰੰਤੂ ਸੋਸ਼ਲ ਮੀਡੀਆ 'ਤੇ ਇੱਕ ਵਿਅਕਤੀ ਦੇ ਹੱਥ ਵਿੱਚ ਲਏ ਨੋਟ ਦਾ ਫੋਟੋ ਖੂਬ ਵਾਇਰਲ ਹੋ ਰਿਹਾ ਹੈ।

# ਭਾਰਤ ਵਿਛਾਏਗਾ ਦੁਨੀਆਂ ਸਭ ਤੋਂ ਉਚਾ ਰੇਲ ਟਰੈਕ

**ਨਵੀਂ ਦਿੱਲੀ –** ਚੀਨ ਦੇ ਵਧਦੇ ਖਤਰੇ ਨੂੰ ਦੇਖਦੇ ਹੋਏ ਮੋਦੀ ਸਰਕਾਰ ਨੇ ਲੇਹ ਲੱਦਾਖ ਤੱਕ ਰੇਲ ਲਾਈਨ ਵਿਛਾਉਣ ਦੀ ਯੋਜਨਾ ਉਤੇ ਅਮਲ ਕਰਨ ਲਈ ਕਦਮ ਵਧਾ ਦਿੱਤੇ ਹਨ। ਇਸ ਲਈ ਬਿਲਾਸਪੁਰ, ਮੰਡੀ, ਮਨਾਲੀ, ਲੇਹ ਰੇਲਵੇ ਰੂਟ ਦੇ ਅੰਤਮ ਲੋਕੇਸ਼ਨ ਸਰਵੇ ਦਾ ਉਦਘਾਟਨ ਰੇਲ ਮੰਤਰੀ ਸੁਰੇਸ਼ ਪ੍ਰਭੂ ਨੇ ਲੇਹ ਵਿੱਚ ਕੀਤਾ। ਫਾਈਨਲ ਲੋਕੇਸ਼ਨ ਸਰਵੇ ਦਾ ਜ਼ਿੰਮਾ ਰੇਲਵੇ ਕੰਪਨੀ ਰਾਈਟਸ ਨੂੰ ਸੌਂਪ ਦਿੱਤਾ ਗਿਆ ਹੈ।



ਸਰਵੇ ਲਈ 157 ਕਰੋੜ ਰੁਪਏ ਦੀ ਧਨਰਾਸ਼ੀ ਰੱਖੀ ਗਈ ਹੈ ਤੇ ਇਸ ਵਿੱਚੋਂ 40 ਕਰੋੜ ਰੁਪਏ ਦੀ ਧਨਰਾਸ਼ੀ ਪਹਿਲਾ ਹੀ ਜਾਰੀ ਕਰ ਦਿੱਤਾ ਗਈ ਹੈ। ਦੂਸਰੇ ਪਾਸੇ ਲੇਹ ਨੂੰ ਸ੍ਰੀਨਗਰ ਨਾਲ ਜੋੜਨ ਦੀ ਯੋਜਨਾ 'ਤੇ ਵੀ ਕੰਮ ਕੀਤਾ ਜਾ ਰਿਹਾ ਹੈ। ਇਸ ਲਈ ਜੋਜਿਲਾ-ਕਾਰਗਿਲ ਹੁੰਦੇ ਹੋਏ ਲੇਹ ਤੱਕ ਰੇਲਵੇ ਲਾਈਨ ਵਿਛਾਉਣ ਦੀ ਯੋਜਨਾ ਹੈ। ਬਿਲਾਸਪੁਰ ਤੋਂ ਮਨਾਲੀ ਅਤੇ ਫਿਰ ਲੇਹ ਤੱਕ ਦੀ ਪੂਰੀ ਦੂਰੀ ਤਕਰੀਬਨ 500 ਕਿਲੋਮੀਟਰ ਹੈ। ਹਿਮਾਲਿਆ ਦੀਆਂ ਉਚੀਆਂ-ਉਚੀਆਂ ਚੋਟੀਆਂ ਨੂੰ ਪਾਰ ਕਰਦੀ ਹੋਈ ਇਹ ਰੇਲਵੇ ਲਾਈਨ ਦੁਨੀਆ ਦੇ ਸਭ ਤੋਂ ਉਚੇ ਇਲਾਕਿਆਂ 'ਚੋਂ ਹੋ ਕੇ ਲੰਘੇਗੀ। ਇਸ ਤਰ੍ਹਾਂ ਇਹ ਦੁਨੀਆ ਦਾ ਸਭ ਤੋਂ ਉਚਾ ਰੇਲਵੇ ਟਰੈਕ ਹੋਵੇਗਾ। ਇਸ ਯੋਜਨਾ 'ਤੇ ਤਕਰੀਬਨ 50,000 ਕਰੋੜ ਰੁਪਏ ਦਾ ਖਰਚ ਆਉਣ ਦਾ ਅਨੁਮਾਨ ਹੈ।

# ਜਪੁਜੀ ਸਾਹਿਬ ਦਾ ਚੀਨੀ ਭਾਸ਼ਾ ਵਿੱਚ ਅਨੁਵਾਦ ਹੋਇਆ

**ਸਿੰਗਾਪੁਰ –** ਸਿੰਗਾਪੁਰ ਰਹਿੰਦੇ ਰਾਜਿੰਦਰ ਸਿੰਘ ਨੇ ਜਪੁਜੀ ਸਾਹਿਬ ਦਾ ਚੀਨੀ ਭਾਸ਼ਾ ਵਿੱਚ ਅਨੁਵਾਦ ਕਰਾਇਆ ਹੈ। ਇਸ ਨੂੰ ਧਾਰਮਿਕ ਪੁਸਤਕ ਦਾ ਰੂਪ ਦਿੱਤਾ ਗਿਆ ਹੈ, ਜਿਸ ਵਿੱਚ ਚੀਨੀ ਭਾਸ਼ਾ ਦੇ ਨਾਲ-ਨਾਲ ਜਪੁਜੀ ਸਾਹਿਬ ਦਾ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਵੀ ਅਨੁਵਾਦ ਹੈ।



ਰਾਜਿੰਦਰ ਸਿੰਘ ਨੇ ਸਿੰਗਾਪੁਰ ਵਿੱਚ ਛਪੀ ਇਸ ਕਿਤਾਬ ਬਾਰੇ ਦੱਸਿਆ ਕਿ ਜਪੁਜੀ ਸਾਹਿਬ ਦਾ ਚੀਨੀ ਵਿੱਚ ਅਨੁਵਾਦ ਕਰਾਉਣ ਲਈ ਇਕ ਦਹਾਕਾ ਪਹਿਲਾਂ ਉਨ੍ਹਾਂ ਨੇ ਸਿੰਗਾਪੁਰ ਦੇ ਸੈਂਟਰਲ ਸਿੱਖ ਗੁਰਦੁਆਰਾ ਬੋਰਡ ਦੇ ਪ੍ਰਧਾਨ ਕਿਰਪਾਲ ਸਿੰਘ ਮੇਹਲੀ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਸਲਾਹ ਦਿੱਤੀ ਕਿ ਕਿਸੇ ਅਜਿਹੇ ਚੀਨੀ ਵਿਦਵਾਨ ਦੀ ਭਾਲ ਕੀਤੀ ਜਾਵੇ, ਜਿਹੜਾ ਸਿੱਖ ਧਰਮ ਬਾਰੇ ਗਿਆਨ ਰੱਖਦਾ ਹੋਵੇ। ਪੰਜ ਸਾਲਾਂ ਬਾਅਦ ਉਨ੍ਹਾਂ ਦੀ ਮੁਲਾਕਾਤ ਚੀਨੀ ਔਰਤ ਵੈਨੇਸਾ ਚੋਈ ਨਾਲ ਹੋਈ, ਪਰ ਉਹ ਸਿੱਖ ਧਰਮ ਬਾਰੇ ਬਹੁਤਾ ਨਹੀਂ ਸੀ ਜਾਣਦੀ। ਵੈਨੇਸਾ ਚੋਈ ਨੇ ਉਨ੍ਹਾਂ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਤੇ ਜਪੁਜੀ ਸਾਹਿਬ ਦਾ ਅਨੁਵਾਦ ਕਰਨ ਤੋਂ ਪਹਿਲਾਂ ਉਸ ਨੇ ਸਿੰਗਾਪੁਰ ਦੇ ਨਾਲ-ਨਾਲ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਜਾ ਕੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ। ਵੈਨੇਸਾ ਚੋਈ ਨੇ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ ਦੇ ਹੋਰ ਗੁਰ-ਧਾਮਾਂ ਦੇ ਵੀ ਦਰਸ਼ਨ ਕੀਤੇ। ਇਸ ਮਗਰੋਂ 2010 ਵਿੱਚ ਉਸ ਨੇ ਜਪੁਜੀ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿੱਚ ਕਰ ਦਿੱਤਾ, ਪਰ ਇਸ ਵਿੱਚ ਕੋਈ ਗਲਤੀ ਨਾ ਰਹਿ ਜਾਵੇ, ਇਸ ਲਈ ਅਨੁਵਾਦ ਨੂੰ ਫਿਰ ਅੰਗਰੇਜ਼ੀ ਵਿੱਚ ਕਰਵਾਇਆ ਗਿਆ ਤੇ ਫਿਰ ਇਸ ਦਾ ਪੰਜਾਬੀ ਦਾ ਅਨੁਵਾਦ ਕੀਤਾ ਗਿਆ। ਇਸ ਕੰਮ ਵਿੱਚ ਸਿੰਗਾਪੁਰ ਰਹਿੰਦੇ ਦਿਲਬਾਗ ਸਿੰਘ ਅਤੇ ਗੁਰਮੀਤ ਸਿੰਘ ਨੇ ਉਨ੍ਹਾਂ ਦੀ ਮਦਦ ਕੀਤੀ।

ਚੀਨੀ ਭਾਸ਼ਾ ਵਿੱਚ ਕੀਤੇ ਜਪੁਜੀ ਸਾਹਿਬ ਦੇ ਅਨੁਵਾਦ ਦੀ ਪ੍ਰਮਾਣਿਕਤਾ ਲਈ ਧਾਰਮਿਕ ਗੁ ਲੀ ਟੱਕ ਲੀਓਂਗ ਅਤੇ ਰਾਏ ਟਨ ਚੌਂਗਸਿੰਗ ਨੇ ਮਦਦ ਕੀਤੀ। ਇਸ ਪੁਸਤਕ ਦਾ ਕਵਰ ਪ੍ਰਸਿੱਧ ਚਿੱਤਰਕਾਰ ਅਰਪਨਾ ਕੌਰ ਨੇ ਬਣਾਇਆ ਹੈ।

# ਮਾਤਾ ਵਲੋਂ ਗੁਡਲੱਕ ਲਈ ਸੁੱਟਿਆ ਸਿੱਕਾ ਜਹਾਜ਼ ਦੇ ਇੰਜਣ 'ਚ ਜਾ ਫਸਿਆ

**ਪੇਈਚਿੰਗ –** ਚੀਨ ਵਿੱਚ 80 ਸਾਲਾ ਔਰਤ ਨੇ ਉਡਾਣ ਤੋਂ ਪਹਿਲਾ ਗੁਡਲਕ ਲਈ ਕੁਝ ਸਿੱਕੇ ਸੁੱਟੇ, ਜੋ ਜਹਾਜ਼ ਦੇ ਇੰਜਣ ਵਿੱਚ ਜਾ ਫਸੇ ਅਤੇ ਉਡਾਣ ਭਰਨ ਵਿੱਚ ਪੰਜ ਘੰਟੇ ਦੀ ਦੇਰੀ ਹੋਈ। ਬਜ਼ੁਰਗ ਔਰਤ ਯਾਤਰੀ ਚਾਈਨਾ ਸਾਊਦਰਨ ਏਅਰਲਾਈਨਜ਼ ਦੇ ਸੀ ਜੈਡ-380 ਜਹਾਜ਼ ਵਿੱਚ ਯਾਤਰਾ ਕਰ ਰਹੀ ਸੀ। ਜਹਾਜ਼ ਗੁਆਂਗਡੋਂਗ ਪ੍ਰਾਂਤ ਦੀ ਰਾਜਧਾਨੀ ਗੁਆਂਗਜ਼ੂ ਲਈ ਸ਼ੰਘਾਈ ਦੇ ਪੁਡੋਂਗ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਵਾਲਾ ਸੀ। ਇਸ ਵਿੱਚ ਸਵਾਰ ਹੋਰ ਯਾਤਰੀਆਂ ਨੇ ਜਦ ਬਜ਼ੁਰਗ ਨੂੰ ਸਿੱਕਾ ਸੁੱਟਦੇ ਦੇਖਿਆ ਤਾਂ ਉਨ੍ਹਾਂ ਨੇ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ। ਔਰਤ ਨੂੰ ਸਿੱਕੇ ਸੁੱਟਣ ਲਈ ਕਿਸੇ ਤਰ੍ਹਾਂ ਦੇ ਦੋਸ਼ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਦਾ ਕਾਰਨ ਉਸ ਦੀ ਬਜ਼ੁਰਗ ਉਮਰ ਹੈ।

# ਅਦਾਲਤ ਦਾ ਸਮਾਂ ਬਰਬਾਦ ਕਰਨ ਉਤੇ 25 ਲੱਖ ਜੁਰਮਾਨਾ

**ਨਵੀਂ ਦਿੱਲੀ –** ਸੁਪਰੀਮ ਕੋਰਟ ਨੇ ਅਦਾਲਤ ਦਾ ਸਮਾਂ ਬਰਬਾਦ ਕਰਨ ਦੇ ਕਿਸੇ ਵੀ ਤਰੀਕੇ ਜਾਂ ਚਾਲ ਨੂੰ ਮੰਦ-ਭਾਗਾ ਕਰਾਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਵਾਲਿਆਂ ਨਾਲ ਸਖਤੀ ਨਾਲ ਨਿਪਟਣਾ ਹੁਣ ਜ਼ਰੂਰੀ ਹੋ ਗਿਆ ਹੈ। ਨਿਆ ਪਾਲਿਕਾ ਦੇ ਖਿਲਾਫ ਮਨਘੜਤ ਅਤੇ ਅਪਮਾਨ ਪੂਰਨ ਦੋਸ਼ ਲਾਉਣ ਵਾਲੇ ਰਾਜਸਥਾਨ ਦੇ ਇੱਕ ਗੈਰ ਸਰਕਾਰੀ ਸੰਗਠਨ ਅਤੇ ਉਸ ਦੇ ਚੇਅਰਮੈਨ ਉਤੇ 25 ਲੱਖ ਰੁਪਏ ਦਾ ਜੁਰਮਾਨਾ ਲਗਾਉਂਦੇ ਹੋਏ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ ਹੈ। ਚੀਫ ਜਸਟਿਸ ਜੇ ਐਸ ਖੇਹਰ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਹੈ ਕਿ ਅਦਾਲਤ ਦਾ ਸਮਾਂ ਖਰਾਬ ਕਰਨਾ ਗੰਭੀਰ ਗੱਲ ਹੈ। ਇਸ ਬੈਂਚ ਨੇ ਗੈਰ ਸਰਕਾਰੀ ਸੰਸਥਾ (ਐਨ ਜੀ ਓ) ਸੁਰਾਜ ਇੰਡੀਆ ਟਰੱਸਟ ਅਤੇ ਉਸ ਦੇ ਚੇਅਰਮੈਨ ਰਾਜੀਵ ਦਹੀਆ ਵੱਲੋਂ ਕੀਤੇ ਗਏ ਕੰਮਾਂ ਨੂੰ ਕਾਨੂੰਨ ਦੇ ਉਲਟ ਦੱਸਿਆ।

# ਬੰਟੀ-ਬਬਲੀ ਤੁਹਾਡੇ ਹੱਕ ਮਾਰ ਗਏ -ਮਜੀਠੀਆ

**ਚੰਡੀਗੜ੍ਹ –** ਪੰਜਾਬ ਵਿਧਾਨ ਸਭਾ ਵਿੱਚ ਗਵਰਨਰ ਦੇ ਭਾਸ਼ਣ ਉਤੇ ਬਹਿਸ ਦੌਰਾਨ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇੱਕ ਦੂਸਰੇ ਉਤੇ ਤਿੱਖੇ ਹਮਲੇ ਕੀਤੇ। ਇਸ ਦੌਰਾਨ ਜਦੋਂ ਕਾਂਗਰਸੀ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ। ਇਸ ਤੋਂ ਪਹਿਲਾਂ ਵਿਧਾਨ ਸਭਾ ਦੇ ਵਿੱਚ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੰਬੋਧਨ ਕਰ ਕੇ ਮਜੀਠੀਆ ਨੇ ਕਿਹਾ ਸੀ ਕਿ 'ਬੰਟੀ ਬਬਲੀ' ਤੁਹਾਡਾ ਹੱਕ ਮਾਰ ਗਏ ਹਨ। ਲੋਕ ਪੁੱਛਦੇ ਹਨ ਕਿ ਸਰਕਾਰ ਤੁਹਾਡੀ ਹੈ ਜਾਂ ਕਿਸੇ ਹੋਰ ਦੀ। ਉਨ੍ਹਾਂ ਦਾ ਇਸ਼ਾਰਾ ਮੰਤਰੀ ਅਹੁਦੇ ਦੇ



ਦਾਅਵੇਦਾਰ ਹੋਰ ਪੁਰਾਣੇ ਕਾਂਗਰਸੀਆਂ ਨੂੰ ਛੱਡ ਕੇ ਮਨਪ੍ਰੀਤ ਅਤੇ ਸਿੱਧੂ ਨੂੰ ਮੰਤਰੀ ਬਣਾਏ ਜਾਣ ਵੱਲ ਸੀ। ਸਦਨ ਵਿੱਚ ਬਹਿਸ ਦੌਰਾਨ ਨਵਜੋਤ ਸਿੱਧੂ ਤੇ ਮਜੀਠੀਆ ਵਿਚਕਾਰ ਹੋਈ ਬਹਿਸਬਾਜ਼ੀ ਵਿੱਚ ਗਾਲੀ ਗਲੋਚ ਵਰਗੀ ਭਾਸ਼ਾ ਦੀ ਵਰਤੋਂ ਵੀ ਕੀਤੀ ਗਈ। ਇਨ੍ਹਾਂ ਇਤਰਾਜ਼ ਯੋਗ ਸ਼ਬਦਾਂ ਨੂੰ ਸਪੀਕਰ ਨੇ ਸਦਨ ਦੀ ਕਾਰਵਾਈ ਤੋਂ ਕੱਢਵਾ ਦਿੱਤਾ। ਮਜੀਠੀਆ ਅਤੇ ਸਿੱਧੂ ਨੇ ਇੱਕ-ਦੂਜੇ ਨੂੰ ਸਿੱਧੇ ਲਲਕਾਰ ਕੇ ਸ਼ਬਦੀ ਹਮਲੇ ਕੀਤੇ। ਇਸੇ ਦੌਰਾਨ ਦੋਵੇਂ ਪਾਸਿਓਂ ਕਾਂਗਰਸੀ ਅਤੇ ਅਕਾਲੀ ਮੈਂਬਰਾਂ ਵਿਚਾਲੇ ਨਾਅਰੇਬਾਜ਼ੀ ਹੋਈ ਅਤੇ ਸਪੀਕਰ ਨੂੰ ਸਥਿਤੀ ਕਾਬੂ 'ਚ ਕਰਨ ਲਈ 15 ਮਿੰਟ ਲਈ ਕਾਰਵਾਈ ਮੁਲਤਵੀ ਕਰਨੀ ਪਈ।

ਮਜੀਠੀਆ ਵੱਲੋਂ ਕਿਸਾਨਾਂ ਦੇ ਮੁੱਦੇ ਬਾਰੇ ਆਪਣੀ ਸੀਟ 'ਤੇ ਖੜ੍ਹੇ ਹੋ ਕੇ ਉਨ੍ਹਾਂ 'ਤੇ ਸ਼ਬਦੀ ਹਮਲੇ ਕਰਨ ਦਾ ਯਤਨ ਕੀਤਾ ਤਾਂ ਮਜੀਠੀਆ ਨੇ ਮਨਪ੍ਰੀਤ ਸਿੰਘ ਬਾਦਲ ਅਤੇ ਨਵਜੋਤ ਸਿੰਘ ਸਿੱਧੂ ਨੂੰ ਉਨ੍ਹਾਂ ਦਾ ਨਾਂਅ ਲਏ ਬਿਨਾਂ ਸਦਨ ਵਿੱਚ 'ਬੰਟੀ ਬਬਲੀ' ਦਾ ਨਾਂਅ ਦਿੱਤਾ। ਬੇਸ਼ੱਕ ਸਦਨ ਸਿੱਧਾ ਨਾਂਅ ਨਹੀਂ ਲਿਆ, ਪਰ ਬਾਅਦ ਵਿੱਚ ਸਦਨ ਤੋਂ ਬਾਹਰ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਸਪੱਸ਼ਟ ਕੀਤਾ ਕਿ 'ਬੰਟੀ' ਮਨਪ੍ਰੀਤ ਸਿੰਘ ਬਾਦਲ ਤੇ 'ਬਬਲੀ' ਨਵਜੋਤ ਸਿੱਧੂ ਨੂੰ

# ਅਮਰਿੰਦਰ ਸਿੰਘ ਦੇ ਖਿਲਾਫ ਕੇਸ ਦਾ ਫੈਸਲਾ 24 ਨੂੰ ਹੋਣ ਦੀ ਸੰਭਾਵਨਾ

**ਮੋਹਾਲੀ –** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਮੁਲਜ਼ਮਾਂ ਦੇ ਖਿਲਾਫ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘਪਲੇ ਬਾਰੇ ਮੋਹਾਲੀ ਅਦਾਲਤ ਵਿੱਚ ਚੱਲਦੇ ਦੇ ਕੇਸ ਦੀ ਸੁਣਵਾਈ ਮੋਹਾਲੀ ਦੀ ਜ਼ਿਲ੍ਹਾ ਅਦਾਲਤ ਵਿੱਚ ਹੋਈ। ਇਸ ਮੌਕੇ ਪਬਲਿਕ ਪ੍ਰੋਸੀਕਿਊਟਰ ਵੱਲੋਂ ਚਾਰ ਮੁੱਦਿਆਂ ਉਤੇ ਕੀਤੀ ਜਾਣ ਵਾਲੀ ਬਹਿਸ ਮੁਕੰਮਲ ਹੋ ਗਈ। ਅਦਾਲਤ ਨੇ ਕੇਸ ਦੀ ਸੁਣਵਾਈ 24 ਜੁਲਾਈ ਨਿਸ਼ਚਿਤ ਕੀਤੀ ਹੈ, ਜਿਸ ਦੌਰਾਨ ਇਸ ਕੇਸ ਵਿੱਚ ਫੈਸਲਾ ਸੁਣਾਏ ਜਾਣ ਦੀ ਸੰਭਾਵਨਾ ਹੈ।



ਸਰਕਾਰੀ ਵਕੀਲ ਵਿਜੇ ਸਿੰਗਲਾ ਨੇ ਅਦਾਲਤ ਵਿੱਚ ਬਹਿਸ ਦੌਰਾਨ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਇਸ ਕੇਸ ਵਿੱਚ ਹਾਈ ਕੋਰਟ ਦੇ ਹੁਕਮਾਂ ਉਤੇ ਹੋਈ ਤਾਜ਼ਾ ਜਾਂਚ ਵਿੱਚ ਵਿਧਾਨ ਸਭਾ ਦੀ ਪ੍ਰੋਸੀਡਿੰਗਜ਼ ਵਿੱਚ ਕੋਈ ਛੇੜਛਾੜ ਸਾਹਮਣੇ ਨਹੀਂ ਆਈ ਅਤੇ ਨਾ ਕੋਈ ਜਾਅਲੀ ਏਜੰਡਾ ਤਿਆਰ ਕੀਤਾ ਨਿਕਲਿਆ ਹੈ। ਉਨ੍ਹਾਂ ਨੇ ਕਿਹਾ ਕਿ 12ਵੀਂ ਵਿਧਾਨ ਸਭਾ ਵਿੱਚ ਸਪੀਕਰ ਨੇ ਕਿਹਾ ਸੀ ਕਿ ਉਨ੍ਹਾਂ ਜੋ ਵੀ ਕੀਤਾ, ਨਿਯਮਾਂ ਦੇ ਮੁਤਾਬਕ ਕੀਤਾ ਹੈ, ਇਸ ਲਈ ਉਸ ਨੂੰ ਚੈਲੰਜ ਨਹੀਂ ਕੀਤਾ ਜਾ ਸਕਦਾ। ਉਸ ਪਿੱਛੋਂ 13ਵੀਂ ਵਿਧਾਨ ਸਭਾ ਨੇ ਵੀ ਕਿਹਾ ਸੀ ਕਿ ਇਸ ਕੇਸ ਵਿੱਚ ਕਾਰਵਾਈ ਦੀ ਜ਼ਰੂਰਤ ਨਹੀਂ। ਸਰਕਾਰੀ ਵਕੀਲ ਨੇ ਕਿਹਾ ਕਿ ਇਸ ਕੇਸ ਵਿੱਚ ਪੈਸੇ ਦਾ ਕੋਈ ਲੈਣ ਦੇਣ ਸਾਬਤ ਨਹੀਂ ਹੋਇਆ। ਇਸ ਨਾਲ ਕੱਲ੍ਹ ਅਦਾਲਤ ਵਿੱਚ ਬਹਿਸ ਮੁਕੰਮਲ ਹੋ ਗਈ ਹੈ।

# ਪਰਾਲੀ ਮਸਲੇ ਦੇ ਹੱਲ ਲਈ ਪੰਜਾਬ ਸਰਕਾਰ ਵਲੋਂ 20 ਕਰੋੜ ਰੁਪਏ ਦਾ ਫੰਡ

**ਚੰਡੀਗੜ੍ਹ –** ਪੰਜਾਬ ਸਰਕਾਰ ਨੇ ਵਿਧਾਨ ਸਭਾ 'ਚ ਪੇਸ਼ ਕੀਤੇ ਬਜਟ ਵਿੱਚ ਪਹਿਲੀ ਵਾਰ ਪਰਾਲੀ ਦੀ ਸਮੱਸਿਆ ਨਾਲ ਸਿੱਝਣ ਲਈ ਗੰਭੀਰਤਾ ਦਿਖਾਈ ਹੈ। ਸਰਕਾਰ ਨੇ ਬਜਟ ਵਿੱਚ ਪਰਾਲੀ ਨੂੰ ਟਿਕਾਣੇ ਲਾਉਣ ਦੀ ਆਧੁਨਿਕ ਤਕਨੀਕ 'ਤੇ ਪੰਜ ਕਰੋੜ ਰੁਪਏ ਖਰਚਣ ਦਾ ਪ੍ਰਬੰਧ ਕੀਤਾ ਅਤੇ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਚੰਗਾ ਕੰਮ ਕਰਨ ਵਾਲੀਆਂ ਪੰਚਾਇਤਾਂ ਨੂੰ ਸਨਮਾਨਤ ਕਰਨ ਲਈ 20 ਕਰੋੜ ਰੁਪਏ ਫੰਡ ਰੱਖਿਆ ਹੈ।

# ਏਅਰ ਇੰਡੀਆ ਦੇ ਨਿੱਜੀਕਰਨ ਨੂੰ ਸਰਕਾਰ ਦੀ ਮਨਜ਼ੂਰੀ

**ਨਵੀਂ ਦਿੱਲੀ –** ਕਰਜ਼ੇ ਵਿੱਚ ਫਸੀ ਕੌਮੀ ਹਵਾਈ ਕੰਪਨੀ ਏਅਰ ਇੰਡੀਆ ਵਿੱਚ ਕੇਂਦਰ ਸਰਕਾਰ ਦੇ ਹਿੱਸੇ ਦਾ ਅਪ-ਨਿਵੇਸ਼ ਕਰਨ ਲਈ ਨਰਿੰਦਰ ਮੋਦੀ ਸਰਕਾਰ ਨੇ 'ਸਿਧਾਂਤਕ ਤੌਰ ਉਤੇ' ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਅੱਜ ਹੀ ਵਿਦੇਸ਼ ਤੋਂ ਵਾਪਸ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨੇ ਕਰੀਬ ਦੋ ਮਹੀਨੇ ਪਹਿਲਾਂ ਏਅਰ ਇੰਡੀਆ ਵਿੱਚ ਸਰਕਾਰ ਦਾ ਹਿੱਸਾ ਵੇਚਣ ਦੀ ਤਜਵੀਜ਼ ਬਣਾਉਣ ਦੀ ਹਰੀ ਝੰਡੀ ਦੇ ਦਿੱਤੀ ਸੀ। ਇਸ ਪਿੱਛੋਂ ਇਹ ਫੈਸਲਾ ਲਿਆ ਗਿਆ ਹੈ। ਕੰਪਨੀ ਨੂੰ ਨਾ ਸਿਰਫ 50 ਹਜ਼ਾਰ ਕਰੋੜ ਰੁਪਏ ਘਾਟਾ ਝੱਲਣਾ ਪੈ ਰਿਹਾ ਹੈ, ਸਗੋਂ ਇਸ ਉਤੇ ਕਰੀਬ 55 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਵੀ ਚੜ੍ਹਿਆ ਹੋਇਆ ਹੈ।ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਦੱਸਿਆ, 'ਕੇਂਦਰ ਸਰਕਾਰ ਨੇ ਏਅਰ ਇੰਡੀਆ ਵਿੱਚ ਅਪਨਿਵੇਸ਼ ਕਰਨ ਲਈ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੀ ਤਜਵੀਜ਼ ਨੂੰ ਮਨਜ਼ੂਰ ਕਰ ਲਿਆ ਹੈ।' ਉਨ੍ਹਾਂ ਮੁਤਾਬਕ ਮੰਤਰੀ ਮੰਡਲ ਨੇ ਅਪਨਿਵੇਸ਼ ਦੇ ਤੌਰ-ਤਰੀਕੇ ਤੈਅ ਕਰਨ ਲਈ ਵਿੱਤ ਮੰਤਰੀ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ ਹੈ, ਤੌਰ-ਤਰੀਕੇ ਤੈਅ ਹੋਣ ਪਿੱਛੋਂ ਇਸ ਤਜਵੀਜ਼ ਨੂੰ ਇਕ ਵਾਰ ਫਿਰ ਅੰਤਮ ਫੈਸਲੇ ਦੇ ਲਈ ਕੇਂਦਰੀ ਮੰਤਰੀ ਮੰਡਲ ਕੋਲ ਭੇਜਿਆ ਜਾਵੇਗਾ।


# ਭਾਰਤ ਦੇ ਵਿੱਚ ਇਕਸਾਰ ਕਰ ਪ੍ਰਣਾਲੀ ਜੀਐਸਟੀ ਲਾਗੂ

## 80 ਫ਼ੀਸਦੀ ਵਸਤਾਂ ਹੋਣਗੀਆਂ 18 ਫ਼ੀਸਦੀ ਕਰ ਵਾਲੇ ਘੇਰੇ 'ਚ

**ਨਵੀਂ ਦਿੱਲੀ –** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 30 ਜੂਨ ਦੀ ਅੱਧੀ ਰਾਤੀਂ ਜੀਐਸਟੀ ਲਾਗੂ ਕਰਨ ਮੌਕੇ ਮੁਲਕਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਾਰੀਆਂ ਸਿਆਸੀ ਪਾਰਟੀਆਂ ਦੇ ਸਾਂਝੇ ਹੰਭਲੇ ਦਾ ਹੀ ਨਤੀਜਾ ਹੈ। ਕੇਂਦਰ ਸਰਕਾਰ ਇਸ ਮਸਲੇ ਬਾਰੇ ਕਈ ਸਾਲਾਂ ਤੋਂ ਵੱਖ ਵੱਖ ਰਾਜ ਸਰਕਾਰਾਂ ਨਾਲ ਵਿਚਾਰ-ਵਟਾਂਦਰਾ ਕਰ ਰਹੀ ਸੀ। ਜੀਐਸਟੀ, ਸੰਘੀ ਤਾਲਮੇਲ ਦੀ ਸਫਲ ਮਿਸਾਲ ਹੋ ਨਿਬੜਿਆ ਹੈ। ਉਨ੍ਹਾਂ ਜੀਐਸਟੀ ਨੂੰ ਭਾਰਤ ਦੀ ਆਰਥਿਕ ਇਕਜੁੱਟਤਾ ਕਰਾਰ ਦਿੱਤਾ ਜਿਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਸਰਦਾਰ ਵੱਲਭਭਾਈ ਪਟੇਲ ਨੇ ਮੁਲਕ ਨੂੰ ਇਕ ਲੜੀ ਵਿੱਚ ਪਰੋਇਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਹੁਣ 31 ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੀ ਜੀਐਸਟੀ ਇਕਜੁੱਟਤਾ ਨਾਲ ਟੋਲ ਪਲਾਜ਼ਿਆਂ ਉਤੇ ਭੀੜਾਂ ਖ਼ਤਮ ਹੋਣਗੀਆਂ। ਇਹ ਅਜਿਹਾ ਸਿਸਟਮ ਹੈ ਜਿਹੜਾ ਐਨ ਪਾਰਦਰਸ਼ੀ ਹੈ ਅਤੇ ਇਸ ਨਾਲ ਕਾਲੇ ਧਨ ਤੇ ਭ੍ਰਿਸ਼ਟਾਚਾਰ ਨੂੰ ਵੀ ਨੱਥ ਪਵੇਗੀ ਅਤੇ ਇਸ ਨਾਲ ਨਵਾਂ ਸ਼ਾਸਨ ਪ੍ਰਬੰਧ ਹੋਂਦ ਵਿੱਚ ਆਵੇਗਾ। ਉਨ੍ਹਾਂ ਜੀਐਸਟੀ ਨੂੰ ਗੁੱਡ ਐਂਡ ਸਿੰਪਲ ਟੈਕਸ (ਚੰਗਾ ਤੇ ਸਰਲ ਟੈਕਸ) ਆਖਿਆ ਅਤੇ ਆਸ ਪ੍ਰਗਟਾਈ ਕਿ ਇਸ ਤੋਂ ਮਿਲਣ ਵਾਲੇ ਲਾਭਾਂ ਨੂੰ ਕਾਰੋਬਾਰੀ ਆਮ ਗਾਹਕ ਤੱਕ ਪੁੱਜਦੇ ਕਰਨਗੇ। ਜੀਐਸਟੀ ਬਾਰੇ ਪ੍ਰਗਟਾਏ ਜਾ ਰਹੇ ਸ਼ੰਕਿਆਂ ਬਾਰੇ ਉਨ੍ਹਾਂ ਕਿਹਾ ਕਿ ਨਵੀਂ ਐਨਕ ਲਈ ਕੁਝ ਸਮਾਂ ਤਾਂ ਹਰ ਇਕ ਨੂੰ 'ਅਡਜਸਟ' ਕਰਨਾ ਹੀ ਪੈਂਦਾ ਹੈ। ਇਸ ਮੌਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜੀਐਸਟੀ ਨੂੰ ਮੁਲਕ ਲਈ ਸਭ ਤੋਂ ਅਹਿਮ ਘਟਨਾ ਕਰਾਰ ਦਿੱਤਾ।

ਇਸ ਤੋਂ ਪਹਿਲਾਂ ਦੇਸ਼ ਭਰ ਵਿੱਚ (ਜੰਮੂ-ਕਸ਼ਮੀਰ ਨੂੰ ਛੱਡ ਕੇ) ਇਕਸਾਰ ਕਰ ਢਾਂਚਾ 'ਵਸਤਾਂ ਤੇ ਸੇਵਾਵਾਂ ਕਰ' (ਜੀਐਸਟੀ) ਅੱਜ ਅਮਲ ਵਿੱਚ ਆ ਗਿਆ, ਜੋ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਹੁਣ ਤੱਕ ਦਾ ਅਸਿੱਧੇ ਕਰਾਂ ਸਬੰਧੀ ਸਭ ਤੋਂ ਵੱਡਾ ਸੁਧਾਰ ਹੈ। ਇਸ 'ਚ ਸਰਕਾਰ ਨੂੰ ਮੁੱਢਲੀਆਂ ਦਿੱਕਤਾਂ ਆਉਣ ਦਾ ਵੀ ਖ਼ਦਸ਼ਾ ਹੈ। ਇਸ ਸਬੰਧੀ (30 ਜੂਨ ਤੇ ਪਹਿਲੀ ਜੁਲਾਈ ਦੀ) ਅੱਧੀ ਰਾਤ ਨੂੰ ਸੰਸਦ ਦੇ ਕੇਂਦਰੀ ਹਾਲ ਵਿੱਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ, ਪਰ ਕਾਂਗਰਸ, ਖੱਬੀਆਂ ਪਾਰਟੀਆਂ ਤੇ ਤ੍ਰਿਣ-ਮੂਲ ਕਾਂਗਰਸ ਨੇ ਇਸ ਕਾਰਨ ਛੋਟੇ ਤੇ ਦਰਮਿਆਨੇ ਉਦ-ਮੀਆਂ ਅਤੇ ਵਪਾਰੀਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੇ ਹਵਾਲੇ ਨਾਲ ਸਮਾਗਮ ਦਾ ਬਾਈਕਾਟ ਕੀਤਾ।

ਜੀਐਸਟੀ ਲਾਗੂ ਹੋਣ ਤੋਂ ਕੁਝ ਘੰਟੇ ਪਹਿਲਾਂ ਤਾਕਤਵਰ ਜੀਐਸਟੀ ਕੌਂਸਲ ਨੇ ਕਿਸਾਨਾਂ ਨੂੰ ਰਾਹਤ ਦਿ-



ਦਿਆਂ ਖਾਦਾਂ ਉਤੇ ਟੈਕਸ ਦਰ 12 ਫ਼ੀਸਦੀ ਤੋਂ ਘਟਾ ਕੇ 5 ਫ਼ੀਸਦੀ ਕਰ ਦਿੱਤੀ ਹੈ। ਕੌਂਸਲ ਦੇ ਮੁਖੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਹ ਫ਼ੈਸਲਾ ਖਾਦਾਂ ਦੀਆਂ ਕੀਮਤਾਂ ਵਧਣ ਦੇ ਖ਼ਦਸ਼ੇ ਕਾਰਨ ਲਿਆ ਗਿਆ ਹੈ। ਟਰੈਕ-ਟਰਾਂ ਦੇ ਕੁਝ ਪੁਰਜ਼ਿਆਂ ਲਈ ਵੀ ਦਰ 28 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕੀਤੀ ਗਈ ਹੈ। ਕੌਂਸਲ ਦੀ 18ਵੀਂ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ੍ਰੀ ਜੇਤਲੀ ਨੇ ਕਿਹਾ, "ਕੁਝ ਮੈਂਬਰਾਂ ਦਾ ਖ਼ਿਆਲ ਸੀ ਕਿ 12 ਫ਼ੀਸਦੀ ਦਰ ਨਾਲ ਖ਼ਪਤਕਾਰਾਂ ਉਤੇ ਅਸਰ ਪੈ ਸਕਦਾ ਹੈ।" ਇਹ ਮੀਟਿੰਗ ਮੁੱਖ ਤੌਰ 'ਤੇ ਮੈਂਬਰਾਂ ਦਾ ਧੰਨਵਾਦ ਕਰਨ ਲਈ ਸੱਦੀ ਗਈ ਸੀ।

ਜੀਐਸਟੀ ਤਹਿਤ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਕਰਾਂ ਦੀਆਂ 5, 12, 18 ਤੇ 28 ਫ਼ੀਸਦੀ ਦੀਆਂ ਚਾਰ ਸਲੈਬਾਂ ਬਣਾਈਆਂ ਗਈਆਂ ਹਨ ਅਤੇ ਹੁਣ ਸਾਰੇ ਦੇਸ਼ ਵਿੱਚ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਇਕਸਾਰ ਟੈਕਸ ਲਾਗੂ ਹੋਵੇਗਾ। ਪਹਿਲਾਂ ਵਸੂਲੇ ਜਾਂਦੇ ਕੇਂਦਰੀ, ਸੂਬਾਈ ਤੇ ਸਥਾਨਕ ਟੈਕਸ ਖ਼ਤਮ ਹੋ ਜਾਣਗੇ। ਜੰਮੂ-ਕਸ਼ਮੀਰ ਵਿੱਚ ਪਹਿਲੀ ਜੁਲਾਈ ਤੋਂ ਇਹ ਢਾਂਚਾ ਲਾਗੂ ਨਹੀਂ ਹੋਵੇਗਾ, ਕਿਉਂਕਿ ਸੂਬਾਈ ਵਿਧਾਨ ਸਭਾ ਵੱਲੋਂ ਇਸ ਸਬੰਧੀ ਕਾਨੂੰਨ ਪਾਸ ਨਹੀਂ ਕੀਤਾ ਗਿਆ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਉਹ ਇਸ ਸਬੰਧੀ ਸਰਬਸੰਮਤੀ ਬਣ-ਾਉਣ ਲਈ 'ਵਿਚਾਰ-ਵਟਾਂਦਰਾ' ਕਰ ਰਹੀ ਹੈ।

ਇਸ ਦੌਰਾਨ ਸਰਕਾਰ ਨੇ ਅੱਜ ਕਿਹਾ ਕਿ ਜੀਐਸਟੀ ਨਾਲ ਲੂਣ ਤੇ ਸਾਬਣ ਵਰਗੀਆਂ ਨਿੱਤ ਵਰਤੋਂ ਵਾਲੀਆਂ ਅਤੇ ਲਾਜ਼ਮੀ ਵਸਤਾਂ ਦੀਆਂ ਕੀਮਤਾਂ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਕਿਉਂਕਿ ਇਨ੍ਹਾਂ ਨੂੰ ਜਾਂ ਤਾਂ ਟੈਕਸ ਤੋਂ ਛੋਟ ਹੈ ਜਾਂ ਕਈ ਵਸਤਾਂ ਉਤੇ ਟੈਕਸ ਮੌਜੂਦਾ ਪੱਧਰ ਵਾਲਾ ਹੀ ਹੈ।

ਸਿਹਤ ਤੇ ਸਿੱਖਿਆ ਸੇਵਾਵਾਂ ਸਣੇ ਸਬਜ਼ੀਆਂ, ਦੁੱਧ, ਅੰਡੇ ਅਤੇ ਆਟੇ ਵਰਗੀਆਂ ਗ਼ੈਰ ਬਰਾਂਡਿਡ ਖੁਰਾਕੀ ਵਸਤਾਂ ਨੂੰ ਜੀਐਸਟੀ ਤੋਂ ਛੋਟ ਹੋਵੇਗੀ। ਚਾਹਪੱਤੀ, ਖੁਰਾਕੀ ਤੇਲ, ਖੰਡ, ਕੱਪੜੇ ਅਤੇ 'ਬੇਬੀ ਫਾਰਮੂਲਾ' ਉਤੇ ਸਿਰਫ਼ ਪੰਜ ਫ਼ੀਸਦੀ ਟੈਕਸ ਲੱਗੇਗਾ। ਇਹ ਲਾਜ਼ਮੀ ਤੇ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਕੁੱਲ ਵਰਤੀਆਂ ਜਾਂਦੀਆਂ ਵਸਤਾਂ ਦਾ ਤਕਰੀਬਨ 80 ਫ਼ੀਸਦੀ ਹਨ।

ਮੋਟਰਸਾਈਕਲ, ਇਤਰ ਅਤੇ ਸ਼ੈਂਪੂ ਵਰਗੀਆਂ ਲਗਜ਼ਰੀ ਵਸਤਾਂ, ਜਿਹੜੀਆਂ ਸਾਰੀਆਂ ਟੈਕਸਯੋਗ ਵਸਤਾਂ ਦਾ ਤਕਰੀਬਨ 19 ਫ਼ੀਸਦੀ ਬਣਦੀਆਂ ਹਨ, ਉਤੇ 18 ਫ਼ੀਸਦੀ ਜਾਂ ਵੱਧ ਟੈਕਸ ਲੱਗੇਗਾ। ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਟੈਕਸ ਸੁਧਾਰ ਪ੍ਰਣਾਲੀ ਜੀਐਸਟੀ ਨਾਲ ਐਕਸਾਈਜ਼, ਸੇਵਾ ਕਰ ਅਤੇ ਵੈਟ ਵਰਗੇ ਕੇਂਦਰੀ ਤੇ ਰਾਜਾਂ ਦੇ 16 ਟੈਕਸ ਇਕੱਠੇ ਹੋਣਗੇ, ਜਿਸ ਨਾਲ ਦੇਸ਼ ਭਰ ਵਿੱਚ ਇਕੋ ਦਰ ਨਾਲ ਟੈਕਸ ਲੱਗੇਗਾ। ਮਾਲੀਆ ਸਕੱਤਰ ਹਸਮੁੱਖ ਅਢੀਆ ਨੇ ਕਿਹਾ ਕਿ ਇਸ ਨਾਲ ਸਿਸਟਮ ਪਾਰ-ਦਰਸ਼ੀ ਹੋਵੇਗਾ ਅਤੇ ਟੈਕਸ ਚੋਰੀ ਰੁਕੇਗੀ ਤੇ ਈਮਾਨਦਾਰ ਕਰਦਾਤਿਆਂ ਨੂੰ ਲਾਭ ਮਿਲੇਗਾ।

# ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਵੀ ਈਦ ਦੀ ਪ੍ਰੰਪਰਾ ਤੋੜੀ

**ਲਖਨਊ –** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੱਲੋਂ ਈਦਗਾਹ ਵਿੱਚ ਨਾ ਜਾਣ ਉੱਤੇ ਅੱਜ ਕਈ ਸਾਲਾਂ ਦੀ ਪੁਰਾਣੀ ਪਰੰਪਰਾ ਟੁੱਟ ਗਈ। ਈਦ ਮੌਕੇ ਮੁੱਖ ਮੰਤਰੀਆਂ ਦੇ ਈਦਗਾਹ ਜਾਣ ਦੀ ਪਰੰਪਰਾ ਰਹੀ ਹੈ, ਪਰ ਯੋਗੀ ਆਦਿਤਿਆਨਾਥ ਦੇ ਇਸ ਵਾਰ ਨਾ ਜਾਣ ਨਾਲ ਇਹ ਟੁੱਟ ਗਈ ਹੈ। ਗਵਰਨਰ ਰਾਮ ਨਾਇਕ, ਉਪ ਮੁੱਖ ਮੰਤਰੀ ਡਾ. ਦਿਨੇਸ਼ ਸ਼ਰਮਾ ਤੇ ਸਮਾਜਵਾਦੀ ਪਾਰਟੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਈਦਗਾਹ ਜਾ ਕੇ ਲੋਕਾਂ ਨੂੰ ਵਧਾਈਆਂ ਦਿੱਤੀਆਂ ਅਤੇ ਲੋਕਾਂ ਨਾਲ ਮੁਲਾਕਾਤ ਕੀਤੀ ਹੈ।




ਪਿਛਲੀ ਰਿਵਾਇਤ ਦੇ ਮੁਤਾਬਕ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਖੇ ਰਮਜਾਨ ਮੌਕੇ ਰੋਜ਼ਾ ਇਫਤਾਰ ਪਾਰਟੀ ਦਿੱਤੇ ਜਾਣ ਨੂੰ ਯੋਗੀ ਆਦਿਤਿਆਨਾਥ ਨੇ ਨਹੀਂ ਨਿਭਾਇਆ। ਪ੍ਰੰਪਰਾ ਅਨੁਸਾਰ ਰਮਜਾਨ ਵਿੱਚ ਇਕ ਦਿਨ ਮੁੱਖ ਮੰਤਰੀ ਵਲੋਂ ਰੋਜ਼ਾ ਰਫਤਾਰ ਦੀ ਪਾਰਟੀ ਦਿੱਤੀ ਜਾਂਦੀ ਸੀ, ਪਰ ਇਸ ਵਾਰ ਪਾਰਟੀ ਨਹੀਂ ਹੋਈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਆਪਣੇ ਰਾਜ ਦੇ ਗਵਰਨਰ ਦੀ ਸਰਕਾਰੀ ਰਿਹਾਇਸ਼ ਰਾਜ ਭਵਨ ਵਿੱਚ ਬੀਤੇ ਦਿਨੀਂ ਹੋਈ ਇਫਤਾਰ ਪਾਰਟੀ ਵਿੱਚ ਵੀ ਨਹੀਂ ਸ਼ਾਮਲ ਹੋਏ ਸਨ, ਪਰ ਉਨ੍ਹਾਂ ਦੇ ਪ੍ਰਤੀਨਿਧ ਵਜੋਂ ਉਪ ਮੁੱਖ ਮੰਤਰੀ ਡਾ. ਦਿਨੇਸ਼ ਸ਼ਰਮਾ ਅਤੇ ਕਈ ਮੰਤਰੀ ਰਾਜ ਭਵਨ ਦੀ ਇਫਤਾਰ ਪਾਰਟੀ ਵਿੱਚ ਸ਼ਾਮਲ ਹੋਏ ਸਨ।

# ਰਾਜਧਾਨੀ ਦਿੱਲੀ ਦੇ ਨੇੜੇ ਦੂਜੇ ਕੌਮਾਂਤਰੀ ਹਵਾਈ ਅੱਡੇ ਨੂੰ ਮਨਜ਼ੂਰੀ

**ਨਵੀਂ ਦਿੱਲੀ –** ਭਾਰਤ ਸਰਕਾਰ ਨੇ ਗਰੇਟਰ ਨੋਇਡਾ ਦੇ ਜੇਵਰ ਇਲਾਕੇ ਵਿੱਚ ਇੱਕ ਹੋਰ ਕੌਮਾਂਤਰੀ ਹਵਾਈ ਅੱਡਾ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਆਉਂਦੇ ਚਾਰ-ਪੰਜ ਸਾਲਾਂ ਤੱਕ ਤਿਆਰ ਹੋ ਜਾਵੇਗਾ। ਇਹ ਖੁਲਾਸਾ ਸ਼ਹਿਰੀ ਹਵਾਬਾਜ਼ੀ ਮੰਤਰੀ ਗਜਪਤੀ ਰਾਜੂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਬਣਨ ਵਾਲੇ ਜੇਵਰ ਹਵਾਈ ਅੱਡੇ ਨੂੰ ਸਿਧਾਂਤਕ ਮਨਜ਼ੂਰੀ ਮਿਲ ਗਈ ਹੈ।

ਗਜਪਤੀ ਰਾਜੂ ਨੇ ਦੱਸਿਆ ਕਿ ਯਮੁਨਾ ਐਕਸਪ੍ਰੈਸ ਉਦਯੋਗਿਕ ਵਿਕਾਸ ਅਥਾਰਟੀ ਨੇ ਇਸ ਹਵਾਈ ਅੱਡੇ ਲਈ ਤਿੰਨ ਹਜ਼ਾਰ ਹੈਕਟੇਅਰ ਜ਼ਮੀਨ ਨੋਟੀਫਾਈ ਕੀਤੀ ਹੈ। ਹਵਾਈ ਅੱਡੇ ਦੀ ਉਸਾਰੀ ਦੇ ਪਹਿਲੇ ਪੜਾਅ ਵਿੱਚ ਕੁੱਲ ਜ਼ਮੀਨ ਵਿੱਚੋਂ ਕਰੀਬ ਇੱਕ ਹਜ਼ਾਰ ਹੈਕਟੇਅਰ ਐਕੁਆਇਰ ਕੀਤੀ ਜਾਵੇਗੀ, ਜਿਸ 'ਤੇ ਕਰੀਬ ਦੋ ਹਜ਼ਾਰ ਕਰੋੜ ਰੁਪਏ ਖਰਚ ਹੋਣਗੇ। ਇਹ ਹਵਾਈ



ਅੱਡਾ ਬਣਾਉਣ ਉੱਤੇ ਕੁੱਲ 15 ਤੋਂ 20 ਹਜ਼ਾਰ ਰੁਪਏ ਖਰਚ ਹੋ ਸਕਦੇ ਹਨ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਸਕੱਤਰ ਆਰ ਐਨ ਚੌਬੇ ਨੇ ਕਿਹਾ ਕਿ ਨੋਇਡਾ ਦੀ ਮੈਟਰੋ ਸੇਵਾ ਵੀ ਜੇਵਰ ਤੱਕ ਵਧਾਈ ਜਾ ਸਕਦੀ ਹੈ ਤਾਂ ਜੋ ਇਸ ਹਵਾਈ ਅੱਡੇ ਨਾਲ ਸੰਪਰਕ ਜੁੜ ਸਕੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਕੇਂਦਰ ਸਰਕਾਰ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਪਾਸੇ ਸੜਕਾਂ ਦੀ ਹਾਲਤ ਸੁਧਾਰਨ ਅਤੇ ਬਹੁ-ਪੱਧਰੀ ਸੰਪਰਕ ਸਹੂਲਤਾਂ ਦੇਣ ਨੂੰ ਕਿਹਾ ਹੈ।

ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਜਯੰਤ ਸਿਨਹਾ ਨੇ ਕਿਹਾ ਕਿ ਅਗਲੇ ਸੱਤ ਸਾਲਾਂ ਵਿੱਚ ਦਿੱਲੀ ਹਵਾਈ ਅੱਡੇ ਤੋਂ ਉਡਾਣ ਭਰਨ ਵਾਲੇ ਲੋਕਾਂ ਦੀ ਗਿਣਤੀ 10.9 ਕਰੋੜ ਹੋ ਜਾਵੇਗੀ, ਜਿਸ ਨਾਲ ਹਵਾਈ ਅੱਡੇ 'ਤੇ ਬੋਝ ਵਧ ਜਾਵੇਗਾ। ਇਸ ਲਈ ਦਿੱਲੀ ਰਾਜਧਾਨੀ ਖੇਤਰ ਵਿੱਚ ਦੂਜਾ ਕੌਮਾਂਤਰੀ ਹਵਾਈ ਅੱਡਾ ਬਣਾਉਣ ਦੀ ਵੱਡੀ ਲੋੜ ਸੀ।

# ਵਿਦੇਸ਼ ਯਾਤਰਾ ਉਤੇ ਜਾਣ ਵੇਲੇ ਹੁਣ ਰਵਾਨਗੀ ਕਾਰਡ ਭਰਨ ਤੋਂ ਛੋਟ

**ਨਵੀਂ ਦਿੱਲੀ –** ਹਵਾਈ ਜਹਾਜ਼ ਰਾਹੀਂ ਵਿਦੇਸ਼ ਜਾਣ ਵਾਲੇ ਲੋਕਾਂ ਨੂੰ ਪਹਿਲੀ ਜੁਲਾਈ ਤੋਂ ਰਵਾਨਗੀ ਕਾਰਡ ਨਹੀਂ ਭਰਨਾ ਪਵੇਗਾ। ਇਸ ਦੇ ਬਾਅਦ ਵੀ ਰੇਲ, ਜਲ ਮਾਰਗ ਜਾਂ ਸੜਕ ਰਾਹੀਂ ਵਿਦੇਸ਼ ਜਾਣ ਵਾਲੇ ਮੁਸਾਫਰਾਂ ਨੂੰ ਇਸ ਤੋਂ ਛੋਟ ਨਹੀਂ ਮਿਲੇਗੀ।



ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਹਫਤੇ ਇਹ ਫੈਸਲਾ ਲੈਂਦਿਆਂ ਪਹਿਲੀ ਜੁਲਾਈ ਤੋਂ ਲਾਗੂ ਕਰਨ ਦਾ ਐਲਾਨ ਕੀਤਾ ਸੀ। ਮੰਤਰਾਲੇ ਦੇ ਹੁਕਮਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਰੇਲ, ਜਲ ਮਾਰਗ ਜਾਂ ਸੜਕਾਂ ਰਾਹੀਂ ਵਿਦੇਸ਼ ਜਾਣ ਵਾਲੇ ਭਾਰਤੀ ਨਾਗਰਿਕਾਂ ਨੂੰ ਪਹਿਲਾਂ ਵਾਂਗ ਸਰਹੱਦ ਉੱਤੇ ਇਮੀਗ੍ਰੇਸ਼ਨ ਜਾਂਚ ਚੌਕੀਆਂ ਉੱਤੇ ਇਕ ਕਾਰਡ ਭਰ ਕੇ ਦੇਣਾ ਹੋਵੇਗਾ। ਗ੍ਰਹਿ ਮੰਤਰਾਲੇ ਮੁਤਾਬਕ ਇਸ ਫੈਸਲੇ ਦਾ ਮਕਸਦ ਵਿਦੇਸ਼ ਜਾ ਰਹੇ ਮੁਸਾਫਰਾਂ ਦੇ ਸਫਰ ਨੂੰ ਸੁਖਾਲਾ ਬਣਾਉਣਾ ਹੈ। ਰਵਾਨਗੀ ਕਾਰਡ ਵਿੱਚ ਸਬੰਧਤ ਵਿਅਕਤੀ ਨੂੰ ਆਪਣਾ ਨਾਮ, ਭਾਰਤ ਵਿੱਚ ਪਤਾ, ਪਾਸਪੋਰਟ ਨੰਬਰ ਅਤੇ ਉਡਾਣ ਨੰਬਰ ਦੀ ਜਾਣਕਾਰੀ ਦੇਣੀ ਪੈਂਦੀ ਸੀ। ਕਾਰਡ ਬੰਦ ਕਰਨ ਪਿੱਛੇ ਮੰਤਰਾਲੇ ਨੇ ਦਲੀਲ ਦਿੱਤੀ ਕਿ ਇਸ ਵਿੱਚ ਭਰੀ ਜਾਣ ਵਾਲੀ ਜਾਣਕਾਰੀ ਪਹਿਲਾਂ ਹੀ ਹੋਰਨਾਂ ਸਰੋਤਾਂ ਤੋਂ ਸਰਕਾਰ ਕੋਲ ਪੁੱਜ ਜਾਂਦੀ ਹੈ, ਇਸ ਲਈ ਹੁਣ ਇਹ ਪ੍ਰੀਕਰਿਆ ਗੈਰਜ਼ਰੂਰੀ ਹੋ ਗਈ ਹੈ।

# ਭਾਰਤ ਦੇ ਬੈਂਕ ਲਾਕਰ ਵਿੱਚ ਹੋਏ ਨੁਕਸਾਨ ਦਾ ਬੈਂਕ ਜ਼ਿੰਮੇਵਾਰ ਨਹੀ ਹੋਵੇਗਾ

**ਨਵੀਂ ਦਿੱਲੀ –** ਕਿਸੇ ਸਰਕਾਰੀ ਬੈਂਕ ਦੇ ਲਾਕਰ 'ਚ ਰੱਖੀਆਂ ਤੁਹਾਡੀਆਂ ਕੀਮਤੀ ਚੀਜ਼ਾਂ ਚੋਰੀ ਹੋ ਜਾਣ ਜਾਂ ਕੋਈ ਹਾਦਸਾ ਹੋ ਜਾਂਦਾ ਹੈ ਤਾਂ ਇਸ ਦੇ ਬਦਲੇ ਬੈਂਕ ਤੋਂ ਕਿਸੇ ਵੀ ਮੁਆਵਜ਼ੇ ਦੀ ਆਸ ਨਾ ਕਰੋ। ਭਾਰਤੀ ਰਿਜ਼ਰਵ ਬੈਂਕ ਅਤੇ ਸਰਕਾਰੀ ਖੇਤਰ ਦੇ 19 ਬੈਂਕਾਂ ਨੇ ਆਰ ਟੀ ਆਈ ਦੇ ਜਵਾਬ 'ਚ ਇਹ ਜਾਣਕਾਰੀ ਦਿੱਤੀ ਹੈ। ਇਸ ਖੁਲਾਸੇ ਪਿੱਛੋਂ ਆਰ ਟੀ ਆਈ ਅਪੀਲ ਕਰਤਾ ਵਕੀਲ ਕੁਸ਼ ਕਾਲਰਾ ਨੇ ਬੈਂਕਾਂ ਦੇ ਇਸ ਰੁਖ ਦੀ ਸ਼ਿਕਾਇਤ ਪਾਰਦਰਸ਼ਤਾ ਦੇ ਨਿਯਮਾਂ ਤਹਿਤ ਭਾਰਤੀ ਕੰਪਟੀਸ਼ਨ ਕਮਿਸ਼ਨ ਨੂੰ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੈਂਕਾਂ ਦਾ ਇਹ ਕਹਿਣਾ ਉਨ੍ਹਾਂ ਦੀ 'ਧੜੇਬੰਦੀ' ਤੇ ਗੈਰ ਮੁਕਾਬਲੇਬਾਜ਼ੀ ਨੂੰ ਦਰਸਾਉਂਦਾ ਹੈ।

ਆਰ ਟੀ ਆਈ ਕਾਰਕੁਨ ਕਾਲਰਾ ਨੇ ਭਾਰਤੀ ਮੁਕਾਬਲਾ ਕਮਿਸ਼ਨ ਨੂੰ ਦੱਸਿਆ ਕਿ ਆਰ ਬੀ ਆਈ ਨੇ ਅਪੀਲ ਦੇ ਜਵਾਬ ਵਿੱਚ ਦੱਸਿਆ ਗਿਆ ਹੈ ਕਿ ਰਿਜ਼ਰਵ ਬੈਂਕ ਨੇ ਇਸ ਬਾਰੇ ਕੋਈ ਸਪੱਸ਼ਟ ਹੁਕਮ ਜਾਰੀ ਨਹੀਂ ਕੀਤਾ। ਆਰ ਬੀ ਆਈ ਨੇ ਬੈਂਕਾਂ ਨੂੰ ਇਸ ਬਾਰੇ ਕੋਈ ਹੁਕਮ ਜਾਰੀ ਨਹੀਂ ਕੀਤਾ ਕਿ ਲਾਕਰ ਵਿੱਚੋਂ ਚੋਰੀ ਜਾਂ ਕੋਈ ਹਾਦਸਾ ਹੋਣ 'ਤੇ ਗਾਹਕ ਨੂੰ ਕਿੰਨੀ ਭਰਪਾਈ ਕਰਨੀ ਹੈ। ਇਹੀ ਨਹੀਂ



ਆਰ ਟੀ ਆਈ ਹੇਠ ਮੰਗੀ ਜਾਣਕਾਰੀ 'ਚ ਸਾਰੇ ਸਰਕਾਰੀ ਬੈਂਕਾਂ ਨੇ ਨੁਕਸਾਨ ਦੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦੀ ਭਰਪਾਈ ਕਰਨ ਤੋਂ ਪੱਲਾ ਝਾੜ ਲਿਆ ਹੈ। ਕਾਲਰਾ ਨੇ ਦੱਸਿਆ, ਆਰ ਟੀ ਆਈ ਦੇ ਜਵਾਬ ਵਿੱਚ ਸਾਰੇ 19 ਬੈਂਕਾਂ ਨੇ ਤਰਕ ਦਿੱਤਾ ਕਿ ਸਾਡਾ ਰਿਸ਼ਤਾ ਗਾਹਕਾਂ ਦੇ ਮਕਾਨ ਮਾਲਕ ਤੇ ਕਿਰਾਏਦਾਰ ਵਰਗਾ ਹੈ। ਇਨ੍ਹਾਂ ਬੈਂਕਾਂ ਵਿੱਚ ਬੈਂਕ ਆਫ ਇੰਡੀਆ, ਓਰੀਐਂਟਲ ਬੈਂਕ ਆਫ ਕਾਮਰਸ, ਪੰਜਾਬ ਨੈਸ਼ਨਲ ਬੈਂਕ, ਯੂਰੋ ਤੇ ਕੈਨਰਾ ਵਰਗੇ ਬੈਂਕ ਸ਼ਾਮਲ ਹਨ। ਬੈਂਕਾਂ ਦਾ ਕਹਿਣਾ ਹੈ ਕਿ ਮਕਾਨ ਮਾਲਕ ਅਤੇ ਕਿਰਾਏਦਾਰ ਵਰਗੇ ਸਬੰਧ ਵਿੱਚ ਗਾਹਕ ਲਾਕਰ 'ਚ ਰੱਖੇ ਆਪਣੇ ਸਾਮਾਨ ਦਾ ਖੁਦ ਜ਼ਿੰਮੇਵਾਰ ਹੈ, ਬੇਸ਼ੱਕ ਉਹ ਲਾਕਰ ਬੈਂਕਾਂ ਦੀ ਮਾਲਕੀ ਹੈ। ਕੁਝ ਬੈਂਕਾਂ ਨੇ ਆਪਣੇ ਲਾਕਰ ਹਾਇਰਿੰਗ ਐਗਰੀਮੈਂਟ 'ਚ ਵੀ ਸਪੱਸ਼ਟ ਕੀਤਾ ਹੈ ਕਿ ਲਾਕਰ 'ਚ ਰੱਖਿਆ ਗਿਆ ਆਈਟਮ ਕਸਟਮਰ ਦੇ ਆਪਣੇ ਰਿਸਕ ਉੱਤੇ ਹੈ। ਵਧੇਰੇ ਬੈਂਕਾਂ ਦੇ ਲਾਕਰ ਹਾਇਰਿੰਗ ਐਗਰੀਮੈਂਟਸ ਦੇ ਮੁਤਾਬਕ 'ਲਾਕਰ ਵਿੱਚ ਜਮ੍ਹਾਂ ਕਿਸੇ ਵੀ ਚੀਜ਼ ਦਾ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ। ਜੇ ਚੋਰੀ, ਖਾਨਾਜੰਗੀ, ਜੰਗ ਛਿੜਨ ਜਾਂ ਕਿਸੇ ਆਫਤ ਦੀ ਸਥਿਤੀ ਵਿੱਚ ਕੋਈ ਨੁਕਸਾਨ ਹੁੰਦਾ ਹੈ ਤਾਂ ਗਾਹਕ ਨੂੰ ਇਸ ਦੀ ਜ਼ਿੰਮੇਵਾਰੀ ਚੁੱਕਣੀ ਪਵੇਗੀ। ਇਸ ਪ੍ਰਤੀ ਬੈਂਕ ਜਵਾਬਦੇਹ ਨਹੀਂ ਹੋਵੇਗਾ।' ਲਾਕਰ ਹਾਇਰਿੰਗ ਐਗਰੀਮੈਂਟ ਮੁਤਾਬਕ ਬੈਂਕ ਆਪਣੇ ਵੱਲੋਂ ਲਾਕਰ ਦੀ ਸੁਰੱਖਿਆ ਲਈ ਸਾਰੇ ਯਤਨ ਕਰਨਗੇ, ਪਰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਸਥਿਤੀ 'ਚ ਬੈਂਕ ਦੀ ਜਵਾਬਦੇਹੀ ਨਹੀਂ ਹੋਵੇਗੀ।

# ਸਰਬ ਨੌਜਵਾਨ ਸਭਾ ਨੇ ਨਿਵੇਕਲੇ ਪ੍ਰੋਜੈਕਟ "ਆਓ ਪੁੰਨ ਕਮਾਈਏ" ਸਬੰਧੀ ਮੀਟਿੰਗ ਕੀਤੀ

## ਜ਼ਰੂਰਤਮੰਦ ਲੋਕਾਂ ਨੂੰ ਜਲਦੀ ਹੀ ਸਾਮਾਨ ਦੇਣ ਲਈ ਕੈਂਪ ਵੱਖ ਵੱਖ ਜਗ੍ਹਾ 'ਤੇ ਲਗਾਏ ਜਾਣਗੇ

**ਫਗਵਾੜਾ (ਬੀ. ਕੇ. ਰੱਤੂ)–** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ "ਆਓ ਪੁੰਨ ਕਮਾਈਏ " ਤਹਿਤ ਸ਼ਹਿਰ ਵਾਸੀਆਂ ਤੇ ਪਤਵੰਤੇ ਸੱਜਣਾਂ ਕੋਲੋਂ ਕੱਪੜੇ ਤੇ ਬੂਟ, ਸਕੂਲ ਬੈਗ, ਪੁਰਾਣੀਆਂ ਕਿਤਾਬਾਂ, ਲੋੜਵੰਦ ਬੱਚਿਆਂ ਦੇ ਖਿਡੌਣੇ ਆਦਿ ਇੱਕਠਾ ਕਰਨ ਤੋਂ ਬਾਅਦ ਲੋੜਵੰਦ ਲੋਕਾਂ ਨੂੰ ਸਾਮਾਨ ਦੇਣ ਸਬੰਧੀ ਸਭਾ ਦੇ ਮੈਂਬਰਾਂ ਦੀ ਮੀਟਿੰਗ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਕੀਤੀ ਗਈ।

ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਲਈ ਸ਼ਹਿਰ ਵਾਸੀਆਂ ਵਲੋਂ ਬਹੁਤ ਸਹਿਯੋਗ ਮਿਲ ਰਿਹਾ ਸਾਡੇ ਕੋਲ ਕਾਫੀ ਸਾਮਾਨ ਆ ਰਿਹਾ ਹੈ ਉਸ ਨੂੰ ਵਧੀਆ ਢੰਗ ਨਾਲ ਪੈਕਿੰਗ ਕਰਕੇ ਜ਼ਰੂਰਤਮੰਦ ਲੋਕਾਂ ਨੂੰ ਜਲਦੀ ਹੀ ਸਾਮਾਨ ਦੇਣ ਲਈ ਕੈਂਪ ਵੱਖ ਵੱਖ ਜਗ੍ਹਾ 'ਤੇ ਲਗਾਏ ਜਾਣਗੇ ਤੇ ਤਾਰੀਕਾਂ ਦਾ ਐਲਾਨ ਵੀ ਕਰ ਦਿੱਤਾ ਜਾਏਗਾ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਵਾਧੂ ਸਾਮਾਨ ਦੇਣ ਸਬੰਧੀ ਅਤੇ ਜ਼ਰੂਰਤਮੰਦਾਂ ਨੂੰ ਸਾਮਾਨ ਲੈਣ ਸਬੰਧੀ ਵੀ ਅਪੀਲ ਕੀਤੀ ਕਿ ਉਹ ਸਭਾ ਦੇ ਮੈਂਬਰਾਂ ਨਾਲ ਸੰਪਰਕ ਕਰਕੇ ਇਹ ਸਾਮਾਨ ਲੈ ਤੇ ਦੇ ਸਕਦੇ ਹਨ।ਇਸ ਮੌਕੇ ਸਰਬ ਸੰਮਤੀ ਨਾਲ ਬੀਬੀ ਸਰਬਜੀਤ ਕੌਰ ਕੌਂਸਲਰ ਨੂੰ ਪ੍ਰੋਜੈਕਟ ਡਾਇਰੈਕਟਰ ਤੇ ਮੈਡਮ ਸੁਖਵਿੰਦਰ ਕੌਰ ਟੀਚਰ



ਸਿਖਲਾਈ ਸੈਂਟਰ,ਹਰਵਿੰਦਰ ਸੈਣੀ ਤੇ ਉਂਕਾਰ ਜਗਦੇਵ ਨੂੰ ਮੈਂਬਰ ਲਾਇਆ ਗਿਆ ਹੈ।

ਇਸ ਮੌਕੇ ਉਕਤ ਮੈਂਬਰਾਂ ਨੇ ਸਭਾ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਜੋ ਜ਼ਿੰਮੇਵਾਰੀ ਸਭਾ ਨੇ ਉਨ੍ਹਾਂ ਨੂੰ ਸੌਂਪੀ ਹੈ ਉਹ ਉਸ ਨੂੰ ਤਨਦੇਹੀ ਨਾਲ ਨਿਭਾਉਣ ਗਏ ਅਤੇ ਪ੍ਰੋਜੈਕਟ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਮਿਹਨਤ ਕਰਨਗੇ। ਇਸ ਮੌਕੇ ਰਵਿੰਦਰ ਰਵੀ ਕੌਂਸਲਰ, ਰਾਜ ਕੁਮਾਰ ਕਨੌਜੀਆ, ਬੀਬੀ ਸਰਬਜੀਤ ਕੌਰ ਕੌਂਸਲਰ, ਬਿਕਰਮਜੀਤ ਵਾਲੀਆ, ਮੈਡਮ ਸੁਖਵਿੰਦਰ ਕੌਰ ਟੀਚਰ ਸਿਖਲਾਈ ਸੈਂਟਰ, ਹਰਵਿੰਦਰ ਸੈਣੀ, ਪੰਜਾਬੀ ਗਾਇਕ ਮਨਮੀਤ ਮੇਵੀ, ਡਾ. ਨਰੇਸ਼ ਬਿੱਟੂ,ਆਰ.ਪੀ. ਸ਼ਰਮਾ, ਉਂਕਾਰ ਜਗਦੇਵ, ਅਨੂਪ ਦੁੱਗਲ, ਡਾ.ਬੀ. ਕੇ. ਰੱਤੂ, ਜਸਵਿੰਦਰ ਭਗਤਪੁਰਾ, ਪਰਮਿੰਦਰ ਸਿੰਘ, ਕਰਮਜੀਤ ਸਿੰਘ, ਦਮਨਜੀਤ ਸਿੰਘ, ਚਰਨਪ੍ਰੀਤ ਸਿੰਘ, ਬੇਅੰਤ ਸਿੰਘ ਆਦਿ ਹਾਜ਼ਰ ਸਨ।

# ਬਹੁਜਨ ਸਮਾਜ ਨੂੰ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨਾ ਹੋਵੇਗਾ: ਲਕਸ਼ੈ

**ਗੋਰਖਪੁਰ–** ਲਕਸ਼ੈ ਦੀ ਗੋਰਖਪੁਰ ਟੀਮ ਨੇ ਬਹੁਜਨ ਜਨਜਾਗਰਣ ਅਭਿਆਨ ਦੇ ਤਹਿਤ ਪਿੰਡ ਰਾਜੀ ਜਗਦੀਸ਼ਪੁਰ ਤਹਿਸੀਲ ਚੌਰਾ ਚੌਰੀ ਗੋਰਖਪੁਰ ਵਿਚ ਇਕ ਕੈਡਰ ਕੈਂਪ ਲਗਾਇਆ। ਲਕਸ਼ੈ ਕਮਾਂਡਰ ਗੋਰਖ ਪ੍ਰਸਾਦ ਸਿਧਾਰਥ ਨੇ ਪਿੰਡ ਦੇ ਲੋਕਾਂ ਦੇ ਨਾਲ ਸਮਾਜਿਕ ਚਰਚਾ ਕਰਦੇ ਹੋਏ ਕਿਹਾ ਕਿ ਉਹਨਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਹੁਜਨ ਸਮਾਜ ਨੂੰ ਆਪਣੇ



ਅਧਿਕਾਰਾਂ ਦੇ ਲਈ ਸੰਘਰਸ਼ ਕਰਨਾ ਹੋਵੇਗਾ। ਉਹਨਾਂ ਨੇ ਸਿੱਖਿਆ ਤੇ ਜ਼ੋਰ ਦਿੰਦਿਆਂ ਕਿਹਾ ਕਿ ਸਿੱਖਿਆ ਨਾਲ ਹੀ ਬਹੁਜਨ ਸਮਾਜ ਦਾ ਵਿਕਾਸ ਸੰਭਵ ਹੈ। ਸਾਨੂੰ ਆਪਣੇ ਬੱਚਿਆਂ ਦੀ ਸਿੱਖਿਆ ਤੇ ਧਿਆਨ ਦੇਣਾ ਹੋਵੇਗਾ ਅਤੇ ਲੜਕੀ ਨੂੰ ਲਾਜ਼ਮੀ ਸਿੱਖਿਅਤ ਕਰਨਾ ਚਾਹੀਦਾ ਹੈ। ਲਕਸ਼ੈ ਕਮਾਂਡਰ ਗੋਰਖ ਪ੍ਰਸਾਦ ਸਿਧਾਰਥ ਨੇ ਨਸ਼ੇ ਦੇ ਮਾੜੇ ਅਸਰਾਂ ਤੇ ਜ਼ੋਰਦਾਰ ਚਰਚਾ ਕੀਤੀ ਅਤੇ ਲੋਕਾਂ ਨੂੰ ਨਸ਼ੇ ਦੇ ਸੇਵਨ ਤੋਂ ਬਚਣ ਦੀ ਸਲਾਹ ਦਿੱਤੀ।

# ਫਿਜ਼ਾ ਵਿਚ ਆਪਣੇ ਬੋਲਾਂ ਦੀ ਖੁਸ਼ਬੋ ਘੋਲਦੇ ਪੰਛੀ, ਨਹੀ ਦੇਖੇ ਬਨੇਰੇ 'ਤੇ ਹੁਣ ਤਾਂ ਬੋਲਦੇ ਪੰਛੀ'



**ਰਾਜਪੁਰਾ–** ਲੋਕ ਸਾਹਿਤ ਸੰਗਮ (ਰਜਿ) ਰਾਜਪੁਰਾ ਦੀ ਮਾਸਿਕ ਬੈਠਕ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਦੇ ਹਾਲ ਵਿਚ ਹੋਈ ਜਿਸ ਵਿਚ ਲੋਕ ਕਵੀ ਕਰਮ ਸਿੰਘ ਹਕੀਰ ਨੇ 'ਹਵਾਲਾ ਕਾਂਡ ' ਸੁਣਾਕੇ ਸਭਾ ਦਾ ਆਗਾਜ਼ ਕੀਤਾ। ਸੁਰਿੰਦਰ ਸਿੰਘ ਸੋਹਣਾ ਦਾ ਧਾਰਮਿਕ ਗੀਤ 'ਭੁੱਲਗੇ ਨੇ ਤੇਰਾ ਉਪਕਾਰ ਦਾਤਿਆ', ਬਚਨ ਸਿੰਘ ਬਚਨ ਸੋਢੀ 'ਨੈਨੋ ਤੁਮ ਹੀ ਬੁਰੇ ਹੋ 'ਸੁਣਕੇ ਚੰਗਾ ਰੰਗ ਬਨਿਆ।

ਉੱਘੀ ਕਵਿੱਤਰੀ ਮਨਜੀਤ ਕੌਰ ਅੰਬਾਲਵੀ ਨੇ ਮੈ ਧਰਤ ਦਾ ਉਬਾਲ ਹਾਂ ,ਲੋਕ ਕਹਿੰਦੇ ਭੂਚਾਲ ਹਾਂ ' ਸੁਣਾਇਆ। ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਨੇ 'ਅਗਨੀ ਵਰਗੇ ਮੌਸਮ ਨੂੰ ਸਾਡਾ ਖਿੜਨਾ ਰਾਸ ਨਾ ਆਇਆ' ਤਰੰਨਮ ਚ ਸੁਣਾਕੇ ਆਪਣੀ ਵਿਦਵਤਾ ਦਿਖਾਈ। ਕੁਲਵੰਤ ਸਿੰਘ ਜੱਸਲ ਦਾ ਭਾਵਪੂਰਕ ਗੀਤ 'ਮਾੜਾ ਹੱਸਣਾ ਗਰੀਬ ਦੀ ਗ਼ਰੀਬੀ ਤੇ ਮਾੜਾ ਹੁੰਦਾ ਦਿਲ ਤੋੜਣਾ 'ਸੁਣਾਕੇ ਸੋਚਣ ਲਈ ਮਜਬੂਰ ਕੀਤਾ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਮਿੰਨੀ ਕਹਾਣੀ 'ਜੱਟ ਦਾ ਪੁੱਤ 'ਅਜੋਕੇ ਸਮਾਜ ਤੇ ਕਟਾਕਸ਼ ਸੀ। ਪੱਤਰਕਾਰ ਤੇ ਸਾਹਿਤਕਾਰ ਜੀ ਪੀ ਸਿੰਘ ਨੇ ਸ਼ੇਅਰ ਸੁਣਾਕੇ ਵਾਹ ਵਾਹ ਖੱਟੀ।

ਜਮਨਾ ਪ੍ਰਕਾਸ਼ ਨਾਚੀਜ਼ ਅਤੇ ਗੁਰਵਿੰਦਰ ਆਜ਼ਾਦ ਦੀ ਕਵਿਤਾ ਕਾਬਲੇ ਗੋਰ ਸਨ।ਗਿਆਨੀ ਮਾਨ ਸਿੰਘ ਜੰਡੋਲੀ ਦੀ ਕਾਵਿ ਰਚਨਾਂ ਵਧੀਆ ਸੀ। ਬਲਦੇਵ ਸਿੰਘ ਖੁਰਾਣਾ ਨੇ ਜਿਥੇ ਸਟੇਜ ਦੀ ਕਾਰਵਾਈ ਚਲਾਈ ਉੱਥੇ ਹਾਸ ਵਿਅੰਗ ਕਵਿਤਾ ਨਾਲ ਵੀ ਦਰਸ਼ਕਾਂ ਨੂੰ ਕੀਲਿਆ।

ਅਮਰਜੀਤ ਸਿੰਘ ਲਬਾਣਾ, ਜਾਣੀ ਜ਼ੀਰਕਪੁਰੀਆ, ਪ੍ਰੋ ਸ਼ਤਰੂਘਨ ਗੁਪਤਾ ਅਤੇ ਸੁੱਚਾ ਸਿੰਘ ਗੰਢਾ ਦੀਆਂ ਰਚਨਾਵਾਂ ਬਹੁਤ ਵਧੀਆ ਸਨ। ਹਰਸਿਮਰਨਜੀਤ ਸਿੰਘ ਅਤੇ ਅਵਤਾਰ ਸਿੰਘ ਕੋਮਲ ਦੀ ਕਵਿਤਾ ਨੇ ਚੰਗਾ ਰੰਗ ਬੰਨਿਆ। ਪ੍ਰਸਿੱਧ ਗ਼ਜ਼ਲਗੋ ਅਵਤਾਰ ਪੁਆਰ ਦੀ ਗ਼ਜ਼ਲ ''ਫਿਜ਼ਾ ਵਿਚ ਆਪਣੇ ਬੋਲਾਂ ਦੀ ਖੁਸ਼ਬੋ ਘੋਲਦੇ ਪੰਛੀ ,ਨਹੀਂ ਦੇਖੇ ਬਨੇਰੇ 'ਤੇ ਹੁਣ ਤਾਂ ਬੋਲਦੇ ਪੰਛੀ।' ਸੁਣਾਕੇ ਸ਼ਰੋਤਿਆਂ ਦੀ ਕੀਲ ਦਿੱਤਾ। ਅੰਤ ਵਿਚ ਅਮਰੀਕਾ ਨਿਵਾਸੀ ਮਾਸਟਰ ਨਿਰਮਲ ਸਿੰਘ ਲਾਲੀ ਦੀ ਕਿਤਾਬਾਂ 'ਵਿਅਕਤੀ ,ਸਮਾਜ ਤੇ ਕੁਦਰਤ 'ਅਤੇ ਕਵਿਤਾ ਦੀ ਪਰਵਾਜ਼ 'ਰਿਲੀਜ ਕੀਤੀਆਂ ਉਨ੍ਹਾਂ ਬਾਰੇ ਡਾ ਹਰਜੀਤ ਸਿੰਘ ਸੱਧਰ ਅਤੇ ਡਾ ਗੁਰਵਿੰਦਰ ਅਮਨ ਨੇ ਕਿਹਾ ਕਿ ਮਾਸਟਰ ਨਿਰਮਲ ਸਿੰਘ ਲਾਲੀ ਬਹੁਤ ਹੀ ਸੰਵੇਦਨਸ਼ੀਲ ਤੇ ਮਨੋਵਿਗਿਆਨਕ ਕਵੀ ਹੈ ਉਸ ਦੀਆਂ ਰਚਨਾਵਾਂ ਸਮਾਜ ਦੀ ਪੀੜਾ ਪ੍ਰਤੀ ਜਾਗਰੂਕ ਹਨ।

# ਕੈਪਟਨ ਸਰਕਾਰ ਦੇ ਪਹਿਲੇ 100 ਦਿਨ; ਪੰਜਾਬ ਦੇ ਸੁਨਹਿਰੀ ਵਕਤ ਦੀ ਸ਼ੁਰੂਆਤ: ਦੀਵਾਨ

**ਲੁਧਿਆਣਾ–** ਸੂਬਾ ਕਾਂਗਰਸ ਜਨਰਲ ਸਕੱਤਰ ਪਵਨ ਦੀਵਾਨ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਪਹਿਲੇ 100 ਦਿਨਾਂ ਦੇ ਕਾਰਜਕਾਲ ਨੂੰ ਪੰਜਾਬ ਦੇ ਸੁਨਹਿਰੀ ਵਕਤ ਦੀ ਸ਼ੁਰੂਆਤ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਕੈਪਟਨ ਸਾਹਿਬ ਦੀ ਕੁਸ਼ਲ ਅਗਵਾਈ ਹੇਠ ਪੰਜਾਬ ਬੀਤੇ 10 ਸਾਲਾਂ ਦੇ ਕੁਸ਼ਾਸਨ ਨੂੰ ਪਿੱਛੇ ਛੱਡ ਕੇ ਤਰੱਕੀ ਤੇ ਖੁਸ਼ਹਾਲੀ ਦੀ ਨਵੀਂ ਇਬਾਰਤ ਲਿੱਖਣ ਜਾ ਰਿਹਾ ਹੈ। ਪਹਿਲੇ 100 ਦਿਨਾਂ 'ਚ ਲਏ



ਸ਼ਾਨਦਾਰ ਫੈਸਿਲਆਂ ਨਾਲ ਸਰਕਾਰ ਨੇ ਅਗਲੇ 265 ਦਿਨਾਂ ਦੀ ਆਪਣੀ ਸੋਚ ਨੂੰ ਲੋਕਾਂ ਸਾਹਮਣੇ ਜਾਹਿਰ ਕਰ ਦਿੱਤਾ ਹੈ।

ਇਸ ਲੜੀ ਹੇਠ, ਕੈਪਟਨ ਸਰਕਾਰ ਨੇ ਜਿਥੇ ਸੂਬੇ ਤੋਂ ਨਸ਼ੇ ਦੇ ਖਾਤਮੇ ਦੀ ਦਿਸ਼ਾ 'ਚ ਅਹਿਮ ਕਦਮ ਚੁੱਕੇ ਹਨ। ਉਥੇ ਹੀ, ਛੋਟੇ ਤੇ ਸੀਮਾਂਤ ਕਿਸਾਨਾਂ ਦੇ ਕਰਜੇ ਮੁਆਫ ਕਰਕੇ ਉਨ੍ਹਾਂ ਦੇ ਸੱਚੇ ਮਸੀਹਾ ਬਣ ਕੇ ਉਭਰੇ ਹਨ। ਦੀਵਾਨ ਨੇ ਕਿਹਾ ਕਿ ਬੀਤੇ 10 ਸਾਲਾਂ ਦੌਰਾਨ ਮਾਫੀਆਰਾਜ ਸੂਬੇ ਦੇ ਖਜ਼ਾਨੇ ਨੂੰ ਦੀਮਕ ਵਾਂਗ ਚੱਟ ਰਿਹਾ ਸੀ ਅਤੇ ਕੈਪਟਨ ਸਰਕਾਰ ਨੇ ਰੇਤ ਤੇ ਟ੍ਰਾਂਸਪੋਰਟ ਮਾਫੀਆ ਦਾ ਅੰਤ ਕਰ ਦਿੱਤਾ ਹੈ। ਸੂਬੇ ਅੰਦਰ ਪੰਜ ਨਵੇਂ ਮੈਡੀਕਲ ਕਾਲਜ ਸਥਾਪਤ ਕਰਨਾ ਭਾਰੀ ਫੀਸਾਂ ਤੋਂ ਲੋਕਾਂ ਨੂੰ ਰਾਹਤ ਦਿਲਾਏਗਾ ਤੇ ਮੈਡੀਕਲ ਸਿੱਖਿਆ 'ਚ ਵੀ ਸੁਧਾਰ ਹੋਵੇਗਾ।

ਇਸੇ ਤਰ੍ਹਾਂ, ਦੀਵਾਨ ਨੇ ਸਿੱਖਿਆ ਤੇ ਕਾਨੂੰਨ ਵਿਵਸਥਾ ਦੇ ਹਾਲਾਤਾਂ 'ਚ ਸੁਧਾਰਾਂ, ਹਲਕਾ ਇੰਚਾਰਜ਼ ਸਿਸਟਮ ਨੂੰ ਖਤਮ ਕਰਨ, ਸਮਾਜਿਕ ਸੁਰੱਖਿਆ ਵਾਸਤੇ ਪੈਨਸ਼ਨਾਂ 'ਚ ਵਾਧਾ ਕਰਨ, ਆਟਾ-ਦਾਲ ਸਕੀਮ ਦਾ ਦਾਇਰਾ ਵਧਾਉਣ ਵਰਗੇ ਕਦਮਾਂ ਦਾ ਸਵਾਗਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਕੈਪਟਨ ਸਰਕਾਰ ਤੋਂ ਉਮੀਦਾਂ ਦਿਨ ਪ੍ਰਤੀਦਿਨ ਵੱਧਦੀਆਂ ਜਾ ਰਹੀਆਂ ਹਨ ਤੇ ਉਹ ਚਾਹੁੰਦੇ ਹਨ ਕਿ ਸਰਕਾਰ ਜ਼ਲਦੀ ਤੋਂ ਜ਼ਲਦੀ ਆਪਣੇ ਵਾਅਦਿਆਂ ਨੂੰ ਪੂਰਾ ਕਰੇ, ਤਾਂ ਜੋ ਇਸ ਸੂਬੇ ਨੂੰ ਇਕ ਵਾਰ ਫਿਰ ਤੋਂ ਖੁਸ਼ਹਾਲ ਬਣਾਇਆ ਜਾ ਸਕੇ।

# ਇਟਲੀ ਵਿੱਚ ਸਿੱਖਾਂ ਨੂੰ 'ਵਿਸ਼ੇਸ਼ ਕ੍ਰਿਪਾਨ' ਪਹਿਨਣ ਦੀ ਪ੍ਰਵਾਨਗੀ

**ਅੰਮ੍ਰਿਤਸਰ –** ਇਟਲੀ ਸਰਕਾਰ ਨੇ ਉਥੇ ਵੱਸਦੇ ਅੰਮ੍ਰਿਤਧਾਰੀ ਸਿੱਖਾਂ ਨੂੰ ਕੱਕਾਰ ਵਜੋਂ ਵਿਸ਼ੇਸ਼ ਕਿਸਮ ਦੀ ਕ੍ਰਿਪਾਨ ਪਹਿਨਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਨਾਲ ਇਟਾਲੀਅਨ ਸਿੱਖਾਂ ਦੀ ਕ੍ਰਿਪਾਨ ਪਹਿਨਣ ਦੀ ਸਮੱਸਿਆ ਹੱਲ ਹੋਈ ਮੰਨ ਕੇ ਓਥੋਂ ਦੇ ਸਿੱਖ ਆਗੂ ਸੁਖਦੇਵ ਸਿੰਘ ਕੰਗ ਅਤੇ ਕੁਝ ਹੋਰ ਇਟਾਲੀਅਨ ਨਾਗਰਿਕਾਂ ਨੇ ਅੱਜ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ ਤੇ ਇਟਲੀ ਸਰਕਾਰ ਵੱਲੋਂ ਪ੍ਰਵਾਨ ਕੀਤੀਆਂ ਇਨ੍ਹਾਂ ਕ੍ਰਿਪਾਨਾਂ ਦੇ ਮਾਡਲ ਉਨ੍ਹਾਂ ਨੂੰ ਭੇਟ ਕੀਤੇ ਹਨ।



ਹੁਸ਼ਿਆਰਪੁਰ ਜ਼ਿਲ੍ਹੇ ਦੇ ਸੁਖਦੇਵ ਸਿੰਘ ਕੰਗ, ਜੋ ਹੁਣ ਇਟਲੀ ਦੇ ਵਾਸੀ ਹਨ, ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਟਲੀ ਵਿੱਚ ਅੰਮ੍ਰਿਤਧਾਰੀ ਸਿੱਖਾਂ ਨੂੰ ਆਪਣੇ ਕੱਕਾਰ ਵਜੋਂ ਕ੍ਰਿਪਾਨ ਪਹਿਨਣ ਲਈ ਮੁਸ਼ਕਲ ਆ ਰਹੀ ਸੀ। ਸਿੱਖ ਭਾਈਚਾਰੇ ਨੇ ਇਟਲੀ ਸਰਕਾਰ, ਉਥੋਂ ਦੀ ਪੁਲੀਸ ਅਤੇ ਸੁਰੱਖਿਆ ਵਿਭਾਗ ਨੂੰ ਇਸ ਤੋਂ ਜਾਣੂੰ ਕਰਾਇਆ ਸੀ। ਲੰਮੀ ਜੱਦੋ ਜਹਿਦ ਮਗਰੋਂ ਇਟਲੀ ਦੇ ਰੱਖਿਆ ਵਿਭਾਗ ਨੇ ਨਵੀਂ ਕ੍ਰਿਪਾਨ ਨੂੰ ਪਹਿਨਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਕ੍ਰਿਪਾਨ ਨੂੰ ਉਥੋਂ ਦੀ ਲੀਗਲ ਵਰਲਡ ਵਾਈਡ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਕ੍ਰਿਪਾਨ ਵੱਖ ਵੱਖ ਆਕਾਰਾਂ ਵਿੱਚ ਬਣਾਈ ਗਈ ਹੈ ਅਤੇ ਇਹ ਭਾਵੇਂ ਲੋਹੇ ਦੀ ਹੈ, ਪਰ ਨੁਕਸਾਨਦੇਹ ਨਹੀਂ। ਇਸ ਦਾ ਬਲੇਡ ਤਿੱਖਾ ਨਹੀਂ ਹੈ ਅਤੇ ਇਹ ਜਾਨਲੇਵਾ ਵੀ ਨਹੀਂ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਵਾਨਗੀ ਮਗਰੋਂ ਇਸ ਕ੍ਰਿਪਾਨ ਨੂੰ ਗੁਰਦੁਆਰਿਆਂ ਵਿੱਚ ਸਿੱਖਾਂ ਨੂੰ ਵੰਡਿਆ ਗਿਆ ਹੈ। ਛੋਟੇ ਅਕਾਰ ਦੀ ਕ੍ਰਿਪਾਨ ਬੱਚੇ ਸਕੂਲ ਵਿਚ ਵੀ ਪਹਿਨ ਸਕਦੇ ਹਨ। ਇਸੇ ਤਰ੍ਹਾਂ ਗੁਰਦੁਆਰੇ ਜਾਣ ਸਮੇਂ ਕੁੱਝ ਵੱਡੇ ਅਕਾਰ ਦੀ ਕ੍ਰਿਪਾਨ ਤਿਆਰ ਕੀਤੀ ਗਈ ਹੈ। ਇਸ ਨੂੰ ਪਹਿਨਣ ਵਾਲੇ ਨੂੰ ਇਕ ਪ੍ਰਵਾਨਗੀ ਕਾਰਡ ਵੀ ਦਿੱਤਾ ਗਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿੱਚ ਵਿਚਾਰਿਆ ਜਾਵੇਗਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾਲ ਵਿਚਾਰ ਵਟਾਂਦਰਾ ਕਰਕੇ ਇਸ ਸਬੰਧੀ ਅਗਲਾ ਫੈਸਲਾ ਕਰਨਗੇ।

# ਸੀ ਆਈ ਏ ਨੂੰ ਪਤਾ ਸੀ ਕਿ ਟਰੰਪ ਨੂੰ ਜਿਤਾਉਣਾ ਚਾਹੁੰਦੈ ਪੁਤਿਨ

**ਵਾਸ਼ਿੰਗਟਨ –** ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਨੂੰ ਪਿਛਲੇ ਸਾਲ ਅਗਸਤ ਵਿੱਚ ਇਹ ਖੁਫੀਆ ਜਾਣਕਾਰੀ ਮਿਲੀ ਸੀ ਕਿ ਰਾਸ਼ਟਰਪਤੀ ਦੀ ਚੋਣ ਜਿੱਤਣ ਵਿੱਚ ਡੋਨਾਲਡ ਟਰੰਪ ਦੀ ਮਦਦ ਕਰਨ ਲਈ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਨਿੱਜੀ ਤੌਰ 'ਤੇ ਮੁਹਿੰਮ ਸ਼ੁਰੂ ਕਰਨ ਦਾ ਹੁਕਮ ਦਿੱਤਾ ਸੀ। ਇਹ ਦਾਅਵਾ ਅਖਬਾਰ ਵਾਸ਼ਿੰਗਟਨ ਪੋਸਟ ਨੇ ਕੀਤਾ ਹੈ। ਅਖਬਾਰ ਮੁਤਾਬਕ ਇਸ ਜਾਣਕਾਰੀ ਦੇ ਮਿਲਦੇ ਹੀ ਵ੍ਹਾਈਟ ਹਾਊਸ ਵਿੱਚ ਖਲਬਲੀ ਮੱਚ ਗਈ। ਓਦੋਂ ਚੋਣਾਂ ਵਿੱਚ ਡੈਮੋਕ੍ਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਦੀ ਜਿੱਤ ਦਾ ਭਰੋਸਾ ਸੀ। ਇਸ ਭਰੋਸੇ ਤੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਚੋਣ ਪ੍ਰਭਾਵਤ ਹੋਣ ਦੀ ਚਿੰਤਾ ਵਿੱਚ ਅਮਰੀਕੀ ਪ੍ਰਸ਼ਾਸਨ ਨੇ ਮਾਸਕੋ ਨੂੰ ਚਿਤਾਵਨੀ ਜਾਰੀ ਕੀਤੀ, ਪਰ ਕਾਰਵਾਈ ਨੂੰ ਵੋਟਿੰਗ ਤੱਕ ਟਾਲ ਦਿੱਤਾ ਗਿਆ। ਟਰੰਪ ਦੀ ਹੈਰਾਨ ਕਰ ਦੇਣ ਵਾਲੀ ਜਿੱਤ ਦੇ ਬਾਅਦ ਪ੍ਰਸ਼ਾਸਨ ਵਿੱਚ ਇਸ ਦਾ ਪਛਤਾਵਾ ਸੀ ਕਿ ਉਨ੍ਹਾਂ ਨੇ ਸਖਤ ਕਾਰਵਾਈ ਨਹੀਂ ਕੀਤੀ। ਇੱਕ ਅਧਿਕਾਰੀ ਨੇ ਦੱਸਿਆ ਕਿ ਕੌਮੀ ਸੁਰੱਖਿਆ ਨਾਲ ਜੁੜੇ ਲੋਕ ਇਹ ਸਵੈ ਪੜਚੋਲ ਕਰ ਰਹੇ ਸਨ ਕਿ ਕੀ ਮਾਮਲੇ ਨੂੰ ਸਹੀ ਤਰੀਕੇ ਨਾਲ ਨਿਪਟਾਇਆ ਗਿਆ। ਵਾਸ਼ਿੰਗਟਨ ਪੋਸਟ ਦੇ ਮੁਤਾਬਕ ਪੂਤਿਨ ਬਾਰੇ ਇਸ ਖੁਫੀਆ ਸੂਚਨਾ ਨੂੰ ਵ੍ਹਾਈਟ ਹਾਊਸ ਨੇ ਕੌਮੀ ਸੁਰੱਖਿਆ ਦੇ ਡੂੰਘੇ ਖਤਰੇ ਵਜੋਂ ਦੇਖਿਆ। ਫਿਰ ਇੱਕ ਖੁਫੀਆ ਟਾਸਕ ਫੋਰਸ ਬਣਾਈ ਗਈ, ਜੋ ਇਸ ਬਾਰੇ ਸਾਰੀਆਂ ਸੂਚਨਾਵਾਂ ਇਕੱਠੀਆਂ ਕਰੇ, ਪਰ ਖੁਫੀਆ ਵਿਭਾਗ ਹਿਲੇਰੀ ਕਲਿੰਟਨ ਦਾ ਈ-ਮੇਲ ਹੈਕ ਹੋਣ ਅਤੇ ਵਿਕੀਲੀਕਸ ਵੱਲੋਂ ਇਨ੍ਹਾਂ ਨੂੰ ਜਾਰੀ ਕਰਨ ਉੱਤੇ ਕੁਝ ਨਹੀਂ ਕਰ ਸਕਿਆ। ਫਿਰ ਉਨ੍ਹਾਂ ਦਾ ਧਿਆਨ ਇਸ ਗੱਲ ਉੱਤੇ ਕੇਂਦਰਿਤ ਹੋ ਗਿਆ ਕਿ ਅੱਠ ਨਵੰਬਰ ਦੀ ਵੋਟਿੰਗ ਵਿੱਚ ਵੋਟਰ ਰਜਿਸਟਰੇਸ਼ਨ ਸੂਚੀ ਜਾਂ ਵੋਟਿੰਗ ਮਸ਼ੀਨਾਂ ਨੂੰ ਹੈਕ ਕਰ ਕੇ ਰੂਸ ਗੜਬੜੀ ਨਾ ਕਰ ਦੇਵੇ। ਇਸ ਬਾਰੇ ਰੂਸ ਨੂੰ ਚਾਰ ਵਾਰ ਚਿਤਾਵਨੀ ਦਿੱਤੀ ਗਈ। ਚੋਣਾਂ ਹੋਣ ਪਿੱਛੋਂ ਰੂਸ ਦੇ ਖਿਲਾਫ ਵੱਖ-ਵੱਖ ਪੱਧਰ ਉੱਤੇ ਕਾਰਵਾਈ ਦੀ ਤਿਆਰੀ ਕੀਤੀ ਗਈ ਸੀ। ਇਸ ਵਿੱਚ ਰੂਸ ਉੱਤੇ ਕੁਝ ਆਰਥਿਕ ਪਾਬੰਦੀ ਲਾਉਣਾ, ਕੁਝ ਉਹ ਜਾਣਕਾਰੀਆਂ ਜਨਤਕ ਕਰਨਾ ਜਿਸ ਨਾਲ ਪੂਤਿਨ ਸ਼ਰਮਸਾਰ ਹੋਣ ਤੇ ਰੂਸ ਦੇ ਮਹੱਤਵ ਪੂਰਨ ਟਿਕਾਣਿਆਂ 'ਤੇ ਸਾਈਬਰ ਹਮਲਾ ਸ਼ਾਮਲ ਸੀ।

# ਭਾਰਤ ਦੇ 53 ਫੀਸਦੀ ਕਿਸਾਨ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਨੇ

ਪਿਛਲੇ ਹਫਤੇ ਦਿੱਲੀ ਆਏ ਖੇਤੀ ਵਿਗਿਆਨਕਾਂ ਨੂੰ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਮ ਨੇ ਦੱਸਿਆ ਕਿ ਭਾਰਤ ਦਾ ਕਿਸਾਨ ਮਹੀਨੇ ਦਾ ਸਿਰਫ 1600 ਰੁਪਿਆ ਕਮਾਉਂਦਾ ਹੈ। ਨੀਤੀ ਆਯੋਗ ਦੇ ਮੈਂਬਰ ਪ੍ਰੋ. ਰਮੇਸ਼ ਚੰਦ ਨੇ ਸੱਤ ਜੂਨ ਨੂੰ ਬੰਗਲੌਰ ਵਿਚ ਦੱਸਿਆ ਕਿ ਸਿਰਫ ਖੇਤੀਬਾੜੀ 'ਤੇ ਨਿਰਭਰ ਰਹਿਣ ਵਾਲੇ 53 ਫੀਸਦੀ ਕਿਸਾਨ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਇਨ੍ਹਾਂ ਦੋਵਾਂ ਅੰਕੜਿਆਂ ਦੀ ਨਜ਼ਰ ਨਾਲ ਦੇਸ਼ ਦੇ ਖੇਤਾਂ-ਬਗੀਚਿਆਂ ਨੂੰ ਦੇਖੀਏ ਤਾਂ ਕਿਸਾਨਾਂ ਦੀ ਬਰਬਾਦੀ ਦੀ ਭਿਆਨਕ ਤਸਵੀਰ ਸਾਹਮਣੇ ਆਉਂਦੀ ਹੈ। ਸਾਡਾ ਕਿਸਾਨ ਭੁੱਖਾ ਹੈ ਅਤੇ ਅਸੀਂ ਉਸ ਨੂੰ ਉਪਦੇਸ਼ ਦੇ ਰਹੇ ਹਾਂ। ਕਦੇ ਅੰਨ-ਦਾਤਾ ਕਹਿੰਦੇ ਹਾਂ ਅਤੇ ਕਦੇ ਅੰਨ-ਦੇਵਤਾ।

ਕੀ ਤੁਸੀਂ ਕਦੇ ਧਰਮ ਗ੍ਰੰਥ ਵਿੱਚ ਪੜ੍ਹਿਆ ਹੈ ਕਿ ਜੋ ਅੰਨ-ਦਾਤਾ ਜਾਂ ਅੰਨ-ਦੇਵਤਾ ਹੈ, ਉਹ ਕਦੇ ਖੁਦਕੁਸ਼ੀ ਵੀ ਕਰਦਾ ਹੈ? ਅੰਨ-ਦਾਤਾ ਤਾਂ ਦੂਜਿਆਂ ਦੀ ਭੁੱਖ ਮਿਟਾਉਂਦਾ ਹੈ। ਭਾਰਤ ਵਿੱਚ ਅੰਨ-ਦਾਤਾ ਤੋਂ ਆਪਣੀ ਭੁੱਖ ਨਹੀਂ ਮਿਟ ਰਹੀ ਤੇ ਆਰਥਿਕ ਤੰਗੀ ਕਾਰਨ ਉਹ ਖੁਦ ਨੂੰ ਮਿਟਾ ਰਿਹਾ ਹੈ। ਬੀਤੇ ਦਿਨੀਂ ਜਦੋਂ ਮੱਧ ਪ੍ਰਦੇਸ਼ ਵਿੱਚ ਕਿਸਾਨ ਅੰਦੋਲਨ ਦੌਰਾਨ ਛੇ ਕਿਸਾਨ ਪੁਲਸ ਗੋਲੀ ਨਾਲ ਮਾਰੇ ਗਏ, ਉਸੇ ਸਮੇਂ ਸਿਰਫ ਦੋ ਦਿਨਾਂ ਵਿੱਚ ਮਹਾਰਾਸ਼ਟਰ ਦੇ ਚਾਰ ਕਿਸਾਨਾਂ ਨੇ ਖੁਦਕੁਸ਼ੀ ਕਰ ਲਈ। ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੇ ਜਾਣ ਦੀਆਂ ਖਬਰਾਂ ਨੂੰ ਅਸੀਂ ਆਮ ਵਾਂਗ ਹੀ ਦੇਖਦੇ ਹਾਂ।

ਮਹਾਰਾਸ਼ਟਰ ਦੇ ਵਿਦਰਭ ਖੇਤਰ ਵਿੱਚ ਖੁਦਕੁਸ਼ੀ ਕਰਨ ਵਾਲੇ ਤਿੰਨ ਕਿਸਾਨਾਂ 'ਚੋਂ ਇੱਕ ਨੇ ਸਿਰਫ 10,000 ਰੁਪਏ ਦੇ ਕਰਜ਼ੇ ਲਈ ਆਪਣੀ ਜਾਨ ਦੇ ਦਿੱਤੀ। ਅਕਤੂਬਰ 2016 ਵਿੱਚ ਲੁਧਿਆਣਾ ਦੇ ਇੱਕ ਕਿਸਾਨ ਨੇ ਆਪਣੇ ਪੰਜ ਸਾਲਾ ਬੇਟੇ ਨੂੰ ਸੀਨੇ ਨਾਲ ਲਾ ਕੇ ਨਹਿਰ ਵਿੱਚ ਛਾਲ ਮਾਰ ਦਿੱਤੀ ਅਤੇ ਮੌਤ ਨੂੰ ਗਲੇ ਲਾ ਲਿਆ। ਉਸ ਦੇ ਸਿਰ ਵੀ 10 ਲੱਖ ਰੁਪਏ ਦਾ ਕਰਜ਼ਾ ਸੀ। ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਕਿਸਾਨ ਤੁਹਾਨੂੰ ਭੁੱਖੇ ਅਤੇ ਕਰਜ਼ੇ ਨਾਲ ਤੜਫਦੇ ਨਜ਼ਰ ਆਉਣਗੇ। ਉਹ ਫਸਲਾਂ ਪੈਦਾ ਕਰ ਰਹੇ ਹਨ, ਪਰ ਉਨ੍ਹਾਂ ਵਾਸਤੇ ਸਹੀ ਭਾਅ ਨਹੀਂ ਮਿਲਦਾ। ਹਰ ਸਾਲ ਖਬਰਾਂ ਆਉਂਦੀਆਂ ਹਨ ਕਿ ਕਿਤੇ ਕਿਸਾਨ ਆਲੂ ਅਤੇ ਕਿਤੇ ਟਮਾਟਰ ਸੜਕਾਂ ਉੱਤੇ ਸੁੱਟ ਰਹੇ ਹਨ। ਕਿਸੇ ਵੀ ਸਰਕਾਰ ਕੋਲ ਕਿਸਾਨਾਂ ਦੀ ਕਿਸੇ ਮੰਗ ਦਾ ਠੋਸ ਅਤੇ ਸਥਾਈ ਹੱਲ ਨਹੀਂ, ਭਰੋਸਾ ਹੀ ਇੱਕੋ-ਇੱਕ ਹੱਲ ਹੈ। ਭਰੋਸਾ ਦਿਓ, ਅੰਦੋਲਨ ਖਤਮ ਕਰੋ। ਜੇ ਸਾਰੀਆਂ ਸਰਕਾਰਾਂ ਨੂੰ ਕਿਸਾਨਾਂ ਦੀ ਇੰਨੀ ਹੀ ਚਿੰਤਾ ਹੈ ਤਾਂ ਉਹ ਕੇਂਦਰ ਤੇ ਸੂਬਾ ਪੱਧਰ ਉੱਤੇ ਸਰਵੇ ਕਿਉਂ ਨਹੀਂ ਕਰਵਾਉਂਦੀਆਂ ਕਿ ਕਿਸਾਨਾਂ ਦੀ ਅਸਲ ਆਮਦਨ ਕਿੰਨੀ ਹੈ? ਸਭ ਹਨੇਰੇ ਵਿੱਚ ਤੀਰ ਚਲਾ ਕੇ ਕਿਸਾਨਾਂ ਨੂੰ ਮੂਰਖ ਬਣਾ ਰਹੇ ਹਨ। ਸੁਬਰਮਨੀਅਮ ਨੇ ਜੋ ਸੱਚ ਬੋਲਿਆ ਹੈ, ਉਹ ਸੁਣੋ ਤੇ ਕਿਸਾਨਾਂ ਵੱਲ ਦੇਖੋ ਕਿ ਉਹ 1600 ਰੁਪਏ ਪ੍ਰਤੀ ਮਹੀਨਾ ਆਮਦਨ ਨਾਲ ਆਪਣਾ ਗੁਜ਼ਾਰਾ ਕਿਵੇਂ ਕਰਦੇ ਹੋਣਗੇ?

ਅਰਥ ਸ਼ਾਸਤਰੀਆਂ ਨੇ ਵੱਖ-ਵੱਖ ਅੰਕੜਿਆਂ ਨੂੰ ਲੈ ਕੇ ਜੋ ਅੰਦਾਜ਼ੇ ਲਾਏ ਹਨ, ਉਨ੍ਹਾਂ ਮੁਤਾਬਕ 2011-12 ਤੋਂ ਲੈ ਕੇ 2015 ਤੱਕ ਕਿਸਾਨਾਂ ਦੀ ਅਸਲੀ ਆਮਦਨ ਘਟੀ ਹੈ। ਸਰਕਾਰ ਕਹਿੰਦੀ ਹੈ ਕਿ ਉਹ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਵਾ ਦੇਵੇਗੀ। ਉਹ ਇਹ ਨਹੀਂ ਦੱਸਦੀ ਕਿ ਅੱਜ ਕਿਸਾਨਾਂ ਦੀ ਆਮਦਨ ਕਿੰਨੀ ਹੈ ਤੇ ਪੰਜ ਸਾਲ ਪਿੱਛੋਂ ਕਿੰਨੀ ਹੋਵੇਗੀ। ਬੱਸ ਇੱਕ ਨਾਅਰਾ ਘੜ ਦਿੱਤਾ ਗਿਆ ਹੈ ਤੇ ਵਾਰ-ਵਾਰ ਉਸੇ ਨੂੰ ਦੁਹਰਾਇਆ ਜਾ ਰਿਹਾ ਹੈ। ਜੇ ਹੁਣ ਆਮਦਨ 1600 ਰੁਪਏ ਹੈ ਤਾਂ ਇਹ ਭਾਰਤ ਦੇ ਨੇਤਾ ਹੀ ਕਰ ਸਕਦੇ ਹਨ, ਜੋ ਕਿਸਾਨਾਂ ਵਿੱਚ ਜਾ ਕੇ ਕਹਿ ਦੇਣ ਕਿ ਤੁਸੀਂ ਪੰਜ ਸਾਲ ਰੁਕੋ, ਅਸੀਂ ਤੁਹ-ਾਡੀ ਆਮਦਨ 3200 ਰੁਪਏ ਮਹੀਨਾ ਕਰ ਦੇਵਾਂਗੇ। ਮੰਨ ਲਓ, ਜੇ ਕਿਸਾਨਾਂ ਦੀ ਆਮਦਨ 3200 ਰੁਪਏ ਮਹੀਨਾ ਹੁੰਦੀ ਹੈ ਤਾਂ ਕੀ ਇਹ ਗੁਜ਼ਾਰਾ ਕਰਨ ਨੂੰ ਕਾਫੀ ਹੈ? ਕਿਸਾਨ ਤਾਂ ਆਮਦਨ ਦੁੱਗਣੀ ਹੋਣ 'ਤੇ ਵੀ ਗਰੀਬੀ ਦੀ ਰੇਖਾ ਤੋਂ ਹੇਠਾਂ ਹੀ ਰਹੇਗਾ। ਜੇ ਸਰਕਾਰ ਨੂੰ ਇਹ ਪਤਾ ਹੈ ਕਿ ਖੇਤੀ ਦੀ ਜੀ ਡੀ ਪੀ 4.3 ਫੀਸਦੀ ਹੈ ਤਾਂ ਉਸ ਨੂੰ ਇਹ ਕਿਉਂ ਨਹੀਂ ਪਤਾ ਕਿ ਕਿਸਾਨਾਂ ਦੀ ਆਮਦਨ ਕਿੰਨੀ ਵਧੀ ਹੈ?



ਨੀਤੀ ਆਯੋਗ ਦੇ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕਿਸਾਨਾਂ ਦੀ ਆਮਦਨ ਉਦੋਂ ਦੁੱਗਣੀ ਹੋਵੇਗੀ, ਜਦੋਂ ਖੇਤੀ ਦੀ ਵਿਕਾਸ ਦਰ 10 ਫੀਸਦੀ ਨਾਲੋਂ ਜ਼ਿਆਦਾ ਹੋਵੇਗੀ। ਮੱਧ ਪ੍ਰਦੇਸ਼ ਵਿੱਚ ਕਈ ਸਾਲ ਖੇਤੀ ਵਿਕਾਸ ਦਰ ਨੌਂ ਫੀਸਦੀ ਦੇ ਨੇੜੇ ਰਹੀ ਹੈ। ਕੀ ਉਸੇ ਸੂਬੇ ਬਾਰੇ ਕੋਈ ਅਰਥ ਸ਼ਾਸਤਰੀ ਦਾਅਵਾ ਕਰੇਗਾ ਕਿ ਉਥੇ ਉੱਚੀ ਵਿਕਾਸ ਦਰ ਵਾਲੇ ਸਾਲਾਂ ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਹੋਈ ਹੈ? ਕੀ ਕੋਈ ਦਾਅਵਾ ਕਰੇਗਾ ਕਿ ਉਥੋਂ ਦੇ ਕਿਸਾਨ ਗਰੀਬੀ ਦੀ ਰੇਖਾ ਤੋਂ ਉਪਰ ਆ ਗਏ ਹਨ? ਸਾਨੂੰ ਇਨ੍ਹਾਂ ਅੰਕੜਿਆਂ ਦੀ ਬਾਜ਼ੀਗਰੀ ਤੋਂ ਕੋਈ ਜਵਾਬ ਨਹੀਂ ਮਿਲਦਾ।

ਭਾਰਤ ਦਾ ਕਿਸਾਨ ਆਪਣੀ ਗਰੀਬੀ ਤੋਂ ਓਨਾ ਪ੍ਰੇਸ਼ਾਨ ਨਹੀਂ, ਜਿੰਨਾ ਸਰਕਾਰਾਂ ਦੇ ਝੂਠੇ ਭਰੋਸਿਆਂ, ਦਾਅਵਿਆਂ ਤੋਂ ਪ੍ਰੇਸ਼ਾਨ ਹੈ। ਦੋ ਰਾਜਾਂ ਵਿੱਚ ਕਿਸਾਨ ਅੰਦੋਲਨ ਕਰ ਰਹੇ ਹਨ, ਪਰ ਕੀ ਤੁਸੀਂ ਦੇਸ਼ ਦੇ ਖੇਤੀਬਾੜੀ ਮੰਤਰੀ ਦਾ ਕੋਈ ਬਿਆਨ ਪੜ੍ਹਿਆ-ਸੁਣਿਆ ਹੈ? ਕੀ ਤੁਸੀਂ ਅਜਿਹੇ ਅੰਦੋਲਨਾਂ ਸਮੇਂ ਖੇਤੀ ਮੰਤਰੀ ਨੂੰ ਕਿਸਾਨਾਂ ਵਿੱਚ ਜਾਂਦੇ ਦੇਖਿਆ ਹੈ?

ਕਿਸਾਨ ਉਹੀ ਮੰਗ ਕਰ ਰਹੇ ਹਨ, ਜੋ 2006 ਦੇ ਸਵਾਮੀਨਾਥਨ ਫਾਰਮੂਲੇ ਦੇ ਆਧਾਰ 'ਤੇ ਉਨ੍ਹਾਂ ਨੂੰ ਦੇਣ ਦੀ ਗੱਲ ਹੋ ਰਹੀ ਹੈ। ਭਾਜਪਾ ਨੇ 2014 ਵਿੱਚ ਆਪਣੇ ਚੋਣ ਮਨੋਰਥ ਪੱਤਰ ਵਿੱਚ ਕਿਹਾ ਸੀ ਕਿ ਖੇਤੀ ਵਿੱਚ ਜੋ ਲਾਗਤ ਆਵੇਗੀ, ਉਸ ਦਾ 50 ਫੀਸਦੀ ਮੁਨਾਫਾ ਜੋੜ ਕੇ ਫਸਲ ਦੀ ਕੀਮਤ ਮਿੱਥੀ ਜਾਵੇਗੀ। ਹੁਣ ਭਾਜਪਾ ਦੇ ਕੌਮੀ ਪ੍ਰਧਾਨ ਦਾ ਕਹਿਣਾ ਹੈ ਕਿ ਕੋਈ ਵੀ ਸਰਕਾਰ ਸਵਾਮੀਨਾਥਨ ਫਾਰਮੂਲੇ ਦੇ ਹਿਸਾਬ ਨਾਲ ਫਸਲ ਦਾ ਭਾਅ ਨਹੀਂ ਮਿੱਥ ਸਕਦੀ। ਸਰਕਾਰ ਨੇ ਸੁਪਰੀਮ ਕੋਰਟ ਵਿੱਚ ਵੀ ਇਹੋ ਕਿਹਾ ਹੈ ਕਿ ਇੰਨੀ ਰਕਮ ਨਹੀਂ ਦਿੱਤੀ ਜਾ ਸਕਦੀ।

ਸਵਾਲ ਇਹ ਹੈ ਕਿ ਫਿਰ ਕਿਸਾਨਾਂ ਨਾਲ ਝੂਠਾ ਵਾਅਦਾ ਕਿਉਂ ਕੀਤਾ ਗਿਆ? ਉਸ ਦੀ ਥਾਂ ਪੰਜ ਸਾਲਾਂ ਬਾਅਦ ਦੁੱਗਣੀ ਆਮਦਨ ਕਰਨ ਦਾ ਨਵਾਂ ਸੁਫਨਾ ਦਿਖਾਇਆ ਜਾਣ ਲੱਗਾ ਹੈ। ਪਿਛਲੇ ਮਹੀਨੇ ਭਾਜਪਾ ਦੇ ਕੌਮੀ ਪ੍ਰਧਾਨ ਨੇ ਦਾਅਵਾ ਕੀਤਾ ਸੀ ਕਿ ਲਾਗਤ ਦਾ 43 ਫੀਸਦੀ ਵੱਧ ਜੋੜ ਕੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਗਿਆ ਹੈ, ਪਰ ਇਸ ਵਿੱਚ ਸਵਾਮੀਨਾਥਨ ਫਾਰਮੂਲੇ ਮੁਤਾਬਕ ਜ਼ਮੀਨ ਦੇ ਕਿਰਾਏ ਦੀ ਕੀਮਤ ਨਹੀਂ ਜੋੜੀ ਗਈ। ਜੇ ਕਿਸੇ ਫਾਰਮੂਲੇ ਦਾ ਮੂਲ ਆਧਾਰ ਹੀ ਕੱਢ ਦਿੱਤਾ ਤਾਂ ਇਹ ਦਾਅਵਾ ਕਿਵੇਂ ਕੀਤਾ ਜਾ ਸਕਦਾ ਹੈ ਕਿ 43 ਫੀਸਦੀ ਵੱਧ ਰਕਮ ਜੋੜ ਕੇ ਘੱਟੋ ਘੱਟ ਸਮਰਥਨ ਮੁੱਲ ਦੇ ਦਿੱਤਾ ਗਿਆ?

ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਸਾਰੇ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ ਦਾ ਲਾਭ ਨਹੀਂ ਮਿਲਦਾ। ਕਣਕ, ਝੋਨੇ ਅਤੇ ਗੰਨੇ ਵਰਗੀਆਂ ਫਸਲਾਂ ਵਿੱਚ ਬਹੁਤੇ ਕਿਸਾਨ ਘੱਟੋ ਘੱਟ ਸਮਰਥਨ ਮੁੱਲ ਦਾ ਲਾਭ ਉਠਾ ਲੈਂਦੇ ਹਨ। ਸੁਬਰਾਮਨੀਅਮ ਦਾ ਬਿਆਨ ਹੈ ਕਿ ਕੇਂਦਰ ਸਰਕਾਰ ਨੇ ਦਾਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕੀਤਾ, ਪਰ ਇਸ ਦੇ ਬਾਵਜੂਦ 60 ਫੀਸਦੀ ਕਿਸਾਨਾਂ ਨੂੰ ਆਪਣੀਆਂ ਦਾਲਾਂ ਘੱਟੋ ਘੱਟ ਸਮਰਥਨ ਮੁੱਲ ਨਾਲੋਂ ਘੱਟ ਭਾਅ 'ਤੇ ਵੇਚਣੀਆਂ ਪਈਆਂ ਹਨ। ਜਦੋਂ ਦਾਲਾਂ ਵਰਗੀ ਨਕਦ ਫਸਲ ਵਿੱਚ ਘੱਟੋ ਘੱਟ ਸਮਰਥਨ ਮੁੱਲ ਸਾਰੇ ਕਿਸਾਨਾਂ ਨੂੰ ਨਹੀਂ ਮਿਲਦਾ ਤਾਂ ਕਿਸਾਨਾਂ ਦੀ ਆਮਦਨ ਕਿਵੇਂ ਵਧੇਗੀ?



ਰਵੀਸ਼ ਕੁਮਾਰ

ਭਾਰਤ ਦੇ ਕਿਸਾਨ ਤੋਂ ਆਪਣੀ ਗਰੀਬੀ ਨਾਲ ਨਹੀਂ ਲੜਿਆ ਜਾ ਰਿਹਾ। ਉਸ ਨੇ ਖੇਤੀ ਕਰਨੀ ਹੁੰਦੀ ਹੈ, ਇਸ ਲਈ ਉਹ ਕਦੇ-ਕਦੇ ਭੜਕ ਉਠਦਾ ਤੇ ਅੰਦੋਲਨ ਕਰਦਾ ਹੈ।

ਬਿਹਤਰ ਹੈ ਕਿ ਅਸੀਂ ਉਸ ਦੀ ਗਰੀਬੀ, ਸਹਿਣਸ਼ੀਲਤਾ ਦਾ ਮਜ਼ਾਕ ਨਾ ਉਡਾਈਏ। ਤੁਸੀਂ ਨੀਤੀ ਆਯੋਗ ਦੇ ਖੋਜ ਪੱਤਰਾਂ ਨੂੰ ਪੜ੍ਹੋ, ਕਿਸੇ ਨਾ ਕਿਸੇ ਬਹਾਨੇ ਇਸ ਗੱਲ 'ਤੇ ਜ਼ੋਰ ਮਿਲੇਗਾ ਕਿ ਕਿਸਾਨਾਂ ਨੂੰ ਖੇਤੀ ਦੇ ਧੰਦੇ ਤੋਂ ਵੱਖ ਕੀਤਾ ਜਾਵੇ, ਪਰ ਚੋਣਾਂ ਆਉਂਦੀਆਂ ਹਨ ਤਾਂ ਪੋਸਟਰਾਂ 'ਤੇ ਕਿਸਾਨਾਂ ਦੀ ਪਲਾਇਨ ਰੋਕਣ ਦੇ ਵਾਅਦੇ ਦੇਖਣ ਨੂੰ ਮਿਲਦੇ ਹਨ, ਜਦ ਕਿ ਨੀਤੀ ਅਤੇ ਨੀਤ ਇਸ ਦੇ ਉਲਟ ਹੁੰਦੀ ਹੈ।

ਕਿਸਾਨਾਂ ਨੂੰ ਵੀ ਹਿੰਸਕ ਅੰਦੋਲਨਾਂ ਦਾ ਰਾਹ ਛੱਡ ਕੇ ਲੰਮੇ ਸੰਘਰਸ਼ ਦਾ ਰਾਹ ਲੱਭਣਾ ਪਵੇਗਾ, ਪਰ ਤੁਸੀਂ ਸੋਚੋ, ਜਿਹੜਾ ਕਿਸਾਨ 1600 ਰੁਪਏ ਮਹੀਨਾ ਕਮਾਉਂਦਾ ਹੋਵੇ, ਕੀ ਉਹ ਸਭ ਕੁਝ ਛੱਡ ਕੇ ਲੰਮਾ ਸੰਘਰਸ਼ ਚਲਾ ਸਕਦਾ ਹੈ? ਹੋ ਸਕਦਾ ਹੈ ਕਿ ਕਿਸਾਨ ਹਿੰਸਾ ਦਾ ਸਹਾਰਾ ਇਸ ਲਈ ਲੈਂਦੇ ਹੋਣ ਕਿ ਸਰਕਾਰ ਉਨ੍ਹਾਂ ਦੀ ਗੱਲ ਛੇਤੀ ਸੁਣ ਲਵੇ ਤੇ ਅੰਦੋਲਨ ਛੇਤੀ ਖਤਮ ਹੋ ਜਾਵੇ।

ਹਿੰਸਾ ਕਾਰਨ ਮੀਡੀਆ ਨੂੰ ਮੌਕਾ ਮਿਲ ਜਾਂਦਾ ਹੈ ਤੇ ਉਹ ਕਿਸਾਨਾਂ ਨੂੰ ਹਿੰਸਾਕਾਰੀ ਵਜੋਂ ਪੇਸ਼ ਕਰ ਦਿੰਦਾ ਹੈ। ਅਸੀਂ ਸਮਾਜ ਵਿੱਚ ਕਿਸਾਨਾਂ ਨੂੰ ਹਿੰਸਾਕਾਰੀ ਮੰਨ ਲੈਂਦੇ ਹਾਂ। ਉਨ੍ਹਾਂ ਦੀ ਭੁੱਖ, ਬੇਵਸੀ ਤੇ ਤਿਆਗ ਭੁੱਲ ਜਾਂਦੇ ਹਾਂ। ਅੰਨ-ਦਾਤਾ ਜਾਂ ਹਿੰਸਕ ਬਣਦਾ ਜਾਂ ਖੁਦਕੁਸ਼ੀ ਕਰ ਲੈਂਦਾ ਹੈ। ਇਹੋ ਕਿਸਾਨਾਂ ਦੀ ਤ੍ਰਾਸਦੀ ਹੈ।

# ਮੁੱਠੀ ਭਰ ਕੱਟੜਪੰਥੀਆਂ ਦੀ ਨਾਸਮਝੀ ਦੇਸ਼ ਨੂੰ ਬਹੁਤ ਮਹਿੰਗੀ ਪੈ ਰਹੀ ਹੈ

ਸ੍ਰੀ ਨਰਿੰਦਰ ਮੋਦੀ ਜੀ ਨੇ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਆਪਣੇ ਸਭ ਤੋਂ ਪਹਿਲੇ ਭਾਸ਼ਣ ਵਿੱਚ ਕਿਹਾ ਸੀ, ''ਸਾਡੀ ਸਰਕਾਰ ਦੇਸ਼ ਦੇ ਗਰੀਬਾਂ ਨੂੰ ਸਮਰਪਿਤ ਹੋਵੇਗੀ।'' ਪੂਰੇ ਦੇਸ਼ ਦੇ ਬੁੱਧੀਜੀਵੀਆਂ ਨੇ ਇਸ ਸਮਰਪਣ ਦਾ ਸਵਾਗਤ ਕੀਤਾ ਸੀ। ਭਾਰਤ ਵਿੱਚ ਵਿਕਾਸ ਹੋਇਆ, ਪਰ ਸਮਾਜਕ ਨਿਆਂ ਨਹੀਂ ਹੋਇਆ। ਅੱਜ ਭਾਰਤ ਵਿਸ਼ਵ ਦੇ 12 ਅਮੀਰ ਦੇਸ਼ਾਂ ਵਿੱਚ ਸ਼ਾਮਲ ਹੈ। ਭਾਰਤ ਦੀ ਅਰਥ ਵਿਵਸਥਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਦੂਜੇ ਪਾਸੇ ਯੂ ਐੱਨ ਦੀ ਰਿਪੋਰਟ ਅਨੁਸਾਰ ਵਿਸ਼ਵ ਦੇ ਸਭ ਤੋਂ ਵੱਧ ਭੁੱਖੇ ਲੋਕ ਭਾਰਤ ਵਿੱਚ ਰਹਿੰਦੇ ਹਨ। ਕੁਪੋਸ਼ਣ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਭਾਰਤ ਵਿੱਚ ਹੈ। ਹੰਗਰ ਇੰਡੈਕਸ ਵਿੱਚ ਭਾਰਤ ਅਫਰੀਕਾ ਦੇ ਕੁੱਝ ਦੇਸ਼ਾਂ ਤੋਂ ਵੀ ਹੇਠਾਂ ਹੈ। ਵਿਕਾਸ ਹੁੰਦਾ ਰਿਹਾ, ਪਰ ਉਸ ਦੇ ਨਾਲ ਅਮੀਰੀ ਚਮਕਦੀ ਰਹੀ ਤੇ ਗਰੀਬੀ ਸਿਸਕਦੀ ਰਹੀ।

ਪਿਛਲੇ ਤਿੰਨ ਸਾਲਾਂ ਵਿੱਚ ਕੇਂਦਰ ਦੀ ਸਰਕਾਰ ਨੇ ਅੰਨਤੋਦਿਆ ਦੀ ਭਾਵਨਾ ਨਾਲ ਆਮ ਗਰੀਬ ਵਿਅਕਤੀ ਦੇ ਵਿਕਾਸ ਲਈ ਬਹੁਤ ਸਾਰੀਆਂ ਯੋਜਨਾਵਾਂ ਸ਼ੁਰੂ ਕੀਤੀਆਂ। ਜੋ ਯੋਜਨਾਵਾਂ ਪਹਿਲਾਂ ਉਪਰੋਂ ਚੱਲਦੀਆਂ ਸਨ, ਉਹ ਹੁਣ ਪਿੰਡਾਂ ਅਤੇ ਗਰੀਬਾਂ ਤੋਂ ਸ਼ੁਰੂ ਹੋ ਰਹੀਆਂ ਹਨ। ਇੱਕ ਤਰ੍ਹਾਂ ਨਾਲ ਪੂਰੀ ਆਰਥਿਕ ਵਿਵਸਥਾ ਨੂੰ ਸ਼ੀਰਸ਼ ਆਸਣ ਕਰਵਾ ਦਿੱਤਾ ਹੈ। ਸਭ ਪਾਸੇ ਉਤਸ਼ਾਹ ਹੈ। ਨਵੇਂ ਭਾਰਤ ਦੇ ਨਿਰਮਾਣ ਦਾ ਰਾਹ ਪੱਧਰਾ ਹੋ ਰਿਹਾ ਹੈ।

ਦੇਸ਼ ਵਿੱਚ ਕੁਝ ਕੱਟੜਵਾਦੀ ਤੱਤ ਹਿੰਦੂਤਵ ਦੇ ਨਾਂਅ 'ਤੇ ਇਸ ਸਾਰੇ ਵਾਤਾਵਰਣ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੁੱਖ ਮੁੱਦਿਆਂ ਤੋਂ ਭਟਕ ਰਹੇ ਹਨ। ਕਿਤੇ ਕਿਤੇ ਦਲਿਤਾਂ 'ਤੇ ਉਚ ਜਾਤੀ ਦੇ ਲੋਕਾਂ ਵੱਲੋਂ ਅਤਿਆਚਾਰ ਕਰਨ ਦੀਆਂ ਖਬਰਾਂ ਆਈਆਂ। ਕੁੱਝ ਦਲਿਤਾਂ ਨੇ ਦੁਖੀ ਹੋ ਕੇ ਧਰਮ ਤਬਦੀਲ ਕੀਤਾ। ਗਊ ਰੱਖਿਆ ਦੇ ਨਾਂਅ ਉੱਤੇ ਹਿੰਸਾ ਫੈਲਾਉਣ ਦੀ ਕੋਸ਼ਿਸ਼ ਕੀਤੀ। ਖਾਣ-ਪੀਣ ਨੂੰ ਲੈ ਕੇ ਕੱਟੜਪੰਥੀਆਂ ਨੇ ਵਾਤਾਵਰਣ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਭ ਦੀ ਪ੍ਰਤੀਕਿਰਿਆ ਵਿੱਚ ਕਿਤੇ-ਕਿਤੇ ਖੁੱਲ੍ਹੇਆਮ ਬੀਫ ਪਾਰਟੀਆਂ ਦਾ ਆਯੋਜਨ ਕਰ ਕੇ ਇੱਕ ਅਤਿ ਨਿੰਦਣ ਯੋਗ ਦ੍ਰਿਸ਼ ਪੈਦਾ ਕੀਤਾ ਗਿਆ।

ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਕਿਤੇ ਕਿਤੇ ਕੁੱਝ, ਅਤੇ ਕਥਿਤ, ਹਿੰਦੂ ਨੇਤਾਵਾਂ ਨੇ ਇਨ੍ਹਾਂ ਨੂੰ ਸਿੱਧਾ ਸਮਰਥਨ ਕੀਤਾ। ਇਨ੍ਹਾਂ ਸਭ ਗੱਲਾਂ ਵਿੱਚ ਹਿੰਦੂਤਵ ਦਾ ਨਾਂਅ ਜੋੜਨਾ ਹਿੰਦੂਤਵ ਦੀ ਉਦਾਰ ਭਾਵਨਾ ਨਾਲ ਬਹੁਤ ਵੱਡਾ ਅਨਿਆਂ ਹੈ।

ਹਿੰਦੂਤਵ ਖਾਣ-ਪੀਣ ਵਿੱਚ ਨਹੀਂ, ਪਹਿਰਾਵੇ ਵਿੱਚ ਨਹੀਂ, ਰੀਤੀ ਰਿਵਾਜਾਂ ਵਿੱਚ ਨਹੀਂ, ਪੂਜਾ ਪ੍ਰਣਾਲੀ ਵਿੱਚ ਵੀ ਨਹੀਂ ਹੈ। ਹਿੰਦੂਤਵ ਇੱਕ ਮਨੁੱਖੀ ਧਰਮ ਹੈ। ਇੱਕ ਜੀਵਨ ਪ੍ਰਣਾਲੀ ਹੈ। ਹਿੰਦੂਤਵ ਦੀ ਕੋਈ ਇੱਕ ਕਿਤਾਬ ਨਹੀਂ, ਕੋਈ ਇੱਕ ਪੈਗੰਬਰ ਨਹੀਂ, ਕੋਈ ਇੱਕ ਪੂਜਾ ਪ੍ਰਣਾਲੀ ਵੀ ਨਹੀਂ, ਇਹ ਪੂਜਾ ਪ੍ਰਣਾਲੀਆਂ ਦੀਆਂ ਨਦੀਆਂ ਦਾ ਇੱਕ ਮਹਾ ਸਮੁੰਦਰ ਹੈ। ਇਥੋਂ ਤੱਕ ਕਿ ਈਸ਼ਵਰ ਨੂੰ ਨਾ ਮੰਨਣ ਵਾਲਾ ਵੀ ਹਿੰਦੂ ਹੋ ਸਕਦਾ ਹੈ। ਇਸ ਦੇਸ਼ ਨੇ ਤਾਂ ਭੌਤਿਕਵਾਦੀ ਚਾਰਵਾਕ ਨੂੰ ਵੀ ਹਿੰਦੂ ਕਹਿਣ ਦੀ ਹਿੰਮਤ ਕੀਤੀ ਸੀ।




ਬੁੱਧ ਮੱਤ ਪੈਦਾ ਭਾਰਤ ਵਿੱਚ ਹੋਇਆ, ਪਰ ਉਸ ਧਰਮ ਦਾ ਪੂਰਾ ਦਰਸ਼ਨ, ਵਿਚਾਰ ਅਤੇ ਵਿਸਤਾਰ ਤਿੱਬਤ 'ਚ ਹੋਇਆ। ਉਥੋਂ ਪੂਰੇ ਵਿਸ਼ਵ ਵਿੱਚ ਬੁੱਧ ਮੱਤ ਫੈਲਿਆ। ਅੱਜ ਵੀ ਦਲਾਈ ਲਾਮਾ ਵਿਸ਼ਵ ਦੇ ਸਭ ਤੋਂ ਸਨਮਾਨਤ ਧਾਰਮਿਕ ਨੇਤਾ ਹਨ। ਉਥੇ ਖਾਣ-ਪੀਣ 'ਤੇ ਕੋਈ ਰੋਕ ਨਹੀਂ ਰਹੀ। ਮਾਸਾਹਾਰੀ 'ਤੇ ਕਿਸੇ ਵੀ ਕਿਸਮ ਦੀ ਕੋਈ ਪਾਬੰਦੀ ਨਹੀਂ ਰਹੀ।

ਕਿਤੇ ਕਿਤੇ ਅੱਜ ਵੀ ਛੂਆ ਛਾਤ ਦਾ ਸਮਰਥਨ ਕੀਤਾ ਜਾਂਦਾ ਹੈ। ਕੁੱਝ ਮੰਦਰਾਂ ਵਿੱਚ ਦਲਿਤਾਂ ਅਤੇ ਔਰਤਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਅਤੇ ਇਹ ਸਭ ਪਾਪ ਹਿੰਦੂਤਵ ਦੇ ਨਾਂਅ 'ਤੇ ਕੀਤਾ ਜਾਂਦਾ ਹੈ। ਹਿੰਦੂਤਵ ਤਾਂ ਹਰੇਕ ਵਿਅਕਤੀ ਵਿੱਚ ਭਗਵਾਨ ਨੂੰ ਦੇਖਦਾ ਹੈ। ਕੀ ਇਤਿਹਾਸ ਤੋਂ ਅਸੀਂ ਕੁੱਝ ਵੀ ਨਹੀਂ ਸਿੱਖਾਂਗੇ। ਇਤਿਹਾਸ ਦੀ ਇੱਕ ਕੌੜੀ ਸੱਚਾਈ ਇਹ ਹੈ ਕਿ ਪਾਕਿਸਤਾਨ ਮੁਹੰਮਦ ਅਲੀ ਜਿੱਨਾਹ ਨੇ ਨਹੀਂ ਬਣਾਇਆ। ਪਾਕਿਸਤਾਨ ਹਿੰਦੂ ਧਰਮ ਦੇ ਉਨ੍ਹਾਂ ਲੋਕਾਂ ਨੇ ਬਣਾਇਆ, ਜਿਨ੍ਹਾਂ ਨੇ ਆਪਣੇ ਹੀ ਸਮਾਜ ਦੇ ਲੋਕਾਂ ਨੂੰ ਦਲਿਤ ਕਹਿ ਕੇ ਦੁਰਕਾਰਿਆ ਤੇ ਵਿਦੇਸ਼ੀਆਂ ਨੇ ਉਨ੍ਹਾਂ ਨੂੰ ਸਵੀਕਾਰਿਆ। ਇਹ ਇੱਕ ਰਾਸ਼ਟਰੀ ਅਤੇ ਸੰਸਕ੍ਰਿਤਕ ਪਾਪ ਇਨ੍ਹਾਂ ਹੀ ਕਥਿਤ ਹਿੰਦੂਆਂ ਨੇ ਕੀਤਾ ਸੀ।

ਭਾਰਤ ਇੱਕ ਵਿਸ਼ਾਲ ਦੇਸ਼ ਹੈ। ਵੱਖ ਵੱਖ ਖਾਣ-ਪੀਣ, ਪਹਿਰਾਵਾ, ਰੀਤੀ ਰਿਵਾਜ, ਬੋਲਚਾਲ ਅਤੇ ਭਾਸ਼ਾ ਇਸ ਅਨੇਕਤਾ-ਵਿੱਚ ਹੀ ਇੱਕ ਸੰਸਕ੍ਰਿਤਕ ਏਕਤਾ ਰਹੀ ਹੈ। ਇਹੀ ਭਾਰਤ ਦੀ ਇੱਕ ਅਜਿਹੀ ਵਿਸ਼ੇਸ਼ਤਾ ਹੈ, ਜਿਸ ਦੇ ਕਾਰਨ ਸਦੀਆਂ ਦੀਆਂ ਹਨੇਰੀਆਂ ਤੇ ਤੂਫਾਨਾਂ ਤੋਂ ਬਾਅਦ ਵੀ ਅੱਜ ਭਾਰਤ, ਭਾਰਤ ਹੈ। ਜਦੋਂ ਰੋਮ ਸਾਮਰਾਜ ਦਾ ਜਨਮ ਨਹੀਂ ਹੋਇਆ ਸੀ ਅਤੇ ਯੂਰਪ ਦੇ ਲੋਕ ਜੰਗਲਾਂ ਵਿੱਚ ਘੁੰਮਦੇ ਸਨ ਤਾਂ ਭਾਰਤ ਵਿੱਚ ਵੇਦ-ਪੁਰਾਣਾਂ ਦੀ ਰਚਨਾ ਕੀਤੀ ਗਈ। ਇਸੇ ਲਈ ਤਾਂ ਕਵੀ ਇਕਬਾਲ ਨੇ ਕਿਹਾ ਸੀ :

'ਯੂਨਾਨ, ਮਿਸਰ, ਰੋਮਾਂ ਸਭ ਮਿਟ ਗਏ ਜਹਾਂ ਸੇ,
ਅਬ ਤਕ ਮਗਰ ਹੈ ਬਾਕੀ ਨਾਮੋ-ਨਿਸ਼ਾਨ ਹਮਾਰਾ।
ਕੁੱਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,
ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜਮਾਂ ਹਮਾਰਾ।'

ਅੱਜ ਦੇ ਯੁੱਗ ਵਿੱਚ ਸਵਾਮੀ ਵਿਵੇਕਾਨੰਦ ਤੋਂ ਵੱਡਾ ਕੋਈ ਹਿੰਦੂ ਨਹੀਂ ਹੋ ਸਕਦਾ। ਉਨ੍ਹਾਂ ਨੇ ਸਪੱਸ਼ਟ ਕਿਹਾ ਸੀ ਕਿ ਹਿੰਦੂਤਵ ਵਿਅਰਥ ਦੇ ਕਰਮ ਕਾਂਡ ਵਿੱਚ ਨਹੀਂ, ਕੁਰੀਤੀਆਂ ਵਿੱਚ ਨਹੀਂ, ਖਾਣ ਪੀਣ ਵਿੱਚ ਵੀ ਨਹੀਂ, ਹਿੰ-ਦੂਤਵ ਤਾਂ ਜੀਵਨ ਦਾ ਇੱਕ ਮਨੁੱਖੀ ਦ੍ਰਿਸ਼ਟੀਕੋਣ ਹੈ। ਉਨ੍ਹਾਂ ਨੇ ਕਿਹਾ ਸੀ ਕਿ ਧਰਮ ਨੂੰ ਰਸੋਈ ਦਾ ਧਰਮ ਨਾ ਬਣਾਓ। ਧਰਮ ਭਾਰਤ ਦੀ ਹਾਂਡੀ ਨਹੀਂ ਹੈ। ਦੇਸ਼ ਦੇ ਸਭ ਮਹਾਂਪੁਰਸ਼ਾਂ ਨੇ ਹਿੰਦੂ ਧਰਮ ਦੀ ਇਹੀ ਵਿਆਖਿਆ ਕੀਤੀ ਹੈ। ਭਾਰਤ ਦੀ ਸੁਪਰੀਮ ਕੋਰਟ ਨੇ ਵੀ ਆਪਣੇ ਇੱਕ ਇਤਿਹਾਸਕ ਫੈਸਲੇ ਵਿੱਚ ਕਿਹਾ ਸੀ ਕਿ ਹਿੰਦੂਤਵ ਪੂਜਾ ਪ੍ਰਣਾਲੀ ਨਹੀਂ, ਇੱਕ ਜੀਵਨ ਪ੍ਰਣਾਲੀ ਹੈ।



ਸ਼ਾਂਤਾ ਕੁਮਾਰ
ਭਾਜਪਾ ਆਗੂ ਅਤੇ
ਸਾਬਕਾ ਮੁੱਖ ਮੰਤਰੀ ਹਿਮਾਚਲ ਪ੍ਰਦੇਸ਼

ਛੇ ਦਸੰਬਰ ਨੂੰ ਅਯੁੱਧਿਆ ਵਿੱਚ ਬਾਬਰੀ ਮਸਜਿਦ ਦੇ ਢਾਂਚੇ ਨੂੰ ਡੇਗਣਾ ਇੱਕ ਬਹੁਤ ਵੱਡੀ ਗਲਤੀ ਸੀ। ਉਸ ਦਾ ਹਿੰਦੂਤਵ ਨਾਲ ਕੋਈ ਸੰਬੰਧ ਨਹੀਂ ਹੋ ਸਕਦਾ। ਉਸ ਨਾਲ ਹਿੰਦੂਤਵ ਨੂੰ ਨੁਕਸਾਨ ਹੋਇਆ। ਹਿੰਦੂਤਵ ਦੀ ਸ਼ਾਨ ਘਟੀ।

ਜਿਸ ਹਿੰਦੂਤਵ ਬਾਰੇ ਮਾਣ ਨਾਲ ਕਿਹਾ ਜਾਂਦਾ ਸੀ ਕਿ ਹਿੰਦੂ ਦੂਜੇ ਦੇਸ਼ਾਂ ਵਿੱਚ ਗਏ, ਪਰ ਕਦੇ ਮਸਜਿਦ ਜਾਂ ਚਰਚਾ ਨੂੰ ਨਹੀਂ ਤੋੜਿਆ। ਛੇ ਦਸੰਬਰ ਤੋਂ ਬਾਅਦ ਪੂਰੇ ਵਿਸ਼ਵ ਵਿੱਚ ਹਿੰਦੂਤਵ ਦੇ ਸੰਬੰਧ ਵਿੱਚ ਗਲਤ ਧਾਰਨਾ ਪਹੁੰਚ ਗਈ। ਦੰਗੇ ਹੋਏ, ਸੈਂਕੜੇ ਲੋਕ ਮਰੇ। ਦੇਸ਼ ਦੇ ਕਰੋੜਾਂ ਲੋਕਾਂ ਦੇ ਯਤਨਾਂ ਤੋਂ ਬਾਅਦ ਵੀ ਅਯੁੱਧਿਆ ਵਿੱਚ ਰਾਮ ਮੰਦਰ ਨਹੀਂ ਬਣ ਸਕਿਆ, ਕਦੋਂ ਬਣੇਗਾ, ਕੁੱਝ ਨਹੀਂ ਕਿਹਾ ਜਾ ਸਕਦਾ। ਉਸ ਸਮੇਂ ਭਾਜਪਾ ਦੇ ਅਸੀਂ ਚਾਰ ਮੁੱਖ ਮੰਤਰੀਆਂ ਨੇ ਮਿਲ ਕੇ ਇੱਕ ਸੁਝਾਅ ਦਿੱਤਾ ਸੀ। ਜੇ ਸਾਡੀ ਗੱਲ ਮੰਨੀ ਗਈ ਹੁੰਦੀ ਤਾਂ ਅਯੁੱਧਿਆ ਵਿੱਚ ਵਿਸ਼ਾਲ ਰਾਮ ਮੰਦਰ ਹੁੰਦਾ, ਭਾਜਪਾ ਦੀਆਂ ਚਾਰ ਸਰਕਾਰਾਂ ਨਾ ਡੇਗੀਆਂ ਜਾਂਦੀਆਂ, ਦੰਗੇ ਨਾ ਹੁੰਦੇ ਤੇ ਵਿਸ਼ਵ ਭਰ ਵਿੱਚ ਹਿੰਦੂਤਵ ਦੀ ਸ਼ਾਨ ਨੂੰ ਕੋਈ ਠੇਸ ਨਾ ਪਹੁੰਚਦੀ, ਪਰ ਸਾਡੀ ਗੱਲ ਸੁਣੀ

(ਬਾਕੀ ਸਫਾ 15 ਤੇ)

# ਕਰਜ਼ਾ ਮੁਆਫ਼ੀ ਦੇ ਨਾਲ-ਨਾਲ ਕਿਸਾਨਾਂ ਦੀ ਪੱਕੀ ਆਮਦਨ ਯਕੀਨੀ ਬਣਾਈ ਜਾਵੇ


ਯੋਗੇਂਦਰ ਯਾਦਵ

ਖੇਤੀ ਕਰਜ਼ਾ ਮੁਆਫ਼ੀ ਐਲਾਨਣ ਵਾਲੇ ਸੂਬਿਆਂ ਦੀ ਸੂਚੀ ਵਿੱਚ ਹੁਣ ਜਦੋਂ ਪੰਜਾਬ ਵੀ ਸ਼ਾਮਲ ਹੋ ਗਿਆ ਹੈ ਤਾਂ ਸਿਆਸੀ ਆਗੂਆਂ ਨੇ ਵੱਡੇ ਪੱਧਰ 'ਤੇ ਇਸ ਵਿਚਾਰ ਦੇ ਹੱਕ ਵਿੱਚ ਆਪਣੇ ਵਿਚਾਰ ਪ੍ਰਗਟਾਉਣੇ ਸ਼ੁਰੂ ਕਰ ਦਿੱਤੇ ਹਨ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਪੱਖੋਂ ਪਹਿਲ ਤੇਲੰਗਾਨਾ ਨੇ ਕੀਤੀ ਸੀ ਤੇ ਉਸ ਦੇ ਤੁਰੰਤ ਬਾਅਦ ਆਂਧਰਾ ਪ੍ਰਦੇਸ਼ ਨੇ ਵੀ ਇਹ ਐਲਾਨ ਕਰ ਦਿੱਤਾ ਸੀ। ਪਰ ਤਾਜ਼ਾ ਗੇੜ ਵਿੱਚ ਪਹਿਲਾਂ ਉਤਰ ਪ੍ਰਦੇਸ਼, ਫਿਰ ਮਹਾਰਾਸ਼ਟਰ ਤੇ ਹੁਣ ਪੰਜਾਬ ਵਲੋਂ ਅਜਿਹਾ ਐਲਾਨ ਕੀਤੇ ਜਾਣ ਤੋਂ ਬਾਅਦ ਅਤੇ ਆਉਂਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਸਮੁੱਚੇ ਦੇਸ਼ ਵਿੱਚ ਹੀ ਖੇਤੀ ਕਰਜ਼ੇ ਮੁਆਫ਼ ਕਰਵਾਉਣ ਲਈ ਲਹਿਰ ਸ਼ੁਰੂ ਹੋ ਗਈ ਹੈ।

ਅਜਿਹੀ ਲਹਿਰ ਦੇ ਨਾਲ ਹੀ, ਬਹੁਗਿਣਤੀ ਟਿੱਪਣੀਕਾਰਾਂ ਨੇ ਵੀ ਲਗਭਗ ਸਰਬਸੰਮਤੀ ਨਾਲ ਕਰਜ਼-ਮੁਆਫ਼ੀ ਦੇ ਵਿਚਾਰ ਨੂੰ ਰੱਦ ਕੀਤਾ ਹੈ। ਬਹੁਤੇ ਅਰਥ-ਸ਼ਾਸਤਰੀਆਂ ਤੇ ਨੀਤੀਘਾੜਿਆਂ ਨੇ ਤਾਂ ਇਸ 'ਵਾਇਰਸ' ਨੂੰ ਹੋਰ ਨਾ ਫੈਲਣ ਦੀ ਚੇਤਾਵਨੀ ਵੀ ਦੇ ਦਿੱਤੀ ਹੈ। ਸੰਪਾਦਕੀ ਪੰਨੇ ਇਸ 'ਬੁੱਧੀਹੀਣ ਸ਼ੋਸ਼ੇਬਾਜ਼ੀ' ਅਤੇ ਵੋਟਾਂ ਦੀ ਸਿਆਸਤ ਦੀਆਂ ਮਜਬੂਰੀਆਂ ਵਿਰੁੱਧ ਦਲੀਲਾਂ ਨਾਲ ਭਰੇ ਪਏ ਹਨ। ਉਧਰ, ਬੈਂਕਰ ਵੀ ਅਜਿਹੇ ਫ਼ੈਸਲੇ ਕਾਰਨ ਹੋਣ ਵਾਲੇ ਸੰਭਾਵੀ 'ਨੈਤਿਕ ਨੁਕਸਾਨ' ਦੀਆਂ ਗੱਲਾਂ ਕਰ ਰਹੇ ਹਨ। ਅਰਥ-ਸ਼ਾਸਤਰੀਆਂ ਨੂੰ ਇਸ ਫ਼ੈਸਲੇ ਨਾਲ ਸਰਕਾਰ ਦੇ ਅਰਥਚਾਰੇ ਉਤੇ ਮਾੜਾ ਅਸਰ ਪੈਣ ਦੀ ਚਿੰਤਾ ਲੱਗੀ ਹੋਈ ਹੈ। ਬਹੁਤੇ ਖੇਤੀਬਾੜੀ ਮਾਹਰਾਂ ਨੇ ਵੀ ਕਰਜ਼-ਮੁਆਫ਼ੀ ਨੂੰ ਅਜਿਹਾ ਢਕਵੰਜ ਕਰਾਰ ਦਿੱਤਾ ਹੈ, ਜਿਸ ਨਾਲ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੋਣ ਲੱਗੇ। ਇਸ ਅਮਲ ਦੌਰਾਨ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੇ ਵੀ ਵੱਖਰੇ ਤੌਰ 'ਤੇ ਚੇਤਾਵਨੀ ਦੇ ਦਿੱਤੀ ਹੈ। ਕੇਂਦਰੀ ਵਿੱਤ ਮੰਤਰੀ ਤਾਂ ਪਹਿਲਾਂ ਹੀ ਅਜਿਹੇ ਕਰਜ਼ਾ-ਮੁਆਫ਼ੀਆਂ ਦੇ ਬੋਝ ਚੁੱਕਣ ਤੋਂ ਆਪਣਾ ਪਿੱਛਾ ਛੁਡਾ ਚੁੱਕੇ ਹਨ।

ਕਿਸਾਨ ਅੰਦੋਲਨਾਂ ਵਿੱਚ ਅਜਿਹੀਆਂ ਦਲੀਲਾਂ ਨੂੰ ਪਖੰਡ ਆਖ ਕੇ ਰੱਦ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਕਿਸਾਨਾਂ ਵਿਰੁੱਧ ਸਿਆਸੀ ਸਾਜ਼ਿਸ਼ ਦਾ ਸਬੂਤ ਦੱਸਿਆ ਜਾ ਰਿਹਾ ਹੈ। ਕਿਸਾਨਾਂ ਦੇ ਅਜਿਹੇ ਸ਼ੰਕੇ ਜਾਇਜ਼ ਵੀ ਹਨ। ਕੀ ਤੁਸੀਂ ਸਾਲ 2009 'ਚ ਅਜਿਹਾ ਕੋਈ 'ਨੈਤਿਕ ਰੌਲਾ-ਰੱਪਾ' ਸੁਣਿਆ ਸੀ, ਜਦੋਂ ਤਤਕਾਲੀ ਡਾ. ਮਨਮੋਹਨ ਸਿੰਘ ਸਰਕਾਰ ਨੇ ਕੌਮਾਂਤਰੀ ਆਰਥਿਕ ਮੰਦਹਾਲੀ ਤੋਂ ਭਾਰਤੀ ਉਦਯੋਗ ਨੂੰ ਬਚਾਉਣ ਲਈ ਉਸ ਵਾਸਤੇ ਸਹਾਇਤਾ ਵਜੋਂ ਤਿੰਨ ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦਾ ਐਲਾਨ ਕੀਤਾ ਸੀ? ਜਾਂ ਜਦੋਂ ਸਰਕਾਰ ਨੇ ਭਾਰੀ ਕਾਰਪੋਰੇਟ ਕਰਜ਼ਿਆਂ ਨੂੰ ਹਾਸੋ-ਹੀਣੀਆਂ ਮੱਦਾਂ ਦੇ ਆਧਾਰ ਉਤੇ 'ਪੁਨਰਗਠਤ' ਕੀਤਾ ਸੀ। ਕੀ ਸਾਨੂੰ ਕਦੇ ਉਦੋਂ ਅਜਿਹੀਆਂ ਕੋਈ ਵਿੱਤੀ ਚੇਤਾਵਨੀਆਂ ਸੁਣਦੀਆਂ ਹਨ, ਜਦੋਂ ਸਰਕਾਰ ਦੂਰਸੰਚਾਰ ਤੇ ਬਿਜਲੀ ਖੇਤਰ ਦੀ ਸਹਾਇਤਾ ਲਈ ਵਿਸ਼ੇਸ਼ ਸਹਾਇਤਾ ਪੈਕੇਜ ਦੇਣ ਬਾਰੇ ਵਿਚਾਰ-ਵਟਾਂਦਰਾ ਕਰਦੀ ਹੈ? ਪਰ ਜਦੋਂ ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫ਼ੀ ਦਾ ਮਾਮਲਾ ਆਉਂਦਾ ਹੈ ਤਾਂ ਅਸੀਂ ਨੈਤਿਕਤਾਵਾਂ ਉਤੇ ਬਹਿਸ ਕਰਨ ਲੱਗ ਪੈਂਦੇ ਹਾਂ। ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੇ ਨੋਟਬੰਦੀ ਵੇਲੇ ਤਾਂ ਪੂਰੀ ਤਰ੍ਹਾਂ ਚੁੱਪੀ ਧਾਰ ਲਈ ਸੀ ਪਰ ਹੁਣ ਇਸ ਮੁੱਦੇ ਉਤੇ ਉਨ੍ਹਾਂ ਦਾ ਪ੍ਰਤੀਕਰਮ ਵੀ ਤੁਰੰਤ ਸੁਣਨ ਨੂੰ ਮਿਲ ਗਿਆ ਹੈ। ਕੀ ਉਹ ਬੰਦਾ, ਵਿੱਤ ਮੰਤਰੀ ਦਾ ਬੌਸ ਨਹੀਂ ਜਿਸ ਨੇ ਉਤਰ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਸਮੇਂ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤਾ ਸੀ?

ਪਰ ਇਹ ਕੋਈ ਜਵਾਬ ਨਹੀਂ ਹੈ। ਦੋ ਨਾਕਾਰਾਤਮਕ ਗੱਲਾਂ ਨਾਲ ਕੁਝ ਵੀ ਸਾਕਾਰਾਤਮਕ ਨਹੀਂ ਹੋ ਜਾਂਦਾ। ਟੀ.ਵੀ. ਦੇ ਮੇਜ਼ਬਾਨਾਂ ਨੇ ਇਹ ਮਾਮਲਾ ਤੁਰਤ-ਫੁਰਤ ਉਠਾਇਆ ਹੈ; ਸਾਨੂੰ ਇਸ ਸੁਆਲ ਉਤੇ ਬਹੁਤ ਹੀ ਨਿਆਂਪੂਰਨ ਤਰੀਕੇ ਨਾਲ ਵਿਚਾਰ ਕਰਨਾ ਹੋਵੇਗਾ: ਕੀ ਖੇਤੀ ਕਰਜ਼-ਮੁਆਫ਼ੀ ਜਾਇਜ਼ ਹੈ? ਖੇਤੀ ਕਰਜ਼-ਮੁਆਫ਼ੀ ਦੇ ਆਲੋਚਕਾਂ ਦੀ ਨੇਕਨੀਅਤੀ ਉਤੇ ਕੋਈ ਕਿੰਤੂ-ਪ੍ਰੰਤੂ ਕੀਤੇ ਬਿਨਾਂ ਮੈਂ ਕੁਝ ਦਲੀਲਾਂ ਰੱਖਣ ਦਾ ਯਤਨ ਕਰਦਾ ਹਾਂ।

ਦਰਅਸਲ, ਖੇਤੀ ਕਰਜ਼-ਮੁਆਫ਼ੀ ਦੇ ਵਿਚਾਰ ਦੀ ਆਲੋਚਨਾ ਇਹ ਗ਼ਲਤ ਪ੍ਰਸ਼ਨ ਪੁੱਛਣ ਕਾਰਨ ਹੋ ਰਹੀ ਹੈ ਕਿ ਖੇਤੀ ਕਰਜ਼ਾ ਮੁਆਫ਼ੀ ਨਾਲ ਕੀ ਭਾਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ? ਇਸ ਦਾ ਬੜਾ ਸਪੱਸ਼ਟ ਉਤਰ ਹੈ 'ਨਹੀਂ'। ਕਰਜ਼ਾ ਮੁਆਫ਼ੀ ਕਿਸੇ ਅਜਿਹੇ ਉਦਯੋਗ ਲਈ ਤਾਂ ਇੱਕ ਮੁਕੰਮਲ ਇਲਾਜ ਵਜੋਂ ਦਰੁਸਤ ਹੋ ਸਕਦੀ ਹੈ, ਜਿਸ ਨੂੰ ਕਦੇ ਕਿਸੇ ਵੇਲੇ ਅਣਕਿਆਸੇ ਵਪਾਰਕ ਚੱਕਰ ਦੀ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੋ ਸਕਦਾ ਹੈ। ਪਰ ਅਜਿਹੀ ਕਰਜ਼ਾ ਮੁਆਫ਼ੀ ਨਾਲ ਭਾਰਤ ਦੇ ਕਿਸਾਨਾਂ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ ਕਿਉਂਕਿ ਉਸ ਨੂੰ ਤਾਂ ਪਿਛਲੇ ਲੰਮੇ ਸਮੇਂ ਤੋਂ ਕੁੱਝ ਸਥਾਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀਬਾੜੀ ਹੁਣ ਲਾਹੇਵੰਦਾ ਧੰਦਾ ਨਹੀਂ ਤੇ ਹੁਣ ਇਸ ਵਿੱਚ ਅਕਸਰ ਘਾਟਾ ਹੀ ਪੈਂਦਾ ਹੈ। ਜਦੋਂ ਤੱਕ ਅਸੀਂ ਕਿਸਾਨਾਂ ਦੀ ਆਮਦਨ ਦੇ ਇਸ ਬੁਨਿਆਦੀ ਮੁੱਦੇ ਨੂੰ ਨਹੀਂ ਛੋਂਹਦੇ, ਤਦ ਤੱਕ ਕਰਜ਼ਾ-ਮੁਆਫ਼ੀ ਨਾਲ ਤਾਂ ਸਗੋਂ ਇਹ ਸਮੱਸਿਆ ਹੋਰ ਵੀ ਲੰਮੇ ਸਮੇਂ ਲਈ ਲਟਕ ਜਾਵੇਗੀ ਤੇ ਫਿਰ ਇੱਕ ਹੋਰ ਵਾਰ ਕਰਜ਼ਾ ਮੁਆਫ਼ ਕਰਨਾ ਪਵੇਗਾ। ਇਸੇ ਲਈ ਕਰਜ਼ਾ ਮੁਆਫ਼ੀ ਹੀ ਕਾਫ਼ੀ ਨਹੀਂ ਹੈ। ਅਸਲ ਪ੍ਰਸ਼ਨ ਇਹ ਹੋਣਾ ਚਾਹੀਦਾ ਹੈ: ਕੀ ਕਰਜ਼ੇ ਦਾ ਮੌਜੂਦਾ ਬੋਝ ਹਟਾਏ ਬਗ਼ੈਰ ਕਿਸਾਨਾਂ ਦੀ ਆਮਦਨ ਦਾ ਸੰਕਟ ਹੱਲ ਕੀਤਾ ਜਾ ਸਕਦਾ ਹੈ? ਜੇ ਖੇਤੀ ਕਰਜ਼ਾ ਮੁਆਫ਼ੀ ਕਾਫ਼ੀ ਨਹੀਂ ਹੈ ਤਾਂ ਕੀ ਇਹ ਜ਼ਰੂਰੀ ਹੈ?

ਪਹਿਲਾਂ ਨੈਤਿਕ ਕਰਾਰ ਵਾਲੀ ਦਲੀਲ ਉਤੇ ਵਿਚਾਰ ਕਰਦੇ ਹਾਂ: ਜਦੋਂ ਕਰਜ਼ਾ ਇੱਕ ਵਾਰ ਲੈ ਲਿਆ ਤਾਂ ਹਰ ਹਾਲਤ ਵਿੱਚ ਮੋੜਨਾ ਵੀ ਚਾਹੀਦਾ ਹੈ। ਕਰਾਰਾਂ ਤੇ ਸਮਝੌਤਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਅਜਿਹੇ ਹਾਲਾਤ ਨੂੰ ਛੱਡ ਕੇ, ਜਦੋਂ ਬੇਕਾਬੂ ਹਾਲਾਤ ਕਾਰਨ ਅਜਿਹੇ ਕਿਸੇ ਕਰਾਰ ਦੀ ਪਾਲਣਾ ਕਰਨੀ ਅਸੰਭਵ ਹੋ ਜਾਵੇ। ਜਾਂ ਜਦੋਂ ਕੋਈ ਇਕਾਈ ਇੰਨੀ ਵੱਡੀ ਹੋਵੇ ਕਿ ਉਸ ਦੇ ਨਾਕਾਮ ਹੋਣ ਦੀ ਕੋਈ ਸੰਭਾਵਨਾ ਹੀ ਨਾ ਹੋਵੇ। ਇਨ੍ਹਾਂ ਹੀ ਦਲੀਲਾਂ ਦੇ ਆਧਾਰ ਉਤੇ ਵੱਡੇ ਕਾਰਪੋਰੇਸ਼ਨਾਂ ਨੂੰ ਵਿਸ਼ੇਸ਼ ਸਹਾਇਤਾ ਪੈਕੇਜ ਦਿੱਤੇ ਜਾਂਦੇ ਹਨ ਜਾਂ ਉਨ੍ਹਾਂ ਦੇ ਕਰਜ਼ੇ ਮੁਆਫ਼ ਹੁੰਦੇ ਹਨ। ਜੇ ਇਹ ਇੱਕ ਨਿਆਂਪੂਰਨ ਦਲੀਲ ਹੈ ਤਾਂ ਇਹ ਕਿਸਾਨਾਂ ਦੇ ਮਾਮਲੇ ਵਿੱਚ ਵੀ ਬਹੁਤ ਵੱਡੀ ਇਖ਼ਲਾਕੀ ਤਾਕਤ ਨਾਲ ਲਾਗੂ ਹੁੰਦੀ ਹੈ। ਭਾਰਤ ਦੇ ਬਹੁਗਿਣਤੀ ਕਿਸਾਨ ਆਪਣੇ ਕਰਜ਼ੇ ਮੋੜਨ ਦੀ ਸਥਿਤੀ ਵਿੱਚ ਨਹੀਂ ਹਨ। ਉਨ੍ਹਾਂ ਨੂੰ ਕੁੱਝ ਆਮਦਨ ਤਾਂ ਜ਼ਰੂਰ ਹੁੰਦੀ ਹੈ, ਪਰ ਇੰਨੀ ਨਹੀਂ ਹੁੰਦੀ ਕਿ ਜਿਸ ਨਾਲ ਉਹ ਆਪਣਾ ਗੁਜ਼ਾਰਾ ਵਧੀਆ ਢੰਗ ਨਾਲ ਕਰ ਸਕਣ। ਅਜਿਹੇ ਹਾਲਾਤ ਇਸ ਕਰਕੇ ਨਹੀਂ ਬਣੇ ਕਿ ਉਹ ਸੁਸਤ ਜਾਂ ਅਯੋਗ ਹਨ ਸਗੋਂ ਉਹ ਤਾਂ ਕਾਰੋਬਾਰ ਦੀਆਂ ਵਿਪਰੀਤ ਮੱਦਾਂ, ਸਰਕਾਰਾਂ ਦੀਆਂ ਉਦਾਸੀਨ ਨੀਤੀਆਂ, ਵਾਤਾਵਰਣਕ ਤਬਦੀਲੀ ਜਿਹੇ ਕੁੱਝ ਅਨਿਯੰਤਰਿਤ ਕਿਸਮ ਦੇ ਹਾਲਾਤ ਦੇ ਸ਼ਿਕਾਰ ਹਨ। ਨਿਸ਼ਚਿਤ ਤੌਰ 'ਤੇ ਉਨ੍ਹਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ, ਇਸ ਲਈ ਉਨ੍ਹਾਂ ਸਾਰਿਆਂ ਨੂੰ ਡੁੱਬਣ ਵੀ ਨਹੀਂ ਦਿੱਤਾ ਜਾ ਸਕਦਾ। ਅਜਿਹੀ ਸਥਿਤੀ ਵਿੱਚ ਕਿਸੇ ਕਰਜ਼ੇ ਦਾ ਕਰਾਰ ਲਾਗੂ ਕਰਨਾ ਅਣਮਨੁੱਖੀ ਤੇ ਗ਼ੈਰ-ਇਖਲਾਕੀ ਹੈ।

ਸਾਨੂੰ ਇਸ ਦਲੀਲ ਦੇ ਆਧਾਰ 'ਤੇ ਅੱਗੇ ਵਧਣਾ ਚਾਹੀਦਾ ਹੈ। ਦਰਅਸਲ, ਕਿਸਾਨ ਕੇਵਲ ਗ਼ਰੀਬ ਹੀ ਨਹੀਂ ਹੈ ਸਗੋਂ ਬੇਵੱਸੀ ਦਾ ਸ਼ਿਕਾਰ ਹੈ ਅਤੇ ਇਸੇ ਲਈ ਉਸ ਦਾ ਕਰਜ਼ਾ ਮੁਆਫ਼ ਹੋਣਾ ਚਾਹੀਦਾ ਹੈ ਕਿਉਂਕਿ ਉਹ ਅਦਾ ਨਹੀਂ ਕਰ ਸਕਦਾ। ਸਾਨੂੰ ਕਰਜ਼ੇ ਦੀ ਇਸ ਕੁੜਿੱਕੀ ਦੇ ਬੁਨਿਆਦੀ ਕਾਰਨ ਜਾਣਨ ਦੀ ਜ਼ਰੂਰਤ ਹੈ। ਕਿਸਾਨ ਕਰਜ਼ੇ ਵਿੱਚ ਇਸ ਕਰਕੇ ਫਸ ਕੇ ਰਹਿ ਗਿਆ ਹੈ ਕਿਉਂਕਿ ਉਸ ਦੀ ਆਮਦਨ ਉਸ ਰਫ਼ਤਾਰ ਨਾਲ ਨਹੀਂ ਵਧ ਰਹੀ, ਜਿੰਨੀ ਰਫ਼ਤਾਰ ਨਾਲ ਉਸ ਦੀਆਂ ਲਾਗਤਾਂ ਤੇ ਹੋਰ ਖ਼ਰਚੇ ਵਧਦੇ ਜਾ ਰਹੇ ਹਨ। ਅਜਿਹਾ ਮੁੱਖ ਤੌਰ ਉਤੇ ਪਿਛਲੇ ਪੰਜ ਦਹਾਕਿਆਂ ਦੀਆਂ ਸਰਕਾਰੀ ਨੀਤੀਆਂ ਕਰ ਕੇ ਹੈ। ਸਾਲ 1966-67 ਦੀ ਔੜ ਤੋਂ ਸ਼ੁਰੂ ਕਰੀਏ ਤਾਂ ਨੀਤੀਘਾੜਿਆਂ ਦਾ ਮੁੱਖ ਧਿਆਨ ਕੇਵਲ ਅਨਾਜ ਦੀ ਉਚਿਤ ਤੇ ਸਸਤੀ ਸਪਲਾਈ ਨੂੰ ਯਕੀਨੀ ਬਣਾਉਣ ਉਤੇ ਹੀ ਕੇਂਦ੍ਰਿਤ ਰਿਹਾ ਹੈ। ਇਹ ਭਾਵੇਂ ਇੱਕ ਸ਼ਲਾਘਾਯੋਗ ਮੰਤਵ ਹੈ, ਪਰ ਇਸ ਨੈਤਿਕ ਜ਼ਿੰਮੇਵਾਰੀ ਦਾ ਸਾਰਾ ਆਰਥਿਕ ਬੋਝ ਕਿਸਾਨ ਉਤੇ ਪਾ ਦਿੱਤਾ ਗਿਆ। ਸਰਕਾਰੀ ਨੀਤੀਆਂ ਨੂੰ ਇਸ ਤਰੀਕੇ ਤਿਆਰ ਕੀਤਾ ਜਾਂਦਾ ਰਿਹਾ ਕਿ ਫ਼ਸਲਾਂ ਦੀਆਂ ਕੀਮਤਾਂ ਘੱਟ ਹੀ ਰੱਖੀਆਂ ਜਾਣ, ਇਸੇ ਲਈ ਕਿਸਾਨਾਂ ਦੀ ਆਰਥਿਕਤਾ ਪ੍ਰਭਾਵਿਤ ਹੋਈ। ਇਸ ਤਰ੍ਹਾਂ ਪਿਛਲੇ ਪੰਜ ਦਹਾਕਿਆਂ ਦੌਰਾਨ ਕਿਸਾਨ ਹੁਣ ਤੱਕ ਸੈਂਕੜੇ ਲੱਖਾਂ ਕਰੋੜਾਂ ਰੁਪਏ ਦੀ ਸਬਸਿਡੀ ਭਾਰਤੀ ਅਰਥ ਵਿਵਸਥਾ ਨੂੰ ਦੇ ਚੁੱਕੇ ਹਨ। ਇੰਜ ਦੇਸ਼ ਤਾਂ ਸਗੋਂ ਕਿਸਾਨਾਂ ਦਾ ਕਰਜ਼ਈ ਹੈ।

ਅੰਤ 'ਚ, ਵਿੱਤੀ ਦਲੀਲ ਨੂੰ ਲੈਂਦੇ ਹਾਂ। ਕੀ ਅਸੀਂ ਕਰਜ਼ਾ-ਮੁਆਫ਼ੀ ਨੂੰ ਝੱਲ ਸਕਦੇ ਹਾਂ? ਬਿਲਕੁਲ, ਇਹ ਇੱਕ ਸਬੰਧਿਤ ਤੇ ਸਿਆਸੀ ਮੁੱਦਾ ਹੈ। ਇਹ ਸਾਡੀਆਂ ਤਰਜੀਹਾਂ ਉੱਤੇ ਨਿਰਭਰ ਕਰਦਾ ਹੈ। ਅਤੇ ਇਹ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੈ ਕਿ 'ਅਸੀਂ' ਕੌਣ ਹਾਂ ਤੇ ਭਾਰਤ ਕੀ ਹੈ। ਆਮ ਤੌਰ ਉਤੇ ਇਹ 'ਅਸੀਂ' ਟੀ.ਵੀ. ਵੇਖਣ ਵਾਲਾ ਤੇ ਟਿੱਪਣੀਕਾਰਾਂ ਦਾ ਵਰਗ ਹੈ, ਜਿਸ ਦਾ ਦਿਹਾਤੀ ਭਾਰਤ ਨਾਲ ਕੋਈ ਸਬੰਧ ਨਹੀਂ ਹੈ। ਇਸ ਛੋਟੇ ਪਰ ਸ਼ਕਤੀਸ਼ਾਲੀ ਵਰਗ ਨੂੰ ਇਸ ਤੱਥ ਉੱਤੇ ਜ਼ਰੂਰ ਹੀ ਵਿਚਾਰ ਕਰਨਾ ਚਾਹੀਦਾ ਹੈ ਕਿ ਭਾਰਤ ਦੀ ਸਫ਼ਲਤਾ ਦੀ ਕਹਾਣੀ ਦਿਹਾਤੀ ਖਪਤ ਉੱਤੇ ਨਿਰਭਰ ਕਰਦੀ ਹੈ। ਜੇ ਇਸ 'ਅਸੀਂ' ਨੂੰ ਬਹੁਗਿਣਤੀ ਕਿਸਾਨਾਂ ਸਮੇਤ ਸਾਰੇ ਭਾਰਤੀਆਂ ਵਿੱਚ ਸ਼ਾਮਲ ਕਰ ਦਿੱਤਾ ਜਾਵੇ ਤਾਂ ਸਮਰੱਥਾ ਦਾ ਮੁੱਦਾ ਇੱਕ ਵੱਖਰੀ ਰੌਸ਼ਨੀ ਵਿੱਚ ਵਿਖਾਈ ਦਿੰਦਾ ਹੈ। ਨਿਸ਼ਚਿਤ ਤੌਰ 'ਤੇ, ਜੇ ਅਸੀਂ ਬੁਲੇਟ ਟਰੇਨਾਂ, ਟੈਕਸ-ਮੁਆਫ਼ੀਆਂ, ਉਦਯੋਗਾਂ ਤੇ ਕਾਰਪੋਰੇਟ ਅਦਾਰਿਆਂ ਦੀ ਸਹਾਇਤਾ ਲਈ ਵਿਸ਼ੇਸ਼ ਸਹਾਇਤਾ ਪੈਕੇਜਾਂ ਤੇ ਕਰਜ਼ਿਆਂ ਦੇ ਪੁਨਰਗਠਨ ਨੂੰ ਝੱਲ ਸਕਦੇ ਹਾਂ ਅਤੇ ਰੱਖਿਆ ਉਪਕਰਣਾਂ ਦੀ ਦਰਾਮਦ ਲਈ ਦੁਨੀਆਂ ਦੇ ਸਭ ਤੋਂ ਵਿਸ਼ਾਲ ਬਜਟਾਂ ਵਿੱਚੋਂ ਇੱਕ ਨੂੰ ਤਿਆਰ ਕਰ ਸਕਦੇ ਹਾਂ ਤਾਂ ਅਸੀਂ ਕਿਸਾਨਾਂ ਲਈ ਵੀ ਇੱਕ ਵਾਰ ਵੱਡੀ ਰਾਹਤ ਨੂੰ ਵੀ ਤਾਂ ਝੱਲ ਹੀ ਸਕਦੇ ਹਾਂ।

ਕਰਜ਼ਾ-ਮੁਆਫ਼ੀਆਂ ਦੇ ਆਲੋਚਕਾਂ ਨੂੰ ਮੇਰੀ ਇਹੋ ਸਲਾਹ ਹੈ ਕਿ ਖੇਤੀ ਕਰਜ਼ਾ-ਮੁਆਫ਼ੀ ਦੇ ਅਧਿਕਾਰਾਂ ਤੇ ਇਸ ਕਦਮ ਦੀਆਂ ਗ਼ਲਤੀਆਂ ਉੱਤੇ ਵਿਚਾਰ-ਚਰਚਾ ਕਰਨ ਦੀ ਥਾਂ ਉਹ ਇਸ ਬਾਰੇ ਵਿਚਾਰ-ਵਟਾਂਦਰਾ ਕਰਨ ਕਿ ਇੱਕ ਵਾਰ ਕਰਜ਼ਾ ਮੁਆਫ਼ ਕੀਤੇ ਜਾਣ ਦੇ ਨਾਲ ਨਾਲ ਕਿਸਾਨਾਂ ਦੀ ਇੱਕ ਪੱਕੀ ਆਮਦਨ ਯਕੀਨੀ ਕਿਵੇਂ ਬਣਾਈ ਜਾਵੇ।

# ਕੈਪਟਨ ਸਿਆਸੀ ਫੱਟਿਆਂ ਵਾਲੀ ਰਵਾਇਤੀ ਸਿਆਸਤ ਤੋਂ ਅੱਗੇ ਲੰਘਣਾ ਚਾਹੁੰਦੇ ਹਨ?


ਪ੍ਰੋ. ਬਲਕਾਰ ਸਿੰਘ

ਇਹ ਗੱਲ ਨਿਰਾਸ਼ ਕਰਨ ਵਾਲੀ ਹੈ ਕਿ ਅਕਾਦਮਿਕਤਾ ਵੀ ਸਿਆਸਤ ਦਾ ਸ਼ਿਕਾਰ ਹੋਣ ਵਾਲੇ ਰਾਹ ਪੈ ਚੁੱਕੀ ਹੈ ਅਤੇ ਵਿਦਿਅਕ ਅਦਾਰਿਆਂ ਨੂੰ ਫੈਕਟਰੀਆਂ ਵਾਂਗ ਲਿਆ ਜਾਣ ਲੱਗ ਪਿਆ ਹੈ। ਪਤਾ ਨਹੀਂ ਕਿਹੜੇ ਵੇਲੇ ਕੋਈ ਵਿਦਿਆਰਥੀ ਜਾਂ ਸੰਸਥਾ ਸੇਵਾਦਾਰ, ਸੰਸਥਾ ਮੁਖੀ ਨੂੰ ਦਫਤਰ ਵਿਚ ਨਾ ਜਾਣ ਦੇਵੇ ਜਾਂ ਦਫਤਰ ਵਿਚੋਂ ਨਾ ਨਿਕਲਣ ਦੇਵੇ। ਇਸ ਸਿਆਸੀ ਤਪਸ਼ ਵਾਲੇ ਮਾਹੌਲ ਵਿਚ ਵੀ ਅਕਾਦਮੀਸ਼ਨਾਂ ਨੇ ਸਿਆਸਤਦਾਨਾਂ ਤੋਂ ਉਹੋ ਜਿਹੀ ਕੀਮਤ ਕਦੇ ਵੀ ਨਹੀਂ ਮੰਗੀ, ਜਿਸ ਤਰ੍ਹਾਂ ਦੀ ਕੀਮਤ ਕਾਰਖਾਨੇਦਾਰ ਜਾਂ ਸਰਮਾਏਦਾਰ, ਸਿਆਸਤਦਾਨਾਂ ਤੋਂ ਲਗਾਤਾਰ ਵਸੂਲ ਕਰਦੇ ਆ ਰਹੇ ਹਨ।

ਇਸ ਦੇ ਬਾਵਜੂਦ ਸਿਆਸਤਦਾਨਾਂ ਦੀ ਨਜ਼ਰ ਵਿਚ ਅਕਾਦਮੀਸ਼ਨਾਂ ਦਾ ਉਹੋ ਜਿਹਾ ਸਤਿਕਾਰ ਨਹੀਂ, ਜਿਹੋ ਜਿਹਾ ਸਰਮਾਏਦਾਰਾਂ ਦਾ ਹੈ। ਇਸੇ ਕਰ ਕੇ ਸਿਆਸਤਦਾਨ, ਸਰਮਾਏਦਾਰ ਬਣਨ ਵਾਲੇ ਰਾਹ ਤਾਂ ਪੈਂਦਾ ਹੈ, ਪਰ ਅਕਾਦਮੀਸ਼ਨ ਬਣਨ ਵਾਲੇ ਰਾਹ ਕਦੇ ਨਹੀਂ ਪੈਂਦਾ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਿਦਵਾਨ ਚੁੱਪ ਨਹੀਂ ਕਰਦਾ ਅਤੇ ਸਰਮਾਏਦਾਰ ਬੋਲਦਾ ਨਹੀਂ। ਸਿਆਸਤਦਾਨ ਨੂੰ ਚੁੱਪ ਠੀਕ ਬੈਠਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਵਿਦਵਾਨ ਵੀ ਚੁੱਪ ਨਾ ਰਹਿਣ ਦੀ ਕਮਜ਼ੋਰੀ ਕਰ ਕੇ ਸਿਆਸਤਦਾਨਾਂ ਵਾਂਗ ਬਿਆਨਬਾਜ਼ੀ ਕਰਨ ਲੱਗ ਪੈਣਗੇ ਤਾਂ ਮੁੱਦਿਆਂ ਦੀ ਨਿਸ਼ਾਨਦੇਹੀ ਕਰ ਕੇ ਮੁੱਦਿਆਂ ਬਾਰੇ ਸੰਵਾਦ ਰਚਾਉਣ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ? ਸਿਆਸਤ, ਕਲਯੁਗ ਦਾ ਧਰਮ ਹੁੰਦੀ ਜਾ ਰਹੀ ਹੈ, ਕਿਉਂਕਿ ਕਲਯੁਗ ਕਿਸੇ ਨੂੰ ਵੀ ਬਚ ਕੇ ਨਿਕਲਣ ਦਾ ਮੌਕਾ ਨਹੀਂ ਦਿੰਦਾ। ਫਿਰ ਵੀ ਇਹ ਤਾਂ ਸਿਆਣਿਆਂ ਨੂੰ ਹੀ ਸੋਚਣਾ ਪਵੇਗਾ ਕਿ ਜੇ ਸਿਆਸਤ ਦਾ 'ਬੈਂਗਣੀ ਰੰਗ' ਇਉਂ ਹੀ ਉਘੜਦਾ ਗਿਆ ਤਾਂ ਬੱਚੇਖਾਣੀ-ਸਿਆਸਤ ਦੇ ਨਤੀਜਿਆਂ ਦੀ ਕੀਮਤ ਹਰ ਕਿਸੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਤਾਰਨੀ ਹੀ ਪਵੇਗੀ।

ਜੋ ਕੁਝ ਅਖਬਾਰਾਂ ਵਿਚ ਵਿਦਵਾਨਾਂ ਵੱਲੋਂ ਸਿਆਸਤ ਬਾਰੇ ਛਪ ਰਿਹਾ ਹੈ, ਉਸ ਤੋਂ ਤਾਂ ਇਹੀ ਪ੍ਰਭਾਵ ਲਿਆ ਜਾ ਸਕਦਾ ਹੈ ਕਿ ਕੈਪਟਨ ਸਰਕਾਰ ਤੁਰਨ ਤੋਂ ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ। ਤੁਰਨ ਤੋਂ ਪਹਿਲਾਂ ਡਿੱਗ ਪੈਣ ਦੀ ਸਿਆਸਤ ਦਾ ਆਧਾਰ ਉਹੀ ਹੈ ਜੋ ਸਿਆਸਤਦਾਨ ਇਕ ਦੂਜੇ ਨੂੰ ਮਿਹਣਿਆਂ ਵਾਂਗ ਵਰਤਾ ਰਹੇ ਹਨ। ਜਦੋਂ ਇਹੋ ਜਿਹਾ ਬਿਆਨ ਕਿਸੇ ਸਿਆਸਤਦਾਨ ਦਾ ਹੁੰਦਾ ਹੈ ਤਾਂ ਸਮਝ ਆ ਜਾਂਦਾ ਹੈ ਕਿ ਸਰਕਾਰ ਨੂੰ ਫੇਲ੍ਹ ਕਰਨਾ ਹੈ ਅਤੇ ਇਸ ਵਾਸਤੇ ਪਹਿਲਾ ਕਦਮ ਇਹ ਹੈ ਕਿ ਸਰਕਾਰ ਦੇ ਫੇਲ੍ਹ ਹੋ ਜਾਣ ਦਾ ਪ੍ਰਭਾਵ ਆਮ ਲੋਕਾਂ ਤੱਕ ਸ਼ੋਰੀਲੇ ਅਤੇ ਸਿਆਸਤੀ ਢੰਗ ਨਾਲ ਪਹੁੰਚਾਇਆ ਜਾਵੇ। ਧਾਰਨਾ ਅਤੇ ਅਸਲ ਦੀ ਲੜਾਈ ਕਿਸੇ ਵੀ ਕਿਸਮ ਦੇ ਸਿਆਸੀ ਦੰਗਲ ਦੀ ਚੂਲ ਹੁੰਦੀ ਜਾ ਹੈ। ਧਾਰਨਾ, ਇੱਛਤ ਨਤੀਜਿਆਂ ਵੱਲ ਸੇਧਿਤ ਰਹਿੰਦੀ ਹੈ ਅਤੇ ਅਸਲੀਅਤ, ਸੋਚ ਕੇ ਬੋਲਣ ਵੱਲ ਸੇਧਿਤ ਰਹਿੰਦੀ ਹੈ। ਇਹ ਗੱਲ ਵੱਖਰੀ ਹੈ ਕਿ ਸਿਆਸਤ ਨੇ ਇਨ੍ਹਾਂ ਦੋਹਾਂ ਪਰਤਾਂ ਨੂੰ ਰਲ-ਗੱਡ ਕਰ ਕੇ ਸਿਆਸੀ ਸੁਆਰਥ ਦਾ ਹਥਿਆਰ ਬਣਾ ਦਿੱਤਾ ਹੈ। ਇਸ ਨਾਲ ਹਰ ਕੋਈ ਸਿਆਸੀ ਰੰਗ ਵਿਚ ਰੰਗਿਆ ਨਜ਼ਰ ਆਉਣ ਲੱਗ ਪਿਆ ਹੈ। ਕਿਸੇ ਵੀ ਵਰਗ ਨੂੰ ਇਕ ਹੱਦ ਤੱਕ ਮਰਜ਼ੀ ਨਾਲ ਵਿਚਰਨ ਦਾ ਅਧਿਕਾਰ ਭਾਰਤੀ ਵਿਧਾਨ ਨੇ ਦਿੱਤਾ ਹੋਇਆ ਹੈ। ਅਧਿਕਾਰਾਂ ਦੀ ਵਿਧਾਨਕ ਵਰਤੋਂ ਵੀ ਇਸ ਲਈ ਮਸਲਾ ਬਣਦੀ ਜਾ ਰਹੀ ਹੈ, ਕਿਉਂਕਿ ਜੋ ਅਧਿਕਾਰਾਂ ਦੀ ਵਰਤੋਂ ਸਿਆਸੀ ਸ਼ੈਲੀ ਵਿਚ ਨਹੀਂ ਕਰ ਸਕਦਾ, ਉਸ ਨੂੰ ਅਧਿਕਾਰਾਂ ਤੋਂ ਮਹਿਰੂਮ ਹੋਣ ਵਾਲੇ ਰਾਹੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਦੂਜਿਆਂ ਦੀਆਂ ਕਮਜ਼ੋਰੀਆਂ ਦੇ ਸ਼ਿਕਾਰੀਆਂ ਅਤੇ ਵਪਾਰੀਆਂ ਨੂੰ ਸਿਆਸਤਦਾਨ ਕਿਹਾ ਜਾਣ ਲੱਗ ਪਿਆ ਹੈ। ਇਹ ਵਿਧੀ, ਸਿਆਸਤਦਾਨ ਇਕ ਦੂਜੇ ਦੇ ਖਿਲਾਫ ਵੀ ਵਰਤੀ ਜਾ ਰਹੇ ਹਨ ਅਤੇ ਇਸ ਨਾਲ ਬੋਲਣ ਵਾਸਤੇ ਬੋਲਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ। ਅਕਾਦਮੀਸ਼ਨਾਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ।




ਪੰਜਾਬ ਵਿਚ ਦਸ ਸਾਲ ਬਾਅਦ ਬਾਦਲ ਸਰਕਾਰ ਦਾ ਬਦਲ ਕੈਪਟਨ ਸਰਕਾਰ ਵਜੋਂ ਸਾਹਮਣੇ ਆਇਆ ਹੈ। ਜਿੰਨੇ ਕੁ ਬਾਦਲ ਸਾਹਿਬ ਅਕਾਲੀ ਸਨ, ਉਨੇ ਕੁ ਹੀ ਕੈਪਟਨ ਸਾਹਿਬ ਕਾਂਗਰਸੀ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਅਕਾਲੀਆਂ ਜਾਂ ਕਾਂਗਰਸੀਆਂ ਦੀ ਸਰਕਾਰ ਵਜੋਂ ਵੇਖੇ ਜਾਣ ਦੀ ਥਾਂ, ਦੋ ਪੰਜਾਬੀ ਸ਼ੈਲੀਆਂ ਦੀਆਂ ਸਰਕਾਰਾਂ ਵਜੋਂ ਵੇਖੇ ਜਾਣ ਦੀ ਲੋੜ ਹੈ। ਬਾਦਲ ਅਤੇ ਕੈਪਟਨ ਦੋਵੇਂ ਇਕੱਠੇ ਵੀ ਸਨ ਅਤੇ ਇਕੱਠੇ ਨਹੀਂ ਵੀ ਸਨ। ਪੰਜਾਬ ਦੀਆਂ ਹੋਰ ਸਾਰੀਆਂ ਸਕਰਮਕ ਤੇ ਆਕਰਮਕ ਸਿਆਸੀ ਧਿਰਾਂ, ਇਨ੍ਹਾਂ ਦੋਹਾਂ ਦੇ ਭੇੜ ਵਿਚ ਇਹ ਸੋਚ ਕੇ ਵਿਚਰਦੀਆਂ ਰਹੀਆਂ ਹਨ ਕਿ "ਹੋਵੇਗਾ ਅਸ਼ਮੇਧ ਜੱਗ, ਰੱਜ ਖਾਣ ਸਵਾਲੀ"। ਇਸ ਨੂੰ ਸਿਆਸੀ ਸੁਰ ਵਿਚ ਬਾਦਲ ਸ਼ੈਲੀ ਅਤੇ ਕੈਪਟਨ ਸ਼ੈਲੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਦੋਹਾਂ ਸ਼ੈਲੀਆਂ ਨੂੰ ਉਨਾ ਬਾਹਰੋਂ ਖਤਰਾ ਨਹੀਂ ਹੈ, ਜਿੰਨਾ ਅੰਦਰੋਂ ਹੈ। ਬਾਦਲ ਸ਼ੈਲੀ ਵਿਚ ਵਿਰੋਧੀ ਦੇ ਅੰਦਰਲੇ ਖਤਰਿਆਂ ਦੀ ਸਿਆਸਤ ਨੂੰ ਪਹਿਲ ਪ੍ਰਾਪਤ ਰਹੀ ਹੈ, ਪਰ ਕੈਪਟਨ ਸ਼ੈਲੀ ਸਿਆਸਤ ਦਾ ਕੂਟਨੀਤਕ ਉਸਾਰ ਸਾਹਮਣੇ ਲਿਆਉਣ ਵੱਲ ਸੇਧਿਤ ਹੈ। ਇਸ ਨਾਲ ਕੈਪਟਨ ਸਿਆਸੀ ਫੱਟਿਆਂ ਵਾਲੀ ਰਵਾਇਤੀ ਸਿਆਸਤ ਤੋਂ ਅੱਗੇ ਲੰਘਣਾ ਚਾਹੁੰਦੇ ਹਨ। ਇਸੇ ਕਰ ਕੇ ਉਹ ਖਾੜਕੂ ਸਿਆਸਤ ਨਾਲ ਜੂਝਦੇ ਹੋਏ ਵੀ, ਖਾੜਕੂ ਸਿਆਸਤ ਦੀ ਵਾਪਸੀ ਦੇ ਤੁਰੰਤ ਸਰੋਕਾਰਾਂ ਵਿਚ ਐਸ ਵਾਈ ਐਲ਼ ਦੇ ਮੁੱਦੇ ਨੂੰ ਸ਼ਾਮਲ ਕਰ ਰਹੇ ਹਨ। ਇਸੇ ਵਿਚ ਹੀ ਉਨ੍ਹਾਂ ਦਾ ਬਾਦਲ ਵਾਂਗ ਸਵੇਰ ਤੋਂ ਸ਼ਾਮ ਤੱਕ ਲੋਕਾਂ ਨੂੰ ਮਿਲਣਾ ਸ਼ਾਮਲ ਨਹੀਂ ਹੈ। ਬਾਦਲ ਆਪਣੀ ਸਿਆਸੀ ਪਾਰੀ, ਸੱਤਾ ਵਿਚ ਰਹਿਣ ਲਈ ਕੁਝ ਵੀ ਕੀਤਾ ਜਾ ਸਕਦਾ ਹੈ, ਨਾਲ ਖਤਮ ਕਰ ਚੁੱਕੇ ਹਨ। ਦੂਜੇ ਪਾਸੇ ਕੈਪਟਨ ਨੂੰ ਸਿਆਸੀ ਪਾਰੀ ਨਾਲ ਨਿਭਣ ਦੇਣ ਦੀ ਥਾਂ, ਨਿਭਣ ਦਾ ਮੌਕਾ ਖੋਹਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ।

ਸਾਰੇ ਸਿਆਸਤ ਦਾਨਾਂ ਨੂੰ ਪਤਾ ਹੈ ਕਿ ਕੈਪਟਨ ਸਰਕਾਰ ਵੱਲੋਂ ਲਏ ਹੋਏ ਨੀਤੀ ਫੈਸਲਿਆਂ ਨੂੰ ਲਾਗੂ ਤਾਂ ਪ੍ਰਬੰਧਕੀ ਅਮਲੇ ਨੇ ਕਰਨਾ ਹੈ। ਇਸੇ ਨੂੰ ਜੇ ਸਰਕਾਰੀ ਕਰਿੰਦਿਆਂ ਦੀ ਕਾਰ-ਗੁਜ਼ਾਰੀ ਵਾਂਗ ਵੇਖਾਂਗੇ ਤਾਂ ਨਤੀਜੇ ਨਿੰਦਕੀ ਸਿਆਸਤ ਵਰਗੇ ਨਿਕਲ ਆਉਣਗੇ। ਅੱਜ ਕੱਲ੍ਹ ਮੀਡੀਆ ਵਿਚ ਇਹੀ ਹੋ ਰਿਹਾ ਹੈ। ਇਹ ਠੀਕ ਹੈ ਕਿ ਚੋਣ ਵਾਅਦੇ ਜੇਤੂ ਧਿਰ ਦੇ ਹੀ ਪਰਖੇ ਜਾਂਦੇ ਹਨ, ਪਰ ਪਰਖਣ ਵਾਲਿਆਂ ਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਚੋਣ ਵਾਅਦੇ ਸਿਆਸੀ ਨੈਤਿਕਤਾ ਦਾ ਹਿੱਸਾ ਹੋਣ ਦੀ ਥਾਂ ਸਿਆਸੀ ਦੰਗਲ ਦੇ ਪੈਂਤੜੇ ਹੋ ਗਏ ਹਨ। ਵੋਟ ਬਟੋਰਨ ਦੇ ਮੁਕਾਬਲੇ ਵਾਲੀ ਸਿਆਸਤ ਵਿਚ ਵੋਟਰ ਨੂੰ ਜਾਗ੍ਰਿਤ ਕਰਨ ਦੀ ਥਾਂ, ਵੋਟਰ ਨੂੰ ਭਰਮਾਉਣ ਦੀ ਕਲਾ ਮੁੱਖ ਰਹਿੰਦੀ ਹੈ। ਇਸ ਦੇ ਪ੍ਰਭਾਵ ਤੋਂ ਚੋਣ ਮੈਨੀਫੈਸਟੋ ਵੀ ਨਹੀਂ ਬਚਦੇ। ਇਸ ਵਿਚ ਵਾਧਾ ਇਹ ਹੋ ਜਾਂਦਾ ਰਿਹਾ ਹੈ ਕਿ ਲੋਕਤੰਤਰ ਦੇ ਵਿਧਾਨਕੀ ਪ੍ਰਸੰਗ ਵਿਚ ਸਮਾਂ ਸੀਮਾ ਜਿਸ ਤਰ੍ਹਾਂ ਚੋਣ ਤਪਸ਼ ਵਿਚ ਕਹੀ ਜਾਂਦੀ ਹੈ, ਉਸ ਤਰ੍ਹਾਂ ਲਾਗੂ ਨਹੀਂ ਕੀਤੀ ਜਾ ਸਕਦੀ। ਇਸ ਨੂੰ ਵੀ ਕੈਪਟਨ ਸਰਕਾਰ ਖਿਲਾਫ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਿਸਾਲ ਦੇ ਤੌਰ 'ਤੇ ਕਿਸਾਨੀ ਦੇ ਮਸਲੇ ਸੁਲਝਾਉਣ ਲਈ ਲੋਕਾਂ ਨੇ ਕੈਪਟਨ 'ਤੇ ਇਤਬਾਰ ਕੀਤਾ ਸੀ ਅਤੇ ਉਸ ਇਤਬਾਰ ਨੂੰ ਤੋੜਨ ਵਾਲਾ ਅਜੇ ਤੱਕ ਕੋਈ ਵੀ ਕਦਮ ਕੈਪਟਨ ਸਰਕਾਰ ਨੇ ਨਹੀਂ ਚੁੱਕਿਆ? ਫਿਰ ਵਿਰੋਧ ਕਾਹਦਾ ਹੋ ਰਿਹਾ ਹੈ? ਕਿਸਾਨੀ ਸੰਕਟ ਸਾਰਿਆਂ ਦਾ

(ਬਾਕੀ ਸਫਾਂ 15 ਤੇ)

# ਵਿਕਾਸ ਦਾ ਕੇਂਦਰੀ ਨੁਕਤਾ : ਪ੍ਰਸ਼ਾਸਨਕ ਪਾਰਦਰਸ਼ਤਾ ਤੇ ਜੁਆਬਦੇਹੀ

**ਦੇਸ਼ ਵਿੱਚ 2050 ਤੱਕ 70 ਫ਼ੀਸਦੀ ਆਬਾਦੀ ਸ਼ਹਿਰਾਂ 'ਚ ਰਹਿਣ ਲੱਗੇਗੀ, ਜਿੱਥੇ ਮਕਾਨ, ਪਾਣੀ, ਸਿਹਤ ਸਹੂਲਤਾਂ, ਸਿੱਖਿਆ ਜਿਹੀਆਂ ਸੇਵਾਵਾਂ ਮੁਹੱਈਆ ਕਰਨੀਆਂ ਵੱਡੀ ਚੁਣੌਤੀ ਹੋਵੇਗੀ। ਸਮਾਰਟ ਸਿਟੀ ਦੀ ਸਫ਼ਲਤਾ ਦਾ ਸਾਰਾ ਦਾਰੋ-ਮਦਾਰ ਨਗਰ ਨਿਗਮਾਂ ਅਤੇ ਸਥਾਨਕ ਸਰਕਾਰਾਂ ਪ੍ਰਸ਼ਾਸਨ 'ਤੇ ਨਿਰਭਰ ਹੋਵੇਗਾ। ਕੀ ਇਹ ਸੰਸਥਾਵਾਂ ਇਹ ਕੰਮ ਕਰਨ ਦੇ ਯੋਗ ਹਨ? ਟੀਚਾ-ਰਹਿਤ ਪ੍ਰਸ਼ਾਸਨ ਭਾਰਤੀ ਰਾਜ ਪ੍ਰਬੰਧ ਦੀ ਪ੍ਰਮੁੱਖ ਸਮੱਸਿਆ ਹੈ, ਪਰ ਦੇਸ਼ ਦਾ ਦੁਖਾਂਤ ਇਹ ਹੈ ਕਿ ਸਾਡੀਆਂ ਰਾਜ-ਪ੍ਰਬੰਧ ਨਾਲ ਜੁੜੀਆਂ ਸੰਸਥਾਵਾਂ ਰੱਖੇ ਟੀਚੇ ਦੀ ਪ੍ਰਾਪਤੀ ਲਈ ਉਸ ਤਰ੍ਹਾਂ ਪਿੱਛਾ ਨਹੀਂ ਕਰਦੀਆਂ, ਜਿਵੇਂ ਕਾਰਪੋਰੇਟ ਦੁਨੀਆ ਵਿੱਚ ਚਲਣ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

**2022** ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਸਵੱਛ ਭਾਰਤ ਮਿਸ਼ਨ ਸਾਲ 2019 ਤੱਕ ਪੂਰਾ ਕਰਨ ਲਈ ਕਿਹਾ ਜਾ ਰਿਹਾ ਹੈ। ਗੱਲਾਂ ਕੀਤੀਆਂ ਜਾ ਰਹੀਆਂ ਹਨ, ਗੀਤ ਗਾਏ ਜਾ ਰਹੇ ਹਨ। ਮੀਡੀਆ ਵਿੱਚ ਭਰਪੂਰ ਚਰਚਾ ਹੋ ਰਹੀ ਹੈ, ਪਰ ਜ਼ਮੀਨੀ ਪੱਧਰ ਉੱਤੇ ਕੀ ਹੋ ਰਿਹਾ ਹੈ? ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਜਾ ਰਹੇ ਹਨ, ਨਿੱਤ ਖ਼ੁਦਕੁਸ਼ੀਆਂ ਕਰ ਰਹੇ ਹਨ। ਸਰਕਾਰਾਂ ਵੱਲੋਂ ਉਹਨਾਂ ਦੀਆਂ ਸਮੱਸਿਆਵਾਂ ਪ੍ਰਤੀ ਵਿਖਾਈ ਜਾ ਰਹੀ ਬੇ-ਰੁਖ਼ੀ ਕਾਰਨ ਕਿਸਾਨ ਅੰਦੋਲਨ ਦੇ ਰਾਹ ਤੁਰ ਪਏ ਹਨ। ਦੇਸ਼ ਦੇ ਰਾਜਨੇਤਾ ਤੇ ਅਫ਼ਸਰਸ਼ਾਹ ਬੈਠੇ ਤਮਾਸ਼ਾ ਦੇਖ ਰਹੇ ਹਨ। ਉਹ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲੱਭਣ ਦੀ ਬਜਾਏ ਉਨ੍ਹਾਂ ਦੇ ਅੰਦੋਲਨਾਂ ਨੂੰ ਦਬਾਉਣ ਲਈ ਟਿੱਲ ਲਾ ਰਹੇ ਹਨ।

ਕਿਸਾਨਾਂ ਦੀ ਆਮਦਨ ਪੰਜ ਸਾਲਾਂ ਵਿੱਚ ਦੁੱਗਣੀ ਕਰਨਾ ਇੱਕ ਆਰਥਿਕ ਟੀਚਾ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਖੇਤੀ, ਪੇਂਡੂ ਵਿਕਾਸ, ਪਸ਼ੂ ਪਾਲਣ, ਖੇਤੀ ਵਸਤਾਂ ਦਾ ਭੰਡਾਰੀਕਰਨ, ਸਹਿਕਾਰਤਾ, ਖੇਤੀ ਵਪਾਰ, ਸਿੰਜਾਈ, ਆਦਿ ਸੰਬੰਧਤ ਵਿਭਾਗਾਂ ਵਿੱਚ ਬਿਹਤਰ ਤਾਲਮੇਲ ਦੀ ਜ਼ਰੂਰਤ ਹੁੰਦੀ ਹੈ। ਦਿਨ ਬੀਤ ਗਏ, ਮਹੀਨੇ ਬੀਤ ਗਏ, ਸਾਲ ਤੋਂ ਵੱਧ ਸਮਾਂ ਵੀ ਲੰਘ ਗਿਆ ਹੈ, ਕੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਦੀ ਪ੍ਰਾਪਤੀ ਲਈ ਗੋਹੜੇ ਵਿੱਚੋਂ ਪੂਣੀ ਵੀ ਕੱਤੀ ਗਈ ਹੈ?

ਭਾਰਤ ਦੇ ਵਿਕਾਸ ਮੰਤਰਾਲੇ ਵੱਲੋਂ ਸਮਾਰਟ ਸਿਟੀ ਬਣਾਉਣ ਲਈ 2022 ਤੱਕ ਦਾ ਟੀਚਾ ਮਿੱਥਿਆ ਗਿਆ ਹੈ। ਦੇਸ਼ ਵਿੱਚ ਕੁੱਲ 100 ਸ਼ਹਿਰ ਇਸ ਯੋਜਨਾ ਅਧੀਨ ਚੁਣੇ ਜਾਣ ਦੀ ਪ੍ਰਕਿਰਿਆ ਜਾਰੀ ਹੈ। ਇਸ ਵਿੱਚ ਬੁਨਿਆਦੀ ਸੇਵਾਵਾਂ ਦਾ ਵਿਕਾਸ ਕੀਤਾ ਜਾਣਾ ਹੈ ਅਤੇ ਸ਼ਹਿਰੀਕਰਨ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਕੀਤੀਆਂ ਜਾਣੀਆਂ ਹਨ। ਜਿਸ ਢੰਗ ਨਾਲ ਆਬਾਦੀ ਦਾ ਦਬਾਅ ਵਧ ਰਿਹਾ ਹੈ, ਉਸ ਕਾਰਨ ਇਹ ਯੋਜਨਾ ਲਾਗੂ ਹੋਣ ਤੋਂ ਪਹਿਲਾਂ ਹੀ ਸ਼ੰਕਿਆਂ ਦੇ ਘੇਰੇ ਵਿੱਚ ਆ ਗਈ ਹੈ। ਦੇਸ਼ ਵਿੱਚ 2050 ਤੱਕ 70 ਫ਼ੀਸਦੀ ਆਬਾਦੀ ਸ਼ਹਿਰਾਂ 'ਚ ਰਹਿਣ ਲੱਗੇਗੀ, ਜਿੱਥੇ ਮਕਾਨ, ਪਾਣੀ, ਸਿਹਤ ਸਹੂਲਤਾਂ, ਸਿੱਖਿਆ ਜਿਹੀਆਂ ਸੇਵਾਵਾਂ ਮੁਹੱਈਆ ਕਰਨੀਆਂ ਵੱਡੀ ਚੁਣੌਤੀ ਹੋਵੇਗੀ। ਸਮਾਰਟ ਸਿਟੀ ਦੀ ਸਫ਼ਲਤਾ ਦਾ ਸਾਰਾ ਦਾਰੋ-ਮਦਾਰ ਨਗਰ ਨਿਗਮਾਂ ਅਤੇ ਸਥਾਨਕ ਸਰਕਾਰਾਂ ਪ੍ਰਸ਼ਾਸਨ 'ਤੇ ਨਿਰਭਰ ਹੋਵੇਗਾ। ਕੀ ਇਹ ਸੰਸਥਾਵਾਂ ਇਹ ਕੰਮ ਕਰਨ ਦੇ ਯੋਗ ਹਨ?

**ਦਿੱਲੀ ਦੀ ਨਗਰ ਨਿਗਮ ਦਾ ਹਾਲ ਦੇਖੋ:** ਸਫ਼ਾਈ ਦੀ ਹਾਲਤ ਅਤਿਅੰਤ ਭੈੜੀ ਹੈ। ਬੰਗਲੌਰ ਦਾ ਹਾਲ ਵੀ ਇਹੋ ਜਿਹਾ ਹੈ। ਗੰਦਗੀ ਅਤੇ ਸੜਕਾਂ 'ਤੇ ਲੱਗਣ ਵਾਲੇ ਜਾਮ ਹਰ ਵੇਲੇ ਸੁਰਖੀਆਂ 'ਚ ਰਹਿੰਦੇ ਹਨ। ਕਰਮਚਾਰੀ ਨਿੱਤ ਹੜਤਾਲਾਂ ਕਰਦੇ ਹਨ। ਅਸਲ ਵਿੱਚ ਆਮਦਨ ਵਰਗ ਦੇ ਹਿਸਾਬ ਨਾਲ ਉੱਚ ਵਰਗ ਦੇ ਸ਼ਹਿਰਾਂ 'ਚ ਬਹੁ-ਮੰਜ਼ਲਾ ਇਮਾਰਤਾਂ ਵਧ ਰਹੀਆਂ ਹਨ ਅਤੇ ਨਾਲ ਹੀ ਵਧ ਰਹੀਆਂ ਹਨ ਝੁੱਗੀਆਂ-ਝੌਂਪੜੀਆਂ। ਇਹੋ ਜਿਹੀ ਹਾਲਤ ਵਿੱਚ ਅਰਬਾਂ ਰੁਪਏ ਖ਼ਰਚ ਕੇ ਸਮਾਰਟ ਸਿਟੀ ਬਣਾਉਣ ਦੀ ਭਲਾ ਕੀ ਤੁਕ ਰਹਿ ਜਾਏਗੀ, ਜੇਕਰ ਉਸ ਸ਼ਹਿਰ 'ਚ ਰਹਿਣ ਵਾਲੇ ਹਰ ਵਰਗ ਦੇ ਲੋਕਾਂ ਨੂੰ ਬਿਹਤਰ ਸਿਹਤ ਤੇ ਸਿੱਖਿਆ ਸਹੂਲਤਾਂ ਨਹੀਂ ਮਿਲਣਗੀਆਂ, ਕਿਉਂਕਿ ਸਮਾਰਟ ਸਿਟੀ ਦਾ ਅਰਥ ਸੁਵਿਧਾਵਾਂ ਨਾਲ ਸੰਪਨ ਸ਼ਹਿਰਾਂ ਦਾ ਨਿਰਮਾਣ ਹੀ ਨਹੀਂ ਹੈ? ਤਦ ਫਿਰ ਇਹ ਅਰਬਾਂ-ਖਰਬਾਂ ਦੀ ਸਰਕਾਰੀ ਰਕਮ ਫ਼ਜ਼ੂਲ ਖ਼ਰਚ ਕੇ ਕੁਝ ਵੀ ਨਾ ਪ੍ਰਾਪਤ ਕਰਨ ਦੀ ਜਵਾਬਦੇਹੀ ਕਿਸ ਦੀ ਹੋਵੇਗੀ?

ਟੀਚਾ-ਰਹਿਤ ਪ੍ਰਸ਼ਾਸਨ ਭਾਰਤੀ ਰਾਜ ਪ੍ਰਬੰਧ ਦੀ ਪ੍ਰਮੁੱਖ ਸਮੱਸਿਆ ਹੈ, ਪਰ ਦੇਸ਼ ਦਾ ਦੁਖਾਂਤ ਇਹ ਹੈ ਕਿ ਸਾਡੀਆਂ ਰਾਜ-ਪ੍ਰਬੰਧ ਨਾਲ ਜੁੜੀਆਂ ਸੰਸਥਾਵਾਂ ਰੱਖੇ ਟੀਚੇ ਦੀ ਪ੍ਰਾਪਤੀ ਲਈ ਉਸ ਤਰ੍ਹਾਂ ਪਿੱਛਾ ਨਹੀਂ ਕਰਦੀਆਂ, ਜਿਵੇਂ ਕਾਰਪੋਰੇਟ ਦੁਨੀਆ ਵਿੱਚ ਚਲਣ ਹੈ। ਸਾਡੇ ਰਾਜ-ਪ੍ਰਬੰਧ ਵਿੱਚ ਇਹੋ ਜਿਹਾ ਕੋਈ ਫ਼ੋਰਮ ਹੀ ਨਹੀਂ ਹੈ, ਜਿੱਥੇ ਨਵੇਂ ਪ੍ਰਸਤਾਵ ਰੱਖੇ ਜਾ ਸਕਣ, ਨਵੀਆਂ ਗੱਲਾਂ ਵਿਚਾਰੀਆਂ ਜਾ ਸਕਣ। ਨੇਤਾ ਜੀ ਨੂੰ ਵਿਚਾਰ ਆਉਂਦਾ ਹੈ ਸੁਫ਼ਨੇ ਵਾਂਗ। ਇਹ ਵਿਚਾਰ ਸਰਕਾਰੀ ਵਿਭਾਗ ਦੇ ਉੱਚ ਅਫ਼ਸਰ ਤੱਕ ਪਹੁੰਚਦਾ ਹੈ। ਏਅਰ-ਕੰਡੀਸ਼ਨਡ ਦਫ਼ਤਰਾਂ 'ਚ ਬੈਠ ਕੇ ਸਕੀਮਾਂ ਬਣਦੀਆਂ ਹਨ ਅਤੇ ਫਿਰ ਉਹਨਾਂ ਨੂੰ ਬਿਨਾਂ ਵਿਚਾਰ ਕਰਨ ਦੇ ਲਾਗੂ ਕਰ ਦਿੱਤਾ ਜਾਂਦਾ ਹੈ। ਇਸੇ ਲਈ ਚੰਗੇ ਵਿਚਾਰਾਂ ਨੂੰ ਦੇਸ਼ ਵਿੱਚ ਅਣਿਆਈ ਮੌਤੇ ਮਰਦੇ ਦੇਖਿਆ ਗਿਆ ਹੈ। ਨੋਟ-ਬੰਦੀ ਇੱਕ ਉਦਾਹਰਣ ਹੈ। ਜੀ ਐੱਸ ਟੀ ਸ਼ਾਇਦ ਅਗਲੀ ਉਦਾਹਰਣ ਬਣੇ, ਜਿਸ ਨਾਲ ਦੇਸ਼ ਦੀ ਆਰਥਿਕਤਾ ਨੂੰ ਹੋਰ ਵੱਡੀ ਸੱਟ ਵੱਜੇ।

ਵਿਕਾਸ ਦੇ ਨਵੇਂ ਪ੍ਰਾਜੈਕਟ ਬਣਦੇ ਹਨ। ਨਾਜਾਇਜ਼ ਨਿਰਮਾਣ ਇਹਨਾਂ ਪ੍ਰਾਜੈਕਟਾਂ ਲਈ ਵੱਡੀ ਸਮੱਸਿਆ ਬਣਦੇ ਹਨ। ਨੋਟਿਸ ਜਾਰੀ ਹੁੰਦੇ ਹਨ। ਨਾਜਾਇਜ਼ ਨਿਰਮਾਣ ਫਿਰ ਵੀ ਚੱਲਦੇ ਰਹਿੰਦੇ ਹਨ। ਅਸਲ ਵਿੱਚ ਦੇਸ਼ ਦਾ ਰਾਜ-ਪ੍ਰਬੰਧ ਚਲਾਉਣ ਵਾਲੇ ਵਿਭਾਗ ਆਪਣੇ ਉਹਨਾਂ ਕਾਰਜਾਂ ਦੇ ਉਲਟ ਕੰਮ ਕਰਦੇ ਹਨ, ਜਿਨ੍ਹਾਂ ਲਈ ਉਹ ਬਣਾਏ ਗਏ ਹੁੰਦੇ ਹਨ। ਕੀ ਕਿਸੇ ਪ੍ਰਸ਼ਾਸਨਕ ਅਧਿਕਾਰੀ ਨੂੰ ਜਵਾਬਦੇਹ ਬਣਾਇਆ ਜਾਂਦਾ ਹੈ ਕਿ ਉਹ ਮਿੱਥੇ ਟੀਚਿਆਂ ਦੇ ਉਲਟ ਕੰਮ ਕਿਉਂ ਕਰ ਰਿਹਾ ਹੈ?

ਜਨਤਾ ਦੀ ਸੇਵਾ ਕਰਦੇ ਨੇਤਾ ਆਪਣੇ ਪਰਵਾਰ ਦੀ ਸੇਵਾ ਕਰਨ ਲੱਗ ਪੈਂਦੇ ਹਨ। ਆਖ਼ਿਰ ਇਹ ਸਰਕਾਰੀ ਖ਼ਜ਼ਾਨੇ ਦੀ ਦੁਰਵਰਤੋਂ ਅਫ਼ਸਰਸ਼ਾਹੀ ਦੇ ਮੇਲ-ਮਿਲਾਪ ਤੋਂ ਬਿਨਾਂ ਕਿਵੇਂ ਕਰ ਸਕਦੇ ਹਨ? ਬੇਨਾਮੀ ਫ਼ਾਰਮ ਹਾਊਸਾਂ, ਵਿਦੇਸ਼ਾਂ 'ਚ ਜਾਂਦੇ ਕਾਲੇ ਧਨ, ਘੁਟਾਲਿਆਂ 'ਚ ਸਿਆਸੀ ਪਹੁੰਚ ਵਾਲੇ ਨੇਤਾਵਾਂ ਦਾ ਨਾਮ ਕਿਵੇਂ ਆ ਜਾਂਦਾ ਹੈ? ਬਿਹਾਰ ਦੇ ਨੇਤਾ ਲਾਲੂ ਪ੍ਰਸਾਦ ਯਾਦਵ ਸਿਆਸਤ ਵਿੱਚ ਆ ਕੇ ਏਨੇ ਅਮੀਰ ਕਿਵੇਂ ਬਣ ਗਏ? ਉਹਨਾਂ ਦੇ ਬੱਚਿਆਂ ਦੇ ਨਾਮ ਉੱਤੇ ਬੇ-ਓੜਕ ਜਾਇਦਾਦ ਕਿੱਥੋਂ ਆਈ? ਉਂਜ ਇਸ ਲੜੀ ਵਿੱਚ ਲਾਲੂ ਯਾਦਵ ਇਕੱਲੇ ਨਹੀਂ ਹਨ। ਆਪਣੇ ਆਲੇ-ਦੁਆਲੇ ਨਜ਼ਰ ਮਾਰੋ, ਤੁਹਾਨੂੰ ਸ਼ਾਇਦ ਹੀ ਕੋਈ ਇਹੋ ਜਿਹਾ ਨੇਤਾ ਮਿਲੇਗਾ, ਜਿਸ ਦੇ ਮੁੱਖ ਮੰਤਰੀ ਜਾਂ ਮੰਤਰੀ ਜਾਂ ਵੱਡਾ ਨੇਤਾ ਬਣਨ ਤੋਂ ਬਾਅਦ ਜੀਵਨ ਵਿੱਚ ਤਬਦੀਲੀ ਨਾ ਆਈ ਹੋਵੇ। ਇਹਨਾਂ ਵਿੱਚੋਂ ਬਹੁਤ ਸਾਰੇ ਤਾਂ ਇਹੋ ਜਿਹੇ ਹਨ, ਜਿਨ੍ਹਾਂ ਨੇ ਇੱਕ ਪਾਸੇ ਬਦੇਸ਼ੀ ਬੈਂਕਾਂ 'ਚ ਪਿਆ ਕਾਲਾ ਧਨ ਵਾਪਸ ਲਿਆਉਣ ਦਾ ਢੰਡੋਰਾ ਪਿੱਟਿਆ ਅਤੇ ਦੂਜੇ ਪਾਸੇ ਆਪ ਨਿੱਜੀ ਤੌਰ 'ਤੇ ਵੱਡੀ ਮਾਤਰਾ 'ਚ ਕਾਲਾ ਧਨ ਬਟੋਰਿਆ। ਆਖ਼ਿਰ ਪੰਜ ਤਾਰਾ ਹੋਟਲਾਂ, ਆਲੀਸ਼ਾਨ ਮਾਲਾਂ, ਸਿਨੇਮਾ ਘਰਾਂ ਦੀ ਮਾਲਕੀ 'ਚ ਬੇਨਾਮੀ ਨਾਮ ਕਿਵੇਂ ਬੋਲਦੇ ਹਨ? ਕਿਵੇਂ ਉਹ ਆਪਣੇ ਰਸੋਈਏ, ਨੌਕਰਾਂ ਦੇ ਨਾਮ ਉੱਤੇ ਵੱਡੇ ਠੇਕੇ ਲੈਂਦੇ ਹਨ, ਸਰਕਾਰੀ ਧਨ ਦੀ ਦੁਰਵਰਤੋਂ ਕਰਦੇ ਹਨ? ਆਖ਼ਿਰ ਰਾਜ-ਪ੍ਰਬੰਧ ਚਲਾਉਣ ਵਾਲੀ ਅਫ਼ਸਰਸ਼ਾਹੀ ਇਹੋ ਜਿਹੇ ਸਮੇਂ ਸਿਰਹਾਣੇ ਹੇਠ ਬਾਂਹ ਦੇ ਕੇ ਕਿਉਂ ਸੁੱਤੀ ਰਹਿੰਦੀ ਹੈ?

ਅਸਲ ਵਿੱਚ ਭਾਰਤੀ ਰਾਜਨੀਤੀ ਵਿੱਚ ਧਨਵਾਨ ਬਣਨਾ ਬਹੁਤ ਸੌਖਾ ਹੈ। ਕੋਈ ਬੰਦਾ ਨੇਤਾ ਬਣਿਆ ਨਹੀਂ ਕਿ ਉਸ ਦੇ ਚਤੁਰ ਪੁੱਤ-ਪੋਤੇ, ਰਿਸ਼ਤੇਦਾਰ ਕੁਝ ਹੀ ਸਾਲਾਂ 'ਚ ਅਮੀਰ ਬਣ ਜਾਂਦੇ ਹਨ। ਉਹ ਕੁਝ ਹੀ ਸਾਲਾਂ 'ਚ ਏਨਾ ਧਨ ਇਕੱਠਾ ਕਰ ਜਾਂਦੇ ਹਨ, ਜਿੰਨਾ ਕੋਈ ਵੱਡਾ ਕਲਾਕਾਰ ਜਾਂ ਖਿਡਾਰੀ ਵੱਡੀ ਮਿਹਨਤ ਕਰ ਕੇ ਪੂਰੇ ਜੀਵਨ ਭਰ 'ਚ ਕਮਾਉਂਦਾ ਹੈ। ਭਾਵੇਂ ਇਹਨੀਂ ਦਿਨੀਂ 'ਚ ਦੇਸ਼ ਵਿੱਚ ਉੱਪਰਲੇ ਪੱਧਰ ਉੱਤੇ ਵੱਡੇ ਸਕੈਂਡਲ ਸਾਹਮਣੇ ਨਹੀਂ ਆ ਰਹੇ , ਪਰ ਹੇਠਲੇ ਪੱਧਰ ਉੱਤੇ ਭ੍ਰਿਸ਼ਟਾਚਾਰ ਬੇਸ਼ਰਮੀ ਦੀ ਪੱਧਰ ਤੱਕ ਜਾਰੀ ਹੈ। ਅਜਿਹੇ ਪ੍ਰਬੰਧ ਦੀ ਜ਼ਿੰਮੇਵਾਰੀ ਆਖ਼ਿਰ ਕਿਸ ਉੱਤੇ ਹੈ? ਇਸ ਲਈ ਕੌਣ ਜਵਾਬਦੇਹ ਹੈ? ਦੇਸ਼ ਦੀ ਬਾਬੂਸ਼ਾਹੀ? ਦੇਸ਼ ਦੀ ਅਫ਼ਸਰਸ਼ਾਹੀ? ਜਾਂ ਦੇਸ਼ ਦੇ ਉੱਚ ਨੇਤਾ, ਜੋ ਭ੍ਰਿਸ਼ਟਾਚਾਰ ਨਾਲ ਓਤ-ਪੋਤ ਲੱਭਦੇ ਹਨ?

ਗੱਲ ਮਗਨਰੇਗਾ ਦੀ ਕਰ ਲਈਏ ਜਾਂ ਬੱਚਿਆਂ ਨੂੰ ਦਿੱਤੇ ਜਾਂਦੇ ਦੁਪਹਿਰ ਦੇ ਭੋਜਨ ਦੀ। ਮਗਨਰੇਗਾ 'ਚ ਕਰੋੜਾਂ ਦੇ ਘੁਟਾਲੇ ਸਾਹਮਣੇ ਆਏ। ਇਹੋ ਜਿਹੇ ਵਿਅਕਤੀਆਂ ਦੀ ਮਗਨਰੇਗਾ 'ਚ ਰਜਿਸਟ੍ਰੇਸ਼ਨ ਕਰ ਕੇ ਪੈਸੇ ਹੜੱਪੇ ਗਏ, ਜੋ ਕਿਸੇ ਹੋਰ ਥਾਂ ਨੌਕਰੀ ਕਰਦੇ ਸਨ ਜਾਂ ਜਿਨ੍ਹਾਂ ਦੀ ਮੌਤ ਹੋ ਚੁੱਕੀ ਸੀ। ਬੱਚਿਆਂ ਨੂੰ ਦਿੱਤੇ ਜਾਂਦੇ ਭੋਜਨ 'ਚ ਉਹਨਾਂ ਬੱਚਿਆਂ ਦੀ ਗਿਣਤੀ ਕਰ ਕੇ ਭੋਜਨ ਵੱਟੇ-ਖਾਤੇ ਪਾ ਲਿਆ ਗਿਆ, ਜੋ ਕਦੇ ਸਕੂਲ ਹੀ ਨਹੀਂ ਜਾਂਦੇ। ਅਜਿਹੀਆਂ ਸਕੀਮਾਂ ਦੀਆਂ ਅਨੇਕ ਉਦਾਹਰਣਾਂ ਹਨ, ਜਿਨ੍ਹਾਂ ਵਿੱਚ ਚੋਰ-ਮੋਰੀਆਂ ਰਿਸ਼ਵਤ ਖਾਣ ਦਾ ਸਿੱਧਾ-ਅਸਿੱਧਾ ਢੰਗ ਬਣਾਉਣ ਲਈ ਰੱਖੀਆਂ ਜਾਂਦੀਆਂ ਹਨ। ਇੰਜ ਸਰਕਾਰੀ ਖ਼ਜ਼ਾਨੇ ਨੂੰ ਜੋ ਚੂਨਾ ਲੱਗਦਾ ਹੈ, ਉਸ ਦੀ ਜ਼ਿੰਮੇਵਾਰੀ ਕਿਸ ਉੱਤੇ ਹੈ? ਦੇਸ਼ 'ਚ ਵੱਡੇ ਘੁਟਾਲਿਆਂ, ਭ੍ਰਿਸ਼ਟਾਚਾਰ ਦੇ ਅਨੇਕ ਕੇਸ ਸਾਹਮਣੇ ਆਏ ਹਨ, ਪਰ ਉਹਨਾਂ ਦੇ ਦੋਸ਼ੀਆਂ ਨੂੰ ਬਹੁਤਾ ਕਰ ਕੇ ਸਜ਼ਾਵਾਂ ਨਹੀਂ ਮਿਲਦੀਆਂ, ਕਿਉਂਕਿ ਉਹ ਸ਼ੱਕ ਦੀ ਬਿਨਾਅ 'ਤੇ ਅਦਾਲਤਾਂ ਵੱਲੋਂ ਬਰੀ ਕਰ ਦਿੱਤੇ ਗਏ। ਠੀਕ ਤਰ੍ਹਾਂ ਕੇਸ ਦੀ ਪੜਤਾਲ ਅਦਾਲਤ ਵਿੱਚ ਪੇਸ਼ ਨਾ ਕਰਨ ਅਤੇ ਮੁੜ ਸਾਲਾਂ-ਬੱਧੀ ਪੈਰਵੀ ਨਾ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਹੈ? ਕਿਸ ਨੂੰ ਇਸ ਸਭ ਕੁਝ ਲਈ ਜੁਆਬਦੇਹ ਬਣਾਇਆ ਜਾਣਾ ਚਾਹੀਦਾ ਹੈ ਤੇ ਬਣਾਇਆ ਕਿਉਂ ਨਹੀਂ ਜਾ ਰਿਹਾ?

ਵੋਟਾਂ ਦੀ ਖ਼ਾਤਰ ਨੇਤਾਵਾਂ ਵੱਲੋਂ ਪ੍ਰਾਜੈਕਟ ਬਣਾਏ ਤੇ ਲਾਗੂ ਕੀਤੇ ਜਾ ਰਹੇ ਹਨ, ਪਰ ਕੀ ਇਹ ਸਫ਼ਲ ਹੋ ਰਹੇ ਹਨ? ਕੀ ਕੋਈ ਅਸਫ਼ਲਤਾ ਦੀ ਜ਼ਿੰਮੇਵਾਰੀ ਚੁੱਕਣ ਲਈ ਤਿਆਰ ਹੈ? ਆਜ਼ਾਦੀ ਦੇ 70 ਵਰ੍ਹਿਆਂ 'ਚ ਭੁੱਖਮਰੀ, ਗ਼ਰੀਬੀ, ਬੇਰੁਜ਼ਗਾਰੀ ਦੂਰ ਕਰਨ ਲਈ ਅਨੇਕ ਪ੍ਰਾਜੈਕਟ ਬਣੇ ਤੇ ਔਰਤਾਂ, ਬੱਚਿਆਂ, ਬਜ਼ੁਰਗਾਂ ਦੀ ਸਿਹਤ ਸੁਧਾਰ ਲਈ ਯਤਨ ਕੀਤੇ ਗਏ। ਅੱਜ ਵੀ ਬੱਚਿਆਂ ਦੀ ਸਿਹਤ ਸੁਧਾਰ ਦੇ ਮਾਮਲੇ 'ਚ ਵਰਨਣ ਯੋਗ ਪ੍ਰਾਪਤੀਆਂ ਕਿਉਂ ਨਹੀਂ ਹੋ ਸਕੀਆਂ? ਬਜ਼ੁਰਗਾਂ ਦਾ ਬੁਢੇਪਾ ਹਾਲੇ ਵੀ ਰੁਲ ਰਿਹਾ ਹੈ। ਦੇਸ਼ ਦੇ 64 ਫ਼ੀਸਦੀ ਭਾਰਤੀ ਲੋਕ ਹਾਲੇ ਵੀ ਮੰਨਦੇ ਹਨ ਕਿ ਸਮਾਜ ਵਿੱਚ ਔਰਤਾਂ ਦੀ ਭੂਮਿਕਾ ਸਿਰਫ਼ ਚੰਗੀ ਮਾਂ ਅਤੇ ਪਤਨੀ ਦੀ ਹੋਣੀ ਚਾਹੀਦੀ ਹੈ। ਇਸੇ ਕਰ ਕੇ ਔਰਤਾਂ ਨੂੰ ਦੇਸ਼ ਵਿੱਚ ਬਰਾਬਰ ਦਾ ਸਥਾਨ ਨਹੀਂ ਮਿਲ ਸਕਿਆ ਅਤੇ ਉਹਨਾਂ ਦੀ ਹਾਜ਼ਰੀ ਸਾਰੇ ਖੇਤਰਾਂ ਵਿੱਚ ਸਹਿਜ ਮਹਿਸੂਸ ਨਹੀਂ ਕੀਤੀ ਜਾਂਦੀ। ਜੇਕਰ ਉਹ ਆਪਣੀ ਸਮਰੱਥਾ, ਕਾਬਲੀਅਤ ਦੇ ਬਲਬੂਤੇ ਆਪਣੀ ਜਗ੍ਹਾ ਬਣਾਉਂਦੀ ਵੀ ਹੈ ਤਾਂ ਅਕਸਰ ਉਸ ਨੂੰ ਪਿੱਛੇ ਸੁੱਟਣ ਦੇ ਯਤਨ ਹੁੰਦੇ ਹਨ। ਕੀ ਪ੍ਰਸ਼ਾਸਨ ਕਦੇ ਗੰਭੀਰਤਾ ਨਾਲ ਇਹਨਾਂ ਸਮੱਸਿਆਵਾਂ ਨੂੰ ਸਮਝਣ ਦੇ ਯੋਗ ਹੋਇਆ?

ਪ੍ਰਸ਼ਾਸਨ ਦੀ ਅਗਲੀ ਕਤਾਰ ਵਾਲੀ ਆਈ ਏ ਐੱਸ ਲਾਬੀ ਨੇ ਕਦੇ ਵਿਚਾਰ-ਚਰਚਾ ਉਪਰੰਤ ਇਹਨਾਂ ਮੁੱਦਿਆਂ-ਮਸਲਿਆਂ ਨੂੰ ਸਮਝ ਕੇ ਇਹਨਾਂ ਦੇ ਹੱਲ ਲਈ ਉੱਦਮ-ਉਪਰਾਲੇ ਕੀਤੇ? ਅਸਲ ਵਿੱਚ ਰਾਜ-ਪ੍ਰਬੰਧ ਦੀ ਇਹ ਵਿਸ਼ੇਸ਼ ਕੜੀ ਲੰਮੇ ਸਮੇਂ ਤੋਂ ਰਾਜਨੇਤਾਵਾਂ ਦੀ ਪਿੱਛਲੱਗ ਬਣੀ ਨਜ਼ਰ ਆ ਰਹੀ ਹੈ, ਜੋ ਸਵਾਰਥ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਉਹੋ ਫ਼ੈਸਲੇ-ਪ੍ਰੋਗਰਾਮ ਹੀ ਪੇਸ਼ ਕਰਦੀ ਰਹੀ, ਜਿਹੜੇ ਮੌਕੇ ਦੇ ਹਾਕਮਾਂ ਨੂੰ ਰਾਸ ਆਉਂਦੇ ਹੋਣ, ਉਹਨਾਂ ਦਾ ਵੋਟ-ਬੈਂਕ ਵਧਾ ਸਕਣ।

ਸਮੂਹਿਕ ਪੇਂਡੂ ਵਿਕਾਸ ਕਿਵੇਂ ਹੋਵੇ, ਜੇਕਰ ਪਿੰਡ ਦਾ ਵਿਕਾਸ ਕਰਨ ਵਾਲੇ ਦਰਜਨਾਂ ਹੋਰ ਵਿਭਾਗ ਹੋਣ, ਜਿਹੜੇ 'ਵਿਕਾਸ' ਦੀ ਆਪੋ-ਆਪਣੀ ਬੰਸਰੀ ਵਜਾਉਂਦੇ ਹਨ? ਸ਼ਹਿਰੀ ਵਿਕਾਸ ਕਿਵੇਂ ਹੋਵੇ, ਜੇਕਰ ਸ਼ਹਿਰ ਦਾ ਵਿਕਾਸ ਕਰਨ ਵਾਲੇ ਵਿਭਾਗ ਖੰਡਾਂ 'ਚ ਵੰਡੇ ਹੋਣ?

ਅਮਨ-ਕਨੂੰਨ ਦੀ ਸਮੱਸਿਆ ਸਾਡੇ ਦੇਸ਼ ਦੇ ਸੂਬਿਆਂ ਦੀ ਗੰਭੀਰ ਸਮੱਸਿਆ ਹੈ। ਦੇਸ਼ ਦਾ ਗ੍ਰਹਿ ਵਿਭਾਗ 38 ਵੱਖੋ-ਵੱਖਰੇ ਹਿੱਸਿਆਂ 'ਚ ਵੰਡਿਆ ਗਿਆ ਹੈ। ਸ਼ਾਂਤੀ ਕਾਇਮ ਕਰਨਾ ਇਸ ਵਿਭਾਗ ਦਾ ਮੁੱਖ ਕੰਮ ਹੈ, ਜੋ ਭਾਂਤ-ਭਾਂਤ ਦੇ ਅਧਿਕਾਰੀਆਂ ਨੂੰ ਦਿੱਤਾ ਹੋਇਆ ਹੈ, ਪਰ ਗ੍ਰਹਿ ਵਿਭਾਗ ਵਿੱਚ ਸਕੱਤਰ, ਸ਼ਾਂਤੀ ਵਿਵਸਥਾ ਜਿਹਾ ਕੋਈ ਅਹੁਦਾ ਹੀ ਨਹੀਂ ਤੇ ਨਾ ਕਦੇ ਇਸ ਬਾਰੇ ਸੋਚਿਆ ਗਿਆ ਹੈ। ਤਦੇ ਦੇਸ਼ 'ਚ ਅਮਨ-ਬਹਾਲੀ ਦੀ ਜਦੋਂ ਕੋਈ ਸਮੱਸਿਆ ਸਾਹਮਣੇ ਆਉਂਦੀ ਹੈ, ਤਾਂ ਫ਼ੈਸਲੇ ਲੈਣ ਦੀ ਕਮੀ ਦੇਖੀ ਜਾਂਦੀ ਹੈ, ਕਿਉਂਕਿ ਕੋਈ ਵੀ ਵੱਡਾ ਅਧਿਕਾਰੀ ਜ਼ਿੰਮੇਵਾਰੀ ਲੈਣ ਤੋਂ ਕੰਨੀ ਕਤਰਾਉਂਦਾ ਹੈ। ਤਦ ਫਿਰ ਦੇਸ਼ 'ਚ ਅਮਨ-ਸ਼ਾਂਤੀ ਦੀ ਬਹਾਲੀ ਕਿਵੇਂ ਹੋਵੇ?

ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਸਾਹਮਣੇ ਆਉਂਦੇ ਹਨ। ਕਰਮਚਾਰੀਆਂ ਦੇ ਹਿੱਤ ਅਤੇ ਜਨ-ਹਿੱਤ ਇੱਕ ਦੂਜੇ ਦੇ ਵਿਰੋਧ ਵਿੱਚ ਖੜੇ ਦਿੱਸਦੇ ਹਨ। ਨਾ ਸਕੀਮਾਂ ਸਹੀ ਢੰਗ ਨਾਲ ਲਾਗੂ ਹੁੰਦੀਆਂ ਹਨ, ਨਾ ਨਿਰਧਾਰਤ ਟੀਚੇ ਪੂਰੇ ਹੁੰਦੇ ਹਨ। ਤਦੇ ਟੀਚੇ ਮਿੱਥਣਾ ਅਤੇ ਉਹਨਾਂ ਦੀ ਪੂਰਤੀ ਦੇ ਯਤਨ ਕਰਨਾ ਦੇਸ਼ ਵਿੱਚ ਬਹੁਤ ਗੰਭੀਰ ਵਿਸ਼ਾ ਬਣ ਚੁੱਕਾ ਹੈ।

ਅਸਲ ਵਿੱਚ ਦੇਸ਼ ਵਿੱਚ ਜਦੋਂ ਤੱਕ ਪ੍ਰਸ਼ਾਸਨ 'ਚ ਪਾਰਦਰਸ਼ਤਾ ਨਹੀਂ ਲਿਆਂਦੀ ਜਾਂਦੀ, ਪ੍ਰਸ਼ਾਸਨਕ ਅਧਿਕਾਰੀਆਂ ਦੀ ਲੋਕ ਹਿੱਤ 'ਚ ਕਨੂੰਨ ਲਾਗੂ ਕਰਨ, ਰਾਜ-ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ, ਨਿਰ-ਸਵਾਰਥ ਹੋ ਕੇ ਆਪਣਾ ਫ਼ਰਜ਼ ਪੂਰਾ ਕਰਨ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ, ਤਦ ਤੱਕ ਦੇਸ਼ ਨਾ ਤਰੱਕੀ ਦੇ ਰਸਤੇ ਤੁਰ ਸਕਦਾ ਹੈ, ਨਾ ਦੇਸ਼ ਵਿੱਚੋਂ ਭ੍ਰਿਸ਼ਟਾਚਾਰ, ਗ਼ਰੀਬੀ, ਬੇਰੁਜ਼ਗਾਰੀ ਜਿਹੀਆਂ ਅਲਾਮਤਾਂ ਦੂਰ ਕਰਨ ਵੱਲ ਕਦਮ ਪੁੱਟੇ ਜਾ ਸਕਦੇ ਹਨ।

# ਰਾਜੇਸ਼ ਬਾਘਾ ਅਤੇ ਮੈਂਬਰ ਨੇ ਮੈਗਸੀਪਾ ਵਿਖੇ ਆਈ.ਏ.ਐਸ. ਟ੍ਰੇਨੀਜ਼ ਨੂੰ ਦਿੱਤਾ ਲੈਕਚਰ

**ਚੰਡੀਗੜ੍ਹ-** ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ, ਪੰਜਾਬ, ਚੰਡੀਗੜ੍ਹ ਵਿਖੇ ਆਈ.ਏ.ਐਸ. ਟ੍ਰੇਨੀਜ਼ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਨੇ ਐਸ.ਸੀ. ਐਕਟ ਅਤੇ ਐਸ.ਸੀ. ਕਮਿਸ਼ਨ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਜੀ ਨੇ ਕਮਿਸ਼ਨ ਦੀ ਬਣਤਰ, ਕਮਿਸ਼ਨ ਵਿੱਚ ਕਿਸ ਤਰ੍ਹਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਹਨ ਅਤੇ ਉਨ੍ਹਾਂ ਦੇ ਹੱਲ ਵਾਸਤੇ ਕਮਿਸ਼ਨ ਦੀ ਕਾਰਵਾਈ ਕਰਦਾ ਹੈ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਬਹੁਤ ਸਾਰੀਆਂ ਹੱਲ ਕੀਤੀਆਂ ਗਈਆਂ ਸ਼ਿਕਾਇਤਾਂ ਦੇ ਹਵਾਲੇ ਵੀ ਦਿੱਤੇ। ਉਨ੍ਹਾਂ ਇਹ ਵੀ ਦੱਸਿਆ ਕਿ ਕਮਿਸ਼ਨ ਨੇ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਵਾਲੀਆਂ ਸ਼ਿਕਾਇਤਾਂ ਦੀ ਬਜਾਏ ਐਸ.ਸੀ. ਬੱਚਿਆਂ ਦੀ ਪੜ੍ਹਾਈ ਲਈ ਬਣੀਆਂ ਸਰਕਾਰੀ ਸਕੀਮਾਂ ਨੂੰ ਲਾਗੂ ਕਰਵਾਉਣ ਲਈ ਬਹੁਤ ਜਿਆਦਾ ਕੰਮ ਕੀਤਾ ਹੈ, ਜਿਵੇਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ। ਉਹਨਾਂ ਕਿਹਾ ਕਿ ਜਾਤਪਾਤ ਮਿਟਾਉਣ ਲਈ ਵਿਦਿਆ ਬਹੁਤ ਜਰੂਰੀ ਹੈ। ਇਨ੍ਹਾਂ ਵਰਗਾਂ ਨੂੰ ਵੱਧ ਤੋਂ ਵੱਧ ਰੁਜਗਾਰ ਦੇ ਮੌਕੇ ਪ੍ਰਦਾਨ ਕਰਕੇ ਹੀ ਜਾਤ ਪਾਤ ਖਤਮ ਕੀਤੀ ਜਾ ਸਕਦੀ ਹੈ। ਉਨ੍ਹਾਂ ਕਮਿਸ਼ਨ ਵੱਲੋਂ ਪਿਛਲੇ ਸਮੇਂ ਵਿੱਚ ਡਾ: ਅੰਬੇਡਕਰ



ਸਾਹਿਬ ਜੈਅੰਤੀ ਨੂੰ ਸਮਰਪਿਤ ਛੇ ਵੱਖ-ਵੱਖ ਵਿਸ਼ਿਆਂ ਉਪਰ ਕੀਤੇ ਗਏ ਸੈਮੀਨਾਰਾਂ ਬਾਰੇ ਵੀ ਜਾਣਕਾਰੀ ਦਿੱਤੀ।

ਕਮਿਸ਼ਨ ਦੇ ਮੈਂਬਰ ਗਿਆਨ ਚੰਦ ਨੇ ਦੱਸਿਆ ਕਿ ਕਮਿਸ਼ਨ ਦਾ ਗਠਨ ਇਸ ਮਕਸਦ ਨਾਲ ਕੀਤਾ ਗਿਆ ਸੀ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਅਕਤੀਆਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਨੀ, ਸਰਕਾਰ ਵੱਲੋਂ ਬਣਾਈਆਂ ਗਈਆਂ ਇਨ੍ਹਾਂ ਵਰਗਾਂ ਨਾਲ ਸਬੰਧਿਤ ਭਲਾਈ ਸਕੀਮਾਂ ਨੂੰ ਠੀਕ ਢੰਗ ਨਾਲ ਲਾਗੂ ਕਰਵਾਉਣ ਅਤੇ ਇਨ੍ਹਾਂ ਦਾ ਲਾਭ ਅਸਲ ਲਾਭਪਾਤਰੀਆਂ ਨੂੰ ਦੁਆਉਣਾ ਹੈ। ਮੌਲਿਕ ਅਧਿਕਾਰਾਂ ਅਤੇ ਭਲਾਈ ਸਕੀਮਾਂ ਨੂੰ ਲਾਗੂ ਕਰਨ ਵਿੱਚ ਰੁਕਾਵਟ ਬਣਨ ਵਾਲੇ ਅਧਿਕਾਰੀਆਂ ਅਤੇ ਸੰਸਥਾਵਾਂ ਜਾਂ ਕੋਈ ਹੋਰ ਵਿਅਕਤੀ ਨੂੰ ਸਜਾ ਦੁਆਉਣਾ ਵੀ ਕਮਿਸ਼ਨ ਦਾ ਕੰਮ ਹੈ। ਰਿਜਰਵੇਸ਼ਨ ਪਾਲਿਸੀ ਨੂੰ ਇੰਨ ਬਿੰਨ ਲਾਗੂ ਕਰਵਾਉਣਾ ਵੀ ਕਮਿਸ਼ਨ ਦਾ ਕੰਮ ਹੈ।

ਕਮਿਸ਼ਨ ਵਿੱਚ ਸ਼ਿਕਾਇਤ ਆਉਣ ਤੇ ਉਸਦੇ ਹੱਲ ਤੱਕ ਕਿਸ ਤਰ੍ਹਾਂ ਕਰਵਾਈ ਹੁੰਦੀ ਹੈ, ਉਸ ਬਾਰੇ ਵੀ ਜਾਣਕਾਰੀ ਦਿੱਤੀ। ਕਮਿਸ਼ਨ ਦੇ ਮੈਂਬਰ ਸ੍ਰੀ ਪ੍ਰਭਦਿਆਲ, ਡਾ: ਤਰਸੇਮ ਸਿੰਘ ਸਿਆਲਕਾ ਅਤੇ ਸ੍ਰੀ ਰਾਜ ਕੁਮਾਰ ਹੰਸ ਨੇ ਵੀ ਟ੍ਰੇਨੀਜ਼ ਨੂੰ ਸੰਬੋਧਨ ਕੀਤਾ।

ਇਸ ਮੌਕੇ ਸ੍ਰੀ ਸੁਰੇਸ਼ ਮਸੀਹ ਅਤੇ ਸ੍ਰੀ ਬਹਾਦਰ ਸਿੰਘ ਵੀ ਹਾਜ਼ਰ ਸਨ।

**ਮੁੱਖ ਸੰਪਾਦਕ ਸਾਹਿਬ ਅਤੇ ਸਮੂਹ ਅਦਾਰੇ ਦੇ ਸਾਰੇ ਮੈਂਬਰਾ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ**

ਆਪ ਜੀ ਵੱਲੋਂ ਸਮੇਂ- ਸਮੇਂ ਤੇ ਮੇਰੇ ਦੁਆਰਾ ਲਿਖੇ ਲੇਖਾ ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਸ ਨਾਲ ਸਾਰੇ ਪੰਜਾਬ ਵਿਚ ਸਾਹਿਤ ਨਾਲ ਜੁੜੇ ਲੇਖਕਾ ਤੇ ਪਾਠਕਾ ਨਾਲ ਮੇਰਾ ਰਾਬਤਾ ਜੁੜਿਆ ਅਤੇ ਮੇਰਾ ਨਾਂ ਲੇਖਕਾ ਦੀ ਸੂਚੀ ਵਿਚ ਆਇਆ ਆਪ ਜੀ ਨਵੇਂ ਲੇਖਕਾ ਨੂੰ ਵੀ ਅਖ਼ਬਾਰ ਵਿਚ ਜਗ੍ਹਾ ਦਿੰਦੇ ਹੋ ਜੋ ਮੇਰੇ ਵਰਗਿਆ ਲਈ ਬਹੁਤ ਵਧੀਆ ਗੱਲ ਹੈ ਮੈ ਅੱਗੇ ਤੋ ਹੋਰ ਵੀ ਵਧੀਆ ਲਿਖਣ ਦੀ ਕੋਸ਼ਿਸ ਕਰਾਗਾ ਤਾਂ ਜੋ ਮੈ ਤੁਹਾਡੇ ਅਦਾਰੇ ਨਾਲ ਬਾ- ਜ਼ਿੰਦਗੀ ਜੁੜਿਆ ਰਹਾ। ਆਪ ਜੀ ਦਾ ਬਹੁਤ- ਬਹੁਤ ਧੰਨਵਾਦ।

**ਨਵਜੋਤ ਬਜਾਜ (ਗੱਗੂ), ਭਗਤਾ ਭਾਈ ਕਾ (91-98721-02614)**

ਉਹ ਵੱਡੇ ਨਹੀ ਸਨ ਹੋਏ, ਅਸੀ ਆਪਣੇ- ਆਪ ਨੂੰ ਛੋਟਾ ਕਰ ਲਿਆ ਸੀ। ਉਹ ਸਿਆਣੇ ਨਹੀਂ ਸਨ, ਅਸੀਂ ਅੰਧਵਿਸ਼ਵਾਸੀ ਸਾਂ। ਅਸੀਂ ਹੀ ਨਿਰਣਾ ਕਰ ਲਿਆ ਸੀ ਕਿ ਚੌਲਾਂ ਵਰਗਾ ਰੰਗ, ਕਣਕ ਵਾਲੇ ਰੰਗ ਨਾਲੋਂ ਸੋਹਣਾ ਹੁੰਦਾ ਹੈ। ਅਸੀ ਸਾਬਤ ਕਰ ਵਿਖਾਇਆ ਹੈ ਕਿ ਪਤਲੂਨ ਪਾਉਣਾ , ਪਜਾਮੇ ਅਤੇ ਤਹਿਮਤ ਨਾਲੋਂ ਉਚੇਰੀ ਸਭਿਅਤਾ ਹੈ। ਆਪਣੇ ਦੇਸ਼ ਵਿਚ ਸਾਡਾ ਘਰ ਸਾਫ ਕਰਨਾ ਨੀਵੀਂ ਜਾਤ ਦਾ ਕੰਮ ਹੈ ਪਰ ਪ੍ਰਦੇਸ਼ ਵਿਚ ਸੜਕ ਸਾਫ ਕਰਦਿਆਂ, ਸਾਡੀ ਜਾਤ ਨੂੰ ਕੋਈ ਫਰਕ ਨਹੀਂ ਪੈਂਦਾ। ਪੜ੍ਹਿਆ- ਲਿਖਿਆ ਮਨੁੱਖ ਅਸੀਂ ਉਸ ਨੂੰ ਸਮਝਦੇ ਹਾਂ, ਜਿਹੜਾ ਆਪਣੀ ਜ਼ੁਬਾਨ ਵਿਚ ਗੱਲ ਨਾ ਕਰੇ। ਅਸੀਂ ਸਮਝਦੇ ਹਾਂ ਆਪਣੀ ਕਾਰ ਵਿਚ ਜਾਂਦਾ ਬੰਦਾ, ਬੱਸ- ਗੱਡੀ ਵਿਚ ਜਾਣ ਵਾਲੇ ਨਾਲੋਂ ਉਚਾ ਹੁੰਦਾ ਹੈ। ਸਾਡੇ ਨਿਰਣਾ ਕਰਨ ਦੀ ਦੇਰ ਸੀ, ਆਪਣੇ- ਆਪ ਨੂੰ ਛੋਟਾ ਮੰਨਣ ਦੀ ਦੇਰ ਸੀ, ਫਿਰ ਉਨ੍ਹਾਂ ਨੂੰ ਸਾਡੇ ਤੋਂ ਵੱਡੇ ਬਣਨ ਵਿਚ ਕੋਈ ਦੇਰ ਨਹੀਂ ਲੱਗੀ। ਸਾਡੇ ਝੁਕਣ ਦੀ ਦੇਰ ਸੀ , ਉਹ ਪਲਾਕੀ ਮਾਰ ਕੇ ਸਾਡੇ 'ਤੇ ਸਵਾਰ ਹੋ ਗਏ ਸਨ।ਸਾਨੂੰ ਝੁਕਾਉਣ ਲਈ ਇਥੇ ਯੂਨਾਨੀ ਆਏ, ਤੁਰਕ ਆਏ, ਲੋਧੀ ਆਏ, ਹੂਨ ਆਏ, ਮੁਗਲ ਆਏ, ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ਼ ਆਏ, ਜਿਹੜੇ ਨਹੀਂ ਆਏ, ਪਤਾ ਨਹੀਂ ਕਿਉਂ ਨਹੀਂ ਆਏ?? ਜੇ ਉਹ ਆ ਜਾਂਦੇ ਤਾਂ ਉਨ੍ਹਾਂ ਨੇ ਵੀ ਸਾਡੇ ' ਤੇ ਰਾਜ ਹੀ ਕਰਨਾ ਸੀ, ਕਿਉਂਕਿ ਅਸੀਂ ਗੁਲਾਮ ਬਣਨ ਵਿਚ ਮਾਹਿਰ ਸਾਂ।

**- ਨਰਿੰਦਰ ਸਿੰਘ ਕਪੂਰ**

# ਦੁਨੀਆਂ ਦੇ ਕਈ ਮੁਲਕਾਂ ਵਿਚ ਮਿਲਦੀ ਹੈ ਰਿਜ਼ਰਵੇਸ਼ਨ

ਅੱਜਕਲ੍ਹ ਭਾਰਤ ਵਿਚ ਦਲਿਤ (ਪੱਛੜੀ ਸ਼੍ਰੇਣੀ, ਐਸ. ਸੀ. ਅਤੇ ਐਸ. ਟੀ.) ਰਿਜ਼ਰਵੇਸ਼ਨ ਦੇ ਵਿਰੋਧ ਵਿਚ ਹਨੇਰੀ ਜਿਹੀ ਚੱਲ ਰਹੀ ਹੈ। ਰਿਜ਼ਰਵੇਸ਼ਨ ਦੇ ਖਿਲਾਫ ਬੇਹੂਦੇ ਅਤੇ ਬੇਤੁਕੇ ਤਰਕ ਦਿੱਤੇ ਜਾਂਦੇ ਹਨ। ਸਭ ਤੋਂ ਪਹਿਲਾ ਤਰਕ ਹੁੰਦਾ ਹੈ ਕਿ ਦੂਜੇ ਦੇਸ਼ਾਂ ਵਿਚ ਰਿਜ਼ਰਵੇਸ਼ਨ ਨਹੀਂ ਦਿੱਤੀ ਜਾਂਦੀ, ਇਯ ਕਰਕੇ ਉਹ ਮੁਲਕ ਸਾਡੇ ਤੋਂ ਜ਼ਿਆਦਾ ਤਰੱਕੀ ਕਰ ਰਹੇ ਹਨ, ਜੋ ਬਿਲਕੁਲ ਗਲਤ ਹੈ। ਵਿਦੇਸ਼ਾਂ ਵਿਚ ਵੀ ਰਿਜ਼ਰਵੇਸ਼ਨ ਦੀ ਪ੍ਰਣਾਲੀ ਹੈ। ਅਮਰੀਕਾ, ਚੀਨ, ਜਾਪਨ ਵਰਗੇ ਦੇਸ਼ਾਂ ਵਿਚ ਵੀ ਰਿਜ਼ਰਵੇਸ਼ਨ ਹੈ ਅਤੇ ਇਸਨੂੰ ਇਮਾਨਦਾਰੀ ਨਾਲ ਦਿੱਤਾ ਜਾਂਦਾ ਹੈ।

ਬਾਹਰਲੇ ਦੇਸ਼ਾਂ ਵਿਚ ਰਿਜ਼ਰਵੇਸ਼ਨ ਨੂੰ ਐਫਰੀਮੇਟਿਵ ਐਕਸ਼ਨ ਕਿਹਾ ਜਾਂਦਾ ਹੈ। ਐਫਰੀਮੇਟਿਵ ਐਕਸ਼ਨ ਦਾ ਮਤਲਬ ਸਮਾਜ ਦੇ 'ਵਰਣ' ਅਤੇ 'ਨਸਲਭੇਦ' ਦੇ ਸ਼ਿਕਾਰ ਲੋਕਾਂ ਦੇ ਲਈ ਸਮਾਜਿਕ ਸਮਾਨਤਾ ਦੀ ਵਿਵਸਥਾ ਹੈ।

1961 ਨੂੰ ਸੰਯੁਕਤ ਰਾਸ਼ਟਰ ਦੀ ਬੈਠਕ ਵਿਚ ਹਰ ਕਿਸਮ ਦੇ ਵਰਣ, ਨਸਲਭੇਦ ਅਤੇ ਰੰਗਭੇਦ ਦੇ ਖਿਲਾਫ ਸਖਤ ਕਾਨੂੰਨ ਬਣਾਇਆ ਗਿਆ। ਇਸਦੇ ਤਹਿਤ ਸੰਯੁਕਤ ਰਾਸ਼ਟਰ ਵਿਚ ਸ਼ਾਮਲ ਸਾਰੇ ਮੁਲਕਾਂ ਨੇ ਆਪਣੇ ਮੁਲਕ ਦੇ ਸ਼ੋਸ਼ਿਤ ਵਰਣ (ਦਲਿਤ) ਦੀ ਮਦਦ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸਥਾਪਤ ਕਰਨ ਦਾ ਫੈਸਲਾ ਲਿਆ। ਇਸੇ ਫੈਸਲੇ ਦੇ ਤਹਿਤ ਹੀ ਸ਼ੋਸ਼ਿਤਾਂ ਅਤੇ ਵਾਂਝਿਆਂ ਨੂੰ ਉਪਰ ਚੁੱਕਣ ਲਈ ਵੱਖ-ਵੱਖ ਦੇਸ਼ਾਂ ਨੇ ਆਪਣੇ-ਆਪਣੇ ਤਰੀਕੇ ਨਾਲ ਰਿਜ਼ਰਵੇਸ਼ਨ ਲਾਗੂ ਕੀਤੀ ਹੈ।

ਉਪਰ ਕਹੇ ਗਏ ਦੇਸ਼ ਅਮਰੀਕਾ, ਜਾਪਾਨ ਅਤੇ ਭਾਰਤ ਤੋਂ ਇਲਾਵਾ ਹੋਰ ਮੁਲਕਾਂ ਨੇ ਵੀ ਰਿਜ਼ਰਵੇਸ਼ਨ ਦਿੱਤੀ ਹੈ, ਜਿਹਨਾਂ ਵਿਚ ਕੁਝ ਕੁ ਹੇਠ ਲਿਖੇ ਹਨ:

1. ਭਾਰਤ ਦੇ ਪੜੌਸੀ ਮੁਲਕ ਪਾਕਿਸਤਾਨ ਵਿਚ ਬੜੀ ਮੁਸ਼ਕਿਲ ਨਾਲ 5 ਪ੍ਰਤੀਸ਼ਤ ਦਲਿਤ ਹਨ ਪਰ ਉਹਨਾਂ ਨੂੰ ਇਮਾਨਦਾਰੀ ਨਾਲ 6 ਪ੍ਰਤੀਸ਼ਤ ਰਿਜ਼ਰਵੇਸ਼ਨ ਦਿੱਤੀ ਜਾਂਦੀ ਹੈ।
2. ਰਿਜ਼ਰਵੇਸ਼ਨ ਦੇ ਕਾਰਨ ਦੱਖਣੀ ਅਫਰੀਕਾ ਟੀਮ ਵਿਚ 4 ਕਾਲੇ ਖਿਡਾਰੀਆਂ ਦੀ ਚੋਣ ਜ਼ਰੂਰ ਹੁੰਦੀ ਹੈ।
3. ਅਮਰੀਕਾ ਵਿਚ ਐਫਰੀਮੇਟਿਵ ਐਕਸ਼ਨ ਦੇ ਤਹਿਤ ਕਾਲਿਆਂ ਨੂੰ ਰਿਜ਼ਰਵੇਸ਼ਨ ਮਿਲੀ ਹੋਈ ਹੈ। ਉਥੋਂ ਦੇ ਪਿਕਰਾਂ ਵਿਚ ਵੀ ਕਾਲੇ ਕਲਾਕਾਰਾਂ ਦੀ ਰਿਜ਼ਰਵੇਸ਼ਨ ਨਿਰਧਾਰਿਤ ਹੈ। ਇੱਥੇ ਕੋਈ ਪਿਕਰ ਜਾਂ ਵਿਭਾਗ ਅਜਿਹਾ ਨਹੀਂ ਮਿਲੇਗਾ, ਜਿਸ ਵਿਚ ਕਾਲੇ/ਗੋਰੇ ਨਾ ਹੋਣ।ਅਮਰੀਕਾ ਨੇ ਤਾਂ ਅੱਜ ਤੋਂ 155 ਸਾਲ ਪਹਿਲਾਂ 4 ਮਾਰਚ, 1861 ਨੂੰ ਦਲਿਤ (ਅਬ੍ਰਾਹਮ ਲਿੰਕਨ) ਨੂੰ ਆਪਣਾ ਰਾਸ਼ਟਰਪਤੀ ਬਣਾ ਦਿੱਤਾ ਸੀ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੀ ਇਕ ਕਾਲੇ, ਮੁਸਲਿਮ ਅਤੇ ਛੋਟੇ ਤਬਕੇ ਨਾਲ ਸਬੰਧਤ ਹਨ। ਇਸੇ ਕਰਕੇ ਤਾਂ ਅਮਰੀਕਾ ਤਰੱਕੀ ਦੀ ਦੁਨੀਆਂ ਵਿਚ ਹੋਰ ਮੁਲਕਾਂ ਤੋਂ ਕਾਫੀ ਅੱਗੇ ਹੈ। ਭਾਰਤ ਵਿਚ ਤਾਂ ਸੰਪੂਰਨ ਹਿੱਸੇਦਾਰੀ 'ਤੇ ਕੁਝ ਲੋਕਾਂ ਨੇ ਕੁੰਡਲੀ ਮਾਰ ਕੇ ਕਬਜਾ ਕਰ ਰੱਖਿਆ ਹੈ, ਇਸ ਕਰਕੇ ਉਹ ਸਮਾਜ ਵਿਚ ਭਰਮ ਫੈਲਾਉਣ ਦੇ ਲਈ ਰਿਜ਼ਰਵੇਸ਼ਨ/ ਹਿੱਸੇਦਾਰੀ ਦਾ ਹਰ ਰੋਜ਼ ਵਿਰੋਧ ਕਰਦੇ ਰਹਿੰਦੇ ਹਨ।




**ਸੰਯੁਕਤ ਰਾਸ਼ਟਰ ਵਿਚ ਸ਼ਾਮਲ ਸਾਰੇ ਮੁਲਕਾਂ ਨੇ ਆਪਣੇ ਮੁਲਕ ਦੇ ਸ਼ੋਸ਼ਿਤ ਵਰਣ (ਦਲਿਤ) ਦੀ ਮਦਦ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸਥਾਪਤ ਕਰਨ ਦਾ ਫੈਸਲਾ ਲਿਆ। ਇਸੇ ਫੈਸਲੇ ਦੇ ਤਹਿਤ ਹੀ ਸ਼ੋਸ਼ਿਤਾਂ ਅਤੇ ਵਾਂਝਿਆਂ ਨੂੰ ਉਪਰ ਚੁੱਕਣ ਲਈ ਵੱਖ-ਵੱਖ ਦੇਸ਼ਾਂ ਨੇ ਆਪਣੇ-ਆਪਣੇ ਤਰੀਕੇ ਨਾਲ ਰਿਜ਼ਰਵੇਸ਼ਨ ਲਾਗੂ ਕੀਤੀ ਹੈ।**

4. ਬ੍ਰਾਜੀਲ ਵਿਚ ਰਿਜ਼ਰਵੇਸ਼ਨ ਵੈਸਟੀਬੁਲਰ ਨਾਂ ਨਾਲ ਜਾਣੀ ਜਾਂਦੀ ਹੈ।
5. ਕੈਨੇਡਾ ਵਿਚ ਬਰਾਬਰ ਰੁਜ਼ਗਾਰ ਦਾ ਤੱਤ ਹੈ, ਜਿਸ ਦੇ ਤਹਿਤ ਫਾਇਦਾ ਉਥੋਂ ਦੇ ਘੱਟ ਗਿਣਤੀਆਂ ਨੂੰ ਹੁੰਦਾ ਹੈ।

ਚੀਨ ਵਿਚ ਔਰਤ ਅਤੇ ਤੱਤਵਿਕ ਘੱਟ ਗਿਣਤੀਆਂ ਦੇ ਲਈ ਰਿਜ਼ਰਵੇਸ਼ਨ ਹੈ।

7. ਫਿਨਲੈਂਡ ਵਿਚ ਸਵੀਡਿਸ਼ ਲੋਕਾਂ ਦੇ ਲਈ ਰਿਜ਼ਰਵੇਸ਼ਨ ਹੈ।
8. ਜਰਮਨੀ ਵਿਚ ਜਿਮਨੀਸ਼ੀਅਮ ਸਿਸਟਮ ਹੈ।
9. ਇਜ਼ਰਾਈਲ ਵਿਚ ਐਫਰੀਮੇਟਿਵ ਐਕਸ਼ਨ ਦੇ ਤਹਿਤ ਰਿਜ਼ਰਵੇਸ਼ਨ ਹੈ।
10. ਜਾਪਾਨ ਵਰਗੇ ਸਭ ਤੋਂ ਤਰੱਕੀ ਪਸੰਦ ਮੁਲਕ ਵਿਚ ਵੀ ਬੁਰਾਕੁਮਿਨ ਲੋਕਾਂ ਲਈ ਰਿਜ਼ਰਵੇਸ਼ਨ ਹੈ। (ਬੁਰਾਕੁਮਿਨ ਜਾਪਾਨ ਦੇ ਹੱਕ ਵਾਂਝੇ ਦਲਿਤ ਲੋਕ ਹਨ)।
11. ਮੈਸੋਡੋਨੀਆ ਵਿਚ ਅਲਬਾਨੀਅਨ ਦੇ ਲਈ ਰਿਜ਼ਰਵੇਸ਼ਨ ਹੈ।
12. ਮਲੇਸ਼ੀਆ ਵਿਚ ਵੀ ਉਹਨਾਂ ਦੀ ਨਵੀਂ ਆਰਥਿਕ ਯੋਜਨਾ ਦੇ ਤਹਿਤ ਰਿਜ਼ਰਵੇਸ਼ਨ ਲਾਗੂ ਹੈ।
13. ਨਿਊਜ਼ੀਲੈਂਡ ਵਿਚ ਮਾਓਰਿਸ ਅਤੇ ਪਾਲੀਨੇਸ਼ੀਅਨ ਲੋਕਾਂ ਦੇ ਲਈ ਐਫਰੀਮੇਟਿਵ ਐਕਸ਼ਨ ਦੀ ਰਿਜ਼ਰਵੇਸ਼ਨ ਹੈ।
14. ਨਾਰਵੇ ਦੇ ਪੀ ਸੀ ਐਲ ਬੋਰਡ ਵਿਚ 40 ਫੀਸਦੀ ਔਰਤਾਂ ਲਈ ਰਿਜ਼ਰਵੇਸ਼ਨ ਹੈ।
15. ਰੋਮਾਨੀਆ ਵਿਚ ਸ਼ੋਸ਼ਣਦਾ ਸ਼ਿਕਾਰ ਰੋਮਨ ਲੋਕਾਂ ਦੇ ਲਈ ਰਿਜ਼ਰਵੇਸ਼ਨ ਹੈ।
16. ਦੱਖਣੀ ਅਫਰੀਕਾ ਵਿਚ ਰੁਜ਼ਗਾਰ ਸਮਾਨਤਾ (ਕਾਲੇ ਗੋਰੇ ਲੋਕਾਂ ਨੂੰ ਬਰਾਬਰ ਰੁਜ਼ਗਾਰ) ਰਿਜ਼ਰਵੇਸ਼ਨ ਹੈ।
17. ਦੱਖਣੀ ਕੋਰੀਆ ਵਿਚ ਉਤਰੀ ਕੋਰੀਆ ਅਤੇ ਚੀਨੀ ਲੋਕਾਂ ਦੇ ਲਈ ਰਿਜ਼ਰਵੇਸ਼ਨ ਹੈ।
18. ਸ਼੍ਰੀਲੰਕਾ ਵਿਚ ਤਮਿਲ ਅਤੇ ਕ੍ਰਿਸਚੀਅਨ ਲੋਕਾਂ ਦੇ ਲਈ ਅਲੱਗ ਨਿਯਮ ਅਰਥਾਤ ਰਿਜ਼ਰਵੇਸ਼ਨ ਹੈ।
19. ਸਵੀਡਨ ਵਿਚ ਜਨਰਲ ਐਫਰੀਮੇਟਿਵ ਐਕਸ਼ਨ ਦੇ ਤਹਿਤ ਰਿਜ਼ਰਵੇਸ਼ਨ ਮਿਲਦੀ ਹੈ।

ਜੇਕਰ ਇੰਨੇ ਸਾਰੇ ਦੇਸ਼ਾਂ ਵਿਚ ਰਿਜ਼ਰਵੇਸ਼ਨ ਦਿੱਤੀ ਜਾਂਦੀ ਹੈ (ਜਿਹਨਾਂ ਵਿਚ ਕਈ ਵਿਕਸਤ ਦੇਸ਼ ਵੀ ਸ਼ਾਮਲ ਹਨ) ਤਾਂ ਫਿਰ ਭਾਰਤ ਦੀ ਰਿਜ਼ਰਵੇਸ਼ਨ ਕਿਸ ਤਰ੍ਹਾਂ ਭਾਰਤ ਦੀ ਤਰੱਕੀ ਵਿਚ ਅੜਿੱਕਾ ਹੈ। ਭਾਰਤ ਵਿਚ ਤਾਂ ਲੋਕ ਸਭ ਤੋਂ ਜ਼ਿਆਦਾ ਜਾਤੀ ਵਿਤਕਰੇ ਦੇ ਸ਼ਿਕਾਰ ਹਨ। ਭਾਰਤੀ ਸ਼ੂਦਰਾਂ/ਦਲਿਤਾਂ ਨੂੰ ਤਾਂ ਹਜ਼ਾਰਾਂ ਸਾਲਾਂ ਤੋਂ ਉਹਨਾਂ ਦੇ ਮੌਲਿਕ ਅਧਿਕਾਰਾਂ ਤੋਂ ਹੀ ਵਾਂਝਾ ਕਰਕੇ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ ਤਾਂ ਫਿਰ ਭਾਰਤੀ ਦਲਿਤਾਂ ਨੂੰ ਰਿਜ਼ਰਵੇਸ਼ਨ ਕਿਉਂ ਨਾ ਮਿਲੇ?

ਜਦੋਂ ਤੱਕ ਭਾਰਤ ਦੇ ਸਾਰੇ ਜਾਤੀ ਧਰਮ ਦੇ ਲੋਕ ਸਿੱਖਿਆ, ਫੌਜ, ਹਰ ਕਿਸਮ ਦੀ ਨੌਕਰੀ, ਸਰੋਤ ਅਤੇ ਸਰਕਾਰ ਵਿਚ ਬਰਾਬਰ ਪ੍ਰਤੀਨਿਧਤਾ ਨਹੀਂ ਕਰਨਗੇ, ਉਦੋਂ ਤੱਕ ਦੇਸ਼ ਲੋੜੀਂਦੀ ਤਰੱਕੀ ਨਹੀਂ ਕਰ ਸਕੇਗਾ। ਜੇਕਰ ਸਾਰੇ ਦੇਸ਼ ਤਰੱਕੀ ਦੇ ਲਈ ਸਾਰੇ ਲੋਕਾਂ ਨੂੰ ਨਾਲ ਲੈ ਕੇ ਚੱਲ ਰਹੇ ਹਨ ਤਾਂ ਫਿਰ ਭਾਰਤ ਕਿਉਂ ਨਹੀਂ।

**– ਸਿਸੋਦੀਆ**

## ਪੰਜਾਬੀ ਕਹਾਣੀ

# ਦਾਜ ਵਾਲੀ ਕਾਰ

**ਸਰੂਚੀ ਕੰਬੋਜ** (ਵਟਸਐਪ-9872348277)



ਦੋ ਮਹੀਨੇ ਪਹਿਲਾਂ ਜਦ ਸੁਰਵੀਨ ਦਾ ਵਿਆਹ ਤੈਅ ਹੋਇਆ ਸੀ ।ਪੂਰਾ ਘਰ ਦੁਲਹਨ ਦੀ ਤਰ੍ਹਾਂ ਸਜਿਆ ਹੋਇਆ ਸੀ ।ਰਿਸ਼ਤੇਦਾਰਾਂ ਦੀ ਚਹਿਲ ਪਹਿਲ ਨਾਲ ਘਰ ਵਿਚ ਰੌਣਕ ਲਗੀ ਹੋਈ ਸੀ । ਸੁਰਵੀਨ, ਵਿਕਰਮ ਦੇ ਨਾਲ ਅਪਣੇ ਸੁਨਹਿਰੀ ਭਵਿੱਖ ਦੇ ਸੁਪਨਿਆਂ ਵਿੱਚ ਗੁਆਚੀ ਹੋਈ ਸੀ ।

ਉਸ ਦਿਨ ਉਹ ਕਿਸੇ ਪਰੀ ਨਾਲੋਂ ਘੱਟ ਨਹੀਂ ਸੀ ਲਗ ਰਹੀ ਸ਼ਰਮ ਦੇ ਨਾਲ ਉਸਦਾ ਗੋਰਾ ਰੰਗ ਲਾਲ ਹੋਇਆ ਜਾਂਦਾ ਸੀ ।ਘਰ ਦਾ ਕੋਨਾ ਕੋਨਾ ਖੁਸ਼ੀਆਂ ਨਾਲ ਭਰਿਆ ਜਾਪਦਾ ਸੀ। ਪੂਰਾ ਘਰ ਰੰਗ ਬਿਰੰਗੇ ਫੁੱਲਾਂ ਤੇ ਪਰਦਿਆਂ ਨਾਲ ਸਜਾਇਆ ਗਿਆ ਸੀ।

ਅਚਾਨਕ ਕਮਰੇ ਵਿੱਚ ਬੈਠੀ ਸੁਰਵੀਨ ਦੀ ਨਜ਼ਰ ਆਪਣੇ ਪਿਤਾ ਜੀ ਤੇ ਗਈ ਜੋ ਕਿ ਬਹੁਤ ਚਿੰਤਤ ਲੱਗ ਰਹੇ ਸਨ। ਸੁਰਵੀਨ ਝੱਟ ਨਾਲ ਆਪਣੇ ਪਿਤਾ ਕੋਲ ਗਈ। ਉਨ੍ਹਾਂ ਦੀ ਚਿੰਤਾ ਦੀ ਵਜ੍ਹਾ ਪੁੱਛਣ ਲੱਗੀ। ਪਰ ਪਿਤਾ ਜੀ ਨੇ ਉਸ ਨੂੰ ਵਾਪਸ ਆਪਣੀਆ ਸਹੇਲੀਆਂ ਕੋਲ ਕਮਰੇ ਵਿੱਚ ਜਾਣ ਲਈ ਕਿਹਾ ।

ਉਹ ਉਦਾਸ ਮਨ ਨਾਲ ਆਪਣੇ ਕਮਰੇ ਵਿੱਚ ਵਾਪਸ ਆ ਗਈ।ਕੁਝ ਦੇਰ ਬਾਅਦ ਉਸ ਦੀ ਇੱਕ ਸਹੇਲੀ ਭੱਜਦੀ ਹੋਈ ਉਸ ਕੋਲ ਆਈ। ਉਸਨੇ ਸੁਰਵੀਨ ਨੂੰ ਉਸਦੇ ਪਿਤਾ ਦੀ ਚਿੰਤਾ ਦਾ ਕਾਰਨ ਦੱਸਿਆ। ਇਹ ਜਾਣ ਕੇ ਉਹ ਕਰੋਧ ਤੇ ਅਪਮਾਨ ਨਾਲ ਭਰ ਗਈ ਉਸਦਾ ਵੱਸ ਚਲਦਾ ਤਾਂ ਉਹ ਉਸ ਪਲ ਹੀ ਉਸ ਵਿਆਹ ਨੂੰ ਰੋਕ ਦਿੰਦੀ ਪਰ ਉਹ ਸਹੀ ਵਕਤ ਦਾ ਇੰਤਜ਼ਾਰ ਕਰਨ ਲੱਗੀ। ਪਿਤਾ ਨੂੰ ਵਾਰ ਵਾਰ ਪੁੱਛਣ ਤੇ ਵੀ ਜਦ ਕੋਈ ਜਵਾਬ ਨਾ ਮਿਲਿਆ ਤਾਂ ਉਸ ਵਿਕਰਮ ਨੂੰ ਫੋਨ ਕਰਕੇ ਆਪਣੀ ਚਿੰਤਾ ਜਾਹਿਰ ਕੀਤੀ "ਪਤਾ ਨਹੀਂ ਪਾਪਾ ਨੂੰ ਕੀ ਹੋ ਗਿਆ ਸਵੇਰ ਤੋਂ ਬਹੁਤ ਚਿੰਤਾ ਵਿਚ ਹਨ। ਆਖਿਰ ਤੁਸੀਂ ਐਦਾ ਦੀ ਮੰਗ ਕਿਉ ਰੱਖੀ ਹੈ?" ਸੁਰਵੀਨ ਦੀ ਗੱਲ ਸੁਣ ਵਿਕਰਮ ਨੂੰ ਕੱਲ੍ਹ ਵਾਲਾ ਵਾਕਿਆ ਯਾਦ ਆ ਗਿਆ ਜਦ ਖੁਸ਼ੀਆਂ ਵਾਲੇ ਮਾਹੌਲ ਵਿੱਚ ਅਚਾਨਕ ਕਿਸੇ ਰਿਸ਼ਤੇਦਾਰ ਨੇ ਸਰਗੋਸ਼ੀ ਕੀਤੀ ਕਿ "ਇਕਲੌਤਾ ਮੁੰਡਾ ਹੋਣ ਦੇ ਬਾਵਜੂਦ ਵੀ ਕੁੜੀ ਵਾਲਿਆਂ ਤੋਂ ਇਹਨਾਂ ਨੂੰ ਦਾਜ 'ਚ ਇਕ ਕਾਰ ਵੀ ਨਹੀਂ ਦੇ ਹੋਈ, ਚਲੋ ਇਹਨਾਂ ਨੇ ਦਾਜ ਲੈਣ ਤੋਂ ਮਨਾ ਕਰ ਦਿੱਤਾ ਪਰ ਕੁੜੀ ਵਾਲਿਆਂ ਨੂੰ ਤੇ ਸੋਚਣਾ ਚਾਹੀਦਾ ਸੀ ਕਿ ਮੁੰਡੇ ਵਾਲੇ ਕੁਝ ਨਹੀਂ ਲੈ ਰਹੇ ਤਾਂ ਇਕ ਕਾਰ ਹੀ ਦੇ ਦੇਈਏ।"

ਇਹ ਸਭ ਗੱਲਾਂ ਕੋਲ ਖੜ੍ਹੇ ਵਿਕਰਮ ਦੇ ਪਿਤਾ ਤੱਕ ਵੀ ਪਹੁੰਚ ਗਈਆਂ ਜਿਸ ਕਾਰਨ ਉਸ ਨੂੰ ਬਹੁਤ ਬੁਰਾ ਮਹਿਸੂਸ ਹੋਇਆ।ਉਸਨੂੰ ਲੱਗਿਆ ਕਿ ਕੁੜੀ ਵਾਲਿਆਂ ਤੋਂ ਦਾਜ ਲੈਣ ਲਈ ਮਨਾ ਕਰਕੇ ਉਸ ਬਹੁਤ ਵੱਡੀ ਗਲਤੀ ਕਰ ਲਈ ਹੈ। ਇਹ ਤਾਂ ਪਰੰਪਰਾ ਹੈ ਜੋ ਸਦੀਆਂ ਤੋਂ ਚਲਦੀ ਆ ਰਹੀ ਹੈ ਫਿਰ ਉਹ ਇਸ ਪਰੰਪਰਾ ਨੂੰ ਕਿਵੇਂ ਤੋੜ ਸਕਦੇ ਹਨ। ਕੁੜੀ ਵਾਲੇ ਤੇ ਆਪਣੀ ਕੁੜੀ ਨੂੰ ਵਿਦਾਇਗੀ ਵੇਲੇ ਆਪਣੀ ਮਰਜ਼ੀ ਨਾਲ ਇਹ ਸਭ ਕੁਝ ਦਿੰਦੇ ਹਨ ਕਿਉਂਕਿ ਉਸਦਾ ਕਿਹੜਾ ਜਾਇਦਾਦ ਵਿਚ ਹੱਕ ਹੁੰਦਾ। ਥੋੜ੍ਹੀ ਦੇਰ ਦਾ ਸੋਚ ਵਿਚਾਰ ਕਰਕੇ ਵਿਕਰਮ ਦੇ ਪਿਤਾ ਨੇ ਸੁਰਵੀਨ ਦੇ ਪਿਤਾ ਨੂੰ ਫੋਨ ਕਰਕੇ ਕਿਹਾ ਕਿ "ਵਿਕਰਮ ਮੇਰਾ ਇਕਲੌਤਾ ਮੁੰਡਾ ਹੈ।ਮੈਂ ਉਸ ਨੂੰ ਲਾਇਕ ਬਣਾਉਣ ਲਈ ਬਹੁਤ ਕੁਝ ਕੀਤਾ ਹੈ, ਇਹ ਵੀ ਨਹੀਂ ਕਿ ਮੇਰੇ ਕੋਲ ਕੁਝ ਨਹੀਂ, ਭਗਵਾਨ ਦਾ ਦਿੱਤਾ ਸਭ ਕੁਝ ਹੈ ਪਰ ਕੁਝ ਵੀ ਹੋ ਜੇ ਲੋਕਾਂ ਨੂੰ ਦਿਖਾਉਣ ਲਈ ਹੀ ਸਹੀ ਤੁਸੀਂ ਮੇਰੇ ਪੁੱਤਰ ਨੂੰ ਦਹੇਜ ਵਿੱਚ ਕਾਰ ਤੇ ਕੁਝ ਨਗਦੀ ਜਰੂਰ ਦੇਣਾ। ਵੈਸੇ ਵੀ ਇਹ ਕਾਰ ਮੈਂ ਆਪਣੇ ਲਈ ਨਹੀਂ ਮੰਗ ਰਿਹਾ ਕਾਰ ਤੁਹਾਡੀ ਕੁੜੀ ਦੀ ਹੀ ਹੋਏਗੀ। ਕਾਰ ਮਿਲ ਜਾਣ ਬਾਅਦ ਉਹਨੂੰ ਆਉਣ ਜਾਣ ਲਈ ਬੱਸਾਂ ਵਿਚ ਧੱਕੇ ਨਹੀਂ ਖਾਣੇ ਪੈਣਗੇ ਤੇ ਜੋ ਰੁਪਏ ਦਿਉਗੇ ਉਹ ਵੀ ਤੁਹਾਡੀ ਕੁੜੀ ਦੇ ਨਾਮ ਤੇ ਬੈਂਕ ਵਿੱਚ ਜਮ੍ਹਾਂ ਕਰਵਾ ਦੇਣਾ।ਨਹੀਂ ਤਾਂ ਦੋ ਦਿਨ ਬਾਕੀ ਨੇ ਵਿਆਹ ਚ ਹਾਲੇ,



ਆਪਾਂ ਦੋਬਾਰਾ ਤੋਂ ਸੋਚਾਂਗੇ ਇਸ ਰਿਸ਼ਤੇ ਲਈ ਕਿ ਹੋਣਾ ਚਾਹੀਦਾ ਜਾਂ ਨਹੀਂ ।" ਇੰਨਾ ਕਹਿ ਕੇ ਵਿਕਰਮ ਦੇ ਪਿਤਾ ਨੇ ਫੋਨ ਕੱਟ ਦਿੱਤਾ।

ਸੁਰਵੀਨ ਦੇ ਪਿਤਾ ਇਕ ਬੈਂਕ ਵਿਚ ਕਲਰਕ ਦੀ ਨੌਕਰੀ ਕਰਦਾ ਸੀ। ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਕੇ ਜੋ ਵੀ ਕਮਾਈ ਕੀਤੀ ਉਹ ਸਭ ਆਪਣੇ ਦੋਨਾਂ ਬੱਚਿਆਂ ਨੂੰ ਪੜ੍ਹਾਉਣ ਤੇ ਲਾ ਦਿੱਤੀ ਸੀ ਤੇ ਅੱਜ ਜੋ ਕੁਝ ਸੀ ਉਹ ਸੁਰਵੀਨ ਦੇ ਵਿਆਹ ਤੇ ਖਰਚ ਹੋ ਗਿਆ। ਵਿਕਰਮ ਤੇ ਸੁਰਵੀਨ ਇਕੋ ਕੰਪਨੀ ਵਿੱਚ ਜੋਬ ਕਰਦੇ ਸਨ। ਉਹ ਸੁਰਵੀਨ ਨੂੰ ਪਸੰਦ ਕਰਦਾ ਸੀ। ਜਦ ਉਸ ਘਰ ਸਭ ਨੂੰ ਸੁਰਵੀਨ ਬਾਰੇ ਦੱਸਿਆ ਤਾਂ ਸੁਰਵੀਨ ਨੂੰ ਉਹਨਾਂ ਰਾਜੀ ਖੁਸ਼ੀ ਅਪਨਾ ਲਿਆ। ਪੜ੍ਹੀ ਲਿਖੀ ਤੇ ਕਮਾਊ ਨੂੰਹ ਜੋ ਆ ਰਹੀ ਸੀ ਤੇ ਮਨਾ ਕਿਵੇਂ ਕਰਦੇ ਉਪਰੋਂ ਉਹਨਾਂ ਦੇ ਮੁੰਡੇ ਦੀ ਪਸੰਦ ਸੀ। ਜਦ ਦਹੇਜ ਦੀ ਗੱਲ ਹੋਈ ਤਾਂ ਵਿਕਰਮ ਦੇ ਪਿਤਾ ਨੇ ਸਾਹਮਣੇ ਤੋਂ ਮਨਾ ਕੀਤਾ ਸੀ ਤੇ ਅੱਜ ਵਿਆਹ ਤੋਂ ਦੋ ਦਿਨ ਪਹਿਲਾਂ ਦਹੇਜ ਦੀ ਗੱਲ ਕਰਕੇ ਉਹਨਾਂ ਸਭ ਨੂੰ ਪਰੇਸ਼ਾਨੀ ਵਿਚ ਪਾ ਦਿੱਤਾ ਸੀ। ਕੁਝ ਪਲ ਪਹਿਲਾਂ ਜੋ ਸੁਰਵੀਨ ਦੇ ਘਰ ਖੁਸ਼ੀਆਂ ਦਾ ਮਾਹੌਲ ਸੀ ਉਹ ਫਿੱਕਾ ਪੈ ਗਿਆ। ਜੋ ਰਿਸ਼ਤੇਦਾਰ ਕੁਝ ਪਲ ਪਹਿਲਾਂ ਉਹਨਾਂ ਦੀਆਂ ਤਾਰੀਫਾਂ ਕਰਦੇ ਨਹੀਂ ਥੱਕ ਰਹੇ ਸਨ ਹੁਣ ਉਹਨਾਂ ਦੀ ਨਿੰਦਿਆ ਰਹੇ ਸਨ। ਜਦ ਸੁਰਵੀਨ ਦੇ ਵਿਕਰਮ ਨੂੰ ਫੋਨ ਕਰਕੇ ਸਮਝਾਉਣ ਦਾ ਵੀ ਕੋਈ ਅਸਰ ਨਾ ਹੋਇਆ। ਉਸ ਨੇ ਤਾਂ ਸਾਫ ਮਨਾ ਕਰ ਦਿੱਤਾ ਸੀ ਵਿਕਰਮ ਨਾਲ ਵਿਆਹ ਕਰਵਾਉਣ ਤੋਂ ਪਰ ਉਸ ਦੇ ਪਿਤਾ ਤੇ ਭਰਾ ਨੇ ਸਮਝਾਇਆ ਕਿ "ਉਹਨਾਂ ਦੀ ਗੱਲ ਸਹੀ ਹੈ ਆਪਾਂ ਕਾਰ ਆਪਣੀ ਕੁੜੀ ਨੂੰ ਦੇਣੀ ਹੈ ਤੇ ਕੱਲ ਨੂੰ ਉਹਨੇ ਕਿਤੇ ਜਾਣਾ ਹੋਇਆ ਤਾਂ ਉਹਨੂੰ ਬੱਸਾਂ ਰਿਕਸ਼ਿਆਂ ਤੇ ਧੱਕੇ ਤਾਂ ਨਹੀਂ ਖਾਣੇ ਪੈਣਗੇ। ਨਾਲੇ ਇਹੋ ਜਿਹਾ ਚੰਗਾ ਰਿਸ਼ਤਾ ਵਾਰ ਵਾਰ ਥੋੜ੍ਹੀ ਮਿਲਣਾ, ਲੋਨ ਤੇ ਲੈ ਕੇ ਕਿਉਂ ਨਾ ਦੇਣੀ ਪਈ ਕਾਰ ਜਰੂਰ ਦੇਵਾਂਗਾ ਅਪਣੀ ਭੈਣ ਨੂੰ।" ਦੋ ਦਿਨ ਪੂਰੇ ਲਾ ਕੇ ਉਹਨਾਂ ਲੋਨ ਤੇ ਕਾਰ ਖਰੀਦੀ। ਬਾਕੀ ਕਰਜ ਲੈ ਕੇ ਅਤੇ ਆਪਣੀ ਜੀਵਨ ਭਰ ਦੀ ਜੋੜੀ ਕਮਾਈ ਵਿਚ ਜੋ ਥੋੜ੍ਹੀ ਬਹੁਤੀ ਰਕਮ ਸੁਰਵੀਨ ਦੇ ਪਿਤਾ ਨੇ ਆਪਣੇ ਬੁਢਾਪੇ ਲਈ ਬੈਂਕ ਵਿਚ ਸਾਂਭ ਰੱਖੀ ਸੀ ਉਹ ਰਕਮ ਕਢਾ ਕੇ ਪੈਸੇ ਪੂਰੇ ਕਰਕੇ ਕਾਰ ਸਮੇਤ ਵਿਕਰਮ ਦੇ ਪਿਤਾ ਨੂੰ ਬਾਰਾਤ ਵਾਲੇ ਦਿਨ ਦਿੱਤੇ ਤੇ ਖੁਸ਼ੀ ਖੁਸ਼ੀ ਅਪਣੀ ਧੀ ਨੂੰ ਤੋਰਿਆ ।

ਅੱਜ ਇਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਸੀ ਉਹਨਾਂ ਦੇ ਵਿਆਹ ਨੂੰ। ਸਭ ਤਿਆਰ ਹੋ ਕੇ ਕਿਸੇ ਰਿਸ਼ਤੇਦਾਰ ਦੇ ਘਰ ਜਾ ਰਹੇ ਸਨ। ਸੁਰਵੀਨ ਦਾ ਸਹੁਰਾ ਅੱਗੇ ਵਾਲੀ ਸੀਟ ਤੇ ਬੈਠ ਗਿਆ। ਜਦ ਸੁਰਵੀਨ ਨੇ ਦੇਖਿਆ ਤਾਂ ਉਸ ਝਟ ਉਹਨਾਂ ਨੂੰ ਕਾਰ ਦੀ ਅੱਗੇ ਵਾਲੀ ਸੀਟ ਤੋਂ ਉਤਰਨ ਲਈ ਕਹਿੰਦੇ ਹੋਏ ਕਿਹਾ "ਡੈਡੀ ਜੀ, ਤੁਸੀਂ ਪਿੱਛੇ ਆ ਕੇ ਬੈਠੋ ਇਹ ਮੇਰੀ ਕਾਰ ਹੈ, ਮੈਂ ਅੱਗੇ ਬੈਠਣਾ।" ਆਪਣੀ ਨੂੰਹ ਦੀ ਗੱਲ ਸੁਣ ਉਸਨੂੰ ਕਾਫੀ ਸ਼ਰਮਿੰਦਗੀ ਮਹਿਸੂਸ ਹੋਈ ਪਰ ਉਹ ਬਿਨਾਂ ਕੁਝ ਬੋਲੇ ਚੁਪਚਾਪ ਪਿਛਲੀ ਸੀਟ ਤੇ ਆ ਬੈਠ ਗਿਆ।

ਕੁਝ ਦਿਨ ਬਾਅਦ ਫਿਰ ਕਿਸੇ ਜਰੂਰੀ ਕੰਮ ਲਈ ਸੁਰਵੀਨ ਦੇ ਸੱਸ ਸਹੁਰੇ ਦੋਵਾਂ ਨੇ ਕਿਤੇ ਜਾਣਾ ਸੀ। ਸੁਰਵੀਨ ਦੇ ਸਹੁਰੇ ਨੇ ਸੋਚਿਆ ਕਿ ਅੱਜ ਆਪਣੀ ਨੂੰਹ ਦੀ ਗੱਡੀ ਤੇ ਚਲਦੇ ਹਾਂ ਵੈਸੇ ਵੀ ਕਈ ਦਿਨਾਂ ਤੋਂ ਗੱਡੀ ਐਂਵੇ ਘਰ ਖੜੀ ਸੀ ।ਇਸ ਬਹਾਨੇ ਗੱਡੀ ਵੀ ਥੋੜ੍ਹੀ ਚਲ ਜਾਵੇਗੀ ।

ਜਿੰਦਾਂ ਹੀ ਉਹ ਗੱਡੀ ਦੀ ਚਾਬੀ ਲੈ ਕੇ ਘਰ ਤੋਂ ਬਾਹਰ ਨਿਕਲੇ ਸੁਰਵੀਨ ਵੀ ਉਹਨਾਂ ਦੇ ਪਿੱਛੇ ਪਿੱਛੇ ਤੁਰ ਪਈ ।ਜਿਵੇਂ ਹੀ ਉਹ ਕਾਰ ਨੂੰ ਚਾਬੀ ਲਾ ਉਸਦੀ ਬਾਰੀ ਖੋਲ੍ਹਣ ਲੱਗੇ ਕਿ ਸੁਰਵੀਨ ਨੇ ਉਹਨਾਂ ਨੂੰ ਰੋਕਦੇ ਹੋਏ ਕਿਹਾ "ਇਕ ਮਿੰਟ ਡੈਡੀ ਜੀ, ਇਹ ਗੱਡੀ ਮੇਰੀ ਹੈ, ਮੇਰੇ ਮੰਮੀ ਪਾਪਾ ਨੇ ਦਿੱਤੀ ਹੈ ਮੈਨੂੰ। ਮੇਰੇ ਤੋਂ ਪੁੱਛੇ ਬਿਨਾਂ ਤੁਸੀ ਇਸ ਗੱਡੀ ਨੂੰ ਕਿਵੇਂ ਲਿਜਾ ਸਕਦੇ ਹੋ।

ਨਾਲੇ ਮੈਂ ਵੀ ਕਿਤੇ ਬਾਹਰ ਜਾਣਾ ਹੈ। ਤੁਸੀਂ ਵੇਖ ਲਓ ਜਾਂ ਬੱਸ ਤੇ ਚਲੇ ਜਾਉ ਜਾਂ ਰਿਕਸ਼ਾ ਕਰ ਲਉ ।ਵੈਸੇ ਵੀ ਇਹ ਕਾਰ ਮੇਰੇ ਮਾਂ ਬਾਪ ਨੇ ਮੇਰੀ ਸਹੂਲਤ ਲਈ ਦਿੱਤੀ ਹੈ ਨਾ ਕਿ ਤੁਹਾਡੀ ਸਹੂਲਤ ਲਈ ।"ਸੁਰਵੀਨ ਨੇ ਆਪਣੇ ਸਹੁਰੇ ਤੋਂ ਚਾਬੀ ਲਈ ਤੇ ਕਾਰ ਸਟਾਰਟ ਕਰ ਉਥੋਂ ਚਲੀ ਗਈ। "ਵਿਕਰਮ ਦੀ ਮਾਂ ਲੱਗਦਾ ਮੇਰੇ ਤੋਂ ਬੜਾ ਵੱਡਾ ਗੁਨਾਹ ਹੋ ਗਿਆ ਹੈ ਦਾਜ ਵਿਚ ਕਾਰ ਮੰਗ ਕੇ। ਕਾਸ਼ ਕੋਈ ਮੈਨੂੰ ਉਸ ਸਮੇਂ ਅਜਿਹਾ ਗੁਨਾਹ ਕਰਨ ਤੋਂ ਰੋਕ ਲੈਂਦਾ ਤਾਂ ਮੈਂ ਅੱਜ ਆਪਣੀ ਨੂੰਹ ਸਾਹਮਣੇ ਐਨਾ ਨੀਵਾਂ ਨਾ ਹੁੰਦਾ।" ਵਿਕਰਮ ਦਾ ਪਿਤਾ ਬੜੇ ਦੁਖੀ ਮਨ ਨਾਲ ਅੱਖੀਆਂ ਗਿੱਲੀਆਂ ਨਾਲ ਬੋਲਿਆ।

ਉਹ ਉਥੇ ਖੜਾ ਕਾਰ ਨੂੰ ਦੂਰ ਜਾਂਦਾ ਵੇਖਦਾ ਰਿਹਾ ਜਦ ਤੱਕ ਕਿ ਕਾਰ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋ ਗਈ। ਉਸ ਸਮੇਂ ਉਸਨੂੰ ਆਪਣੀ ਕੀਤੀ ਗਲਤੀ ਤੇ ਪਛਤਾਵਾ ਹੋਇਆ ਕਿ " ਲੋਕਾਂ ਦੀਆਂ ਗੱਲਾਂ ਵਿਚ ਆ ਕੇ ਉਸ ਨੇ ਜੋ ਕੀਤਾ ਉਹ ਗਲਤ ਸੀ ਤੇ ਅਜਿਹਾ ਕਰਕੇ ਉਹ ਆਪਣੀ ਨੂੰਹ ਦੀਆਂ ਨਜ਼ਰਾਂ ਵਿਚ ਹਮੇਸ਼ਾ ਲਈ ਨੀਵਾਂ ਹੋ ਗਿਆ ਇਕ ਦਾਜ ਦਾ ਲਾਲਚੀ ਸਹੁਰਾ ਬਣ ਕੇ। ਕਾਸ਼ ਉਹ ਉਸ ਵਕਤ ਸੋਚ ਲੈਂਦਾ ਕਿ ਲੋਕ ਤੇ ਚੰਗਾ ਕੰਮ ਕਰੋ ਤਾਂ ਵੀ ਨਿੰਦਾ ਕਰਦੇ ਨੇ ਤੇ ਮਾੜਾ ਕਰੋ ਤਾਂ ਵੀ। ਉਸਨੂੰ ਆਪਣੇ ਅਸੂਲਾਂ ਤੇ ਟਿਕੇ ਰਹਿਣਾ ਚਾਹੀਦਾ ਸੀ ਉਹ ਕਿਉਂ ਲੋਕਾਂ ਦੀਆਂ ਗੱਲਾਂ ਵਿੱਚ ਆ ਗਿਆ, ਲੋਕਾਂ ਦਾ ਕੀ ਹੈ ਉਹਨਾਂ ਤਾਂ ਗੱਲਾਂ ਕਰਕੇ ਤੁਰ ਹੀ ਜਾਣਾ ਸੀ।

ਅਗਰ ਕੋਈ ਕੁਰਾਹੇ ਜਾ ਰਿਹੈ ਤਾਂ ਉਸ ਨੂੰ ਰਾਹੇ ਪਾਉ ਐਵੇਂ ਚੰਗੇ ਕੰਮ ਕਰਦੇ ਬੰਦੇ ਨੂੰ ਟੋਕਣਾ ਵੀ ਇੱਕ ਪਾਪ ਹੀ ਹੈ ਤੇ ਤੁਹਾਡਾ ਇਸ ਵਿੱਚ ਨੁਕਸਾਨ ਹੀ ਹੈ।

# ਦਿੱਲੀ ਤੋਂ ਨਨਕਾਣਾ ਸਾਹਿਬ ਤਕ ਨਗਰ ਕੀਰਤਨ?



ਜਸਵੰਤ ਸਿੰਘ 'ਅਜੀਤ'
91 9 827-19890

ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550-ਸਾਲਾ ਪ੍ਰਕਾਸ਼ ਪੁਰਬ, ਜੋ ਕਿ ਨਵੰਬਰ-2019 ਵਿੱਚ ਆ ਰਿਹਾ ਹੈ, ਦੇ ਮੌਕੇ 'ਤੇ ਉਨ੍ਹਾਂ ਦੇ ਦਲ, ਸ਼੍ਰੋਮਣੀ ਅਕਾਲੀ ਦਲ ਦਿੱਲੀ ਵਲੋਂ ਦਿੱਲੀ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਤਕ ਲਈ ਇੱਕ ਵਿਸ਼ਾਲ ਨਗਰ ਕੀਰਤਨ ਦਾ ਅਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਦਸਿਆ ਕਿ ਇਸ ਉਦੇਸ਼ ਲਈ ਪਾਕਿਸਤਾਨ ਸਰਕਾਰ ਪਾਸੋਂ ਉਨ੍ਹਾਂ ਨੂੰ ਪ੍ਰਵਾਨਗੀ ਮਿਲ ਗਈ ਹੈ। ਜੇ ਉਨ੍ਹਾਂ ਦੇ ਇਸ ਦਾਅਵੇ ਨੂੰ ਆਮ ਨਜ਼ਰਾਂ ਨਾਲ ਵੇਖਿਆ ਜਾਏ ਤਾਂ ਉਨ੍ਹਾਂ ਵਲੋਂ ਇਸ ਪਾਸੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਬਹੁਤ ਹੀ ਪ੍ਰਸ਼ੰਸਾਯੋਗ ਹਨ। ਇਸਤੋਂ ਪਹਿਲਾਂ ਵੀ ਉਨ੍ਹਾਂ ਦੇ ਪ੍ਰਧਾਨਗੀ-ਕਾਲ ਦੌਰਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਨ-2005 ਵਿੱਚ ਇਸੇ ਤਰ੍ਹਾਂ ਦਿੱਲੀ ਤੋਂ ਨਨਕਾਣਾ ਸਾਹਿਬ ਤਕ ਇੱਕ ਵਿਸ਼ਾਲ ਤੇ ਪ੍ਰਭਾਵਸ਼ਾਲੀ ਨਗਰ ਕੀਰਤਨ ਦਾ ਅਯੋਜਨ ਕੀਤਾ ਗਿਆ ਸੀ। ਹਾਲਾਂਕਿ ਸਿੱਖਾਂ ਦੀਆਂ ਦੋ ਪ੍ਰਮੁਖ ਧਾਰਮਕ ਤੇ ਰਾਜਸੀ ਜੱਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਪੰਜਾਬੀਆਂ, ਵਿਸ਼ੇਸ਼ ਰੂਪ ਵਿੱਚ ਸਿੱਖ ਜਗਤ ਨੂੰ ਉਸ ਨਗਰ ਕੀਰਤਨ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਗਿਆ ਸੀ, ਉਸਦੇ ਬਾਵਜੂਦ ਉਹ ਨਗਰ ਕੀਰਤਨ ਆਸ ਤੋਂ ਕਿਤੇ ਬਹੁਤ ਹੀ ਵੱਧ ਸਫਲ ਰਿਹਾ ਸੀ। ਦਿੱਲੀ ਦੀ ਸੀਮਾ ਪਾਰ ਕਰ ਹਰਿਆਣਾ ਵਿੱਚ ਦਾਖਲ ਹੋਣ ਤੋਂ ਲੈ ਕੇ ਪੰਜਾਬ ਵਿਚੋਂ ਹੁੰਦਿਆਂ ਪਾਕਿਸਤਾਨ ਸਥਿਤ ਨਨਕਾਣਾ ਸਾਹਿਬ ਪਹੁੰਚਣ ਤਕ ਸਿੱਖ-ਸੰਗਤਾਂ ਵਲੋਂ ਹੀ ਨਹੀਂ, ਸਗੋਂ ਹੋਰ ਗੈਰਸਿੱਖ ਵਰਗਾਂ ਵਲੋਂ ਵੀ ਉਸਦਾ ਬਹੁਤ ਹੀ ਉਤਸਾਹ ਅਤੇ ਸ਼ਰਧਾ ਨਾਲ ਸਵਾਗਤ ਕੀਤਾ ਗਿਆ। ਪਾਕਿਸਤਾਨ ਸਰਕਾਰ ਵਲੋਂ ਤਾਂ ਨਗਰ ਕੀਰਤਨ ਦੀ ਅਗਵਾਈ ਕਰ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦਾ ਸਵਾਗਤ, ਇਸਤਰ੍ਹਾਂ 'ਲਾਲ ਕਾਰਪੇਟ' ਵਿਛਾ ਕੇ ਕੀਤਾ ਗਿਆ, ਜਿਵੇਂ ਸੰਸਾਰ ਦੇ ਕਿਸੇ ਬਹੁਤ ਹੀ ਵੱਡੇ ਰਾਸ਼ਟਰ ਦੀ ਸਭ ਤੋਂ ਵੱਡੀ ਸ਼ਖਸੀਅਤ ਦਾ ਪਾਕਿਸਤਾਨ ਆਗਮਨ ਹੋ ਰਿਹਾ ਹੋਵੇ। ਉਸ ਨਗਰ ਕੀਰਤਨ ਦੀ ਪ੍ਰਸ਼ੰਸਾ ਦੇਸ਼-ਵਿਦੇਸ਼, ਅਰਥਾਤ ਸੰਸਾਰ ਭਰ ਵਿੱਚ ਹੋਈ। ਇਹੀ ਕਾਰਣ ਹੈ ਕਿ ਅੱਜੇ ਤਕ ਇਹ ਮੰਨਿਆ ਜਾਂਦਾ ਚਲਿਆ ਆ ਰਿਹਾ ਹੈ ਕਿ ਉਹ ਨਗਰ ਕੀਰਤਨ, ਅਯੋਜਨ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਸਫਲ ਅਤੇ ਪ੍ਰਭਾਵਸ਼ਾਲੀ ਰਿਹਾ ਸੀ।

ਪ੍ਰੰਤੂ ਸੁਆਲ, ਜੋ ਸ਼ਾਇਦ ਬਹੁਤੇ ਸੱਜਣਾਂ ਦੇ ਗਲੇ ਨਾ ਉਤਰੇ, ਉਠਦਾ ਹੈ ਕਿ ਉਸ ਵਿਸ਼ਾਲ, ਪ੍ਰਭਾਵਸ਼ਾਲੀ ਤੇ ਲੰਮੇਂ ਨਗਰ ਕੀਰਤਨ ਤੋਂ ਧਾਰਮਕ ਦ੍ਰਿਸ਼ਟੀਕੋਣ ਤੋਂ ਸਿੱਖ-ਜਗਤ ਨੂੰ ਕੀ ਲਾਭ ਹੋਇਆ ਹੈ? ਕੀ ਉਸ ਨਾਲ ਸਿੱਖ ਨੌਜਵਨਾਂ ਵਿੱਚ ਸਿਖੀ ਵਿਰਸੇ ਨਾਲੋਂ ਟੁੱਟ, ਭਟਕ ਜਾਣ ਦੀ ਲਗੀ ਹੋਈ ਹੌੜ ਵਿੱਚ ਕੋਈ ਕਮੀ ਆਈ ਹੈ? ਕੀ ਉਸ ਨਗਰ ਕੀਰਤਨ ਤੋਂ ਬਾਅਦ ਲੋਕਾਂ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਰੁਚੀ ਵੱਧੀ ਹੈ? ਕੀ ਇਹ ਸੱਚ ਨਹੀਂ ਕਿ ਧਾਰਮਕ ਅਧਾਰ ਪੁਰ ਇਸਦਾ ਨਤੀਜਾ ਵੀ ਉਹੀ ਰਿਹਾ, ਜੋ ਬੀਤੇ 50 ਵਰ੍ਹਿਆਂ ਤੋਂ ਮਨਾਈਆਂ ਜਾਂਦੀਆਂ ਚਲੀਆਂ ਆ ਰਹੀਆਂ ਦਰਜਨਾਂ ਸ਼ਤਾਬਦੀਆਂ ਦੌਰਾਨ ਕੀਤੇ ਗਏ ਖਾਲਸਾ ਮਾਰਚ ਆਦਿ ਨਾਲ ਸਾਹਮਣੇ ਆਉਂਦੇ ਰਹੇ ਹਨ! ਜੇ ਹਉਮੈ ਦੇ ਪ੍ਰਦਰਸ਼ਨ ਦੀ ਸੋਚ ਤੋਂ ਉਪਰ ਉਠ, ਸਿੱਖੀ ਦੇ ਪ੍ਰਚਾਰ-ਪਸਾਰ ਨੂੰ ਉਤਸਾਹਤ ਕਰਨ ਦੀ ਭਾਵਨਾ ਕੰਮ ਕਰ ਰਹੀ ਹੋਵੇ, ਤਾਂ ਇਤਨੇ ਪ੍ਰਭਾਵਸ਼ਾਲੀ ਤੇ ਵਿਸ਼ਾਲ ਨਗਰ ਕੀਰਤਨ ਪੁਰ ਹੋਣ ਵਾਲੇ ਖਰਚ ਅਤੇ ਸਮੇਂ ਤੋਂ ਕਿਤੇ ਬਹੁਤ ਹੀ ਘਟ ਖਰਚ ਅਤੇ ਸਮੇਂ ਦੀ ਵਰਤੋਂ ਕਰ, ਅਜਿਹਾ ਪ੍ਰਚਾਰ ਕੀਤਾ ਜਾ ਸਕਦਾ ਹੈ, ਜੋ ਆਪਣਾ ਸਥਾਈ ਪ੍ਰਭਾਵ ਛੱਡਣ ਵਿੱਚ ਸਫਲ ਹੋ ਸਕਦਾ ਹੈ। ਅਜਿਹੀ ਸੋਚ ਰਖਣ ਵਾਲਿਆਂ ਦੀ ਮਾਨਤਾ ਹੈ ਕਿ ਇਸਦੇ ਲਈ ਕੋਈ ਬਹੁਤਾ ਤਰਦੱਦ ਕਰਨ ਜਾਂ ਹੱਥ-ਪੈਰ ਮਾਰਨ ਦੀ ਲੋੜ ਨਹੀਂ। ਉਨ੍ਹਾਂ ਅਨੁਸਾਰ 'ਸ਼ਬਦ ਚੌਂਕੀਆਂ' ਦੀ ਉਸ ਪਰੰਪਰਾ ਨੂੰ ਮੁੜ ਉਜਾਗਰ ਕਰਨ ਦੀ ਲੋੜ ਹੈ, ਜਿਸਦੀ ਅਰੰਭਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿੱਚ ਬੰਦ ਕਰ ਦਿੱਤੇ ਜਾਣ ਤੋਂ ਬਾਅਦ, ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸੰਗਤਾਂ ਨੂੰ ਅੰਮ੍ਰਿਤਸਰ ਤੋਂ ਗਵਾਲੀਅਰ ਤਕ ਆਪਣੇ ਨਾਲ ਲੈ ਜਾਣ ਦੌਰਾਨ ਕੀਤੀ ਸੀ। ਇਥੇ ਇਹ ਗਲ ਵੀ ਵਰਣਨਯੋਗ ਹੈ ਕਿ ਅਜਿਹੀਆਂ ਸ਼ਬਦ ਚੌਕੀਆਂ ਵੱਖ-ਵੱਖ ਗੁਰਪੁਰਬਾਂ ਦੇ ਮੌਕੇ ਤੇ ਰਾਜਧਾਨੀ ਦਿੱਲੀ ਦੀਆਂ ਕਈ ਬਸਤੀਆਂ ਅਤੇ ਦੇਸ਼ ਦੇ ਵੱਖ-ਵੱਖ ਹਿਸਿਆਂ ਵਿੱਚਲੀਆਂ ਸੰਗਤਾਂ ਵਲੋਂ 'ਪ੍ਰਭਾਤ ਫੇਰੀਆਂ' ਦੇ ਨਾਂ ਅਤੇ ਅਯੋਜਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਪ੍ਰਭਾਤ ਫੇਰੀਆਂ ਦੀ ਸਮਾਪਤੀ ਆਮ ਤੋਰ ਤੇ ਸ਼ਰਧਾਲੂਆਂ ਵਲੋਂ ਕੀਤੀ ਜਾਂਦੀ ਚਾਹ-ਪਾਣੀ ਦੀ ਸੇਵਾ ਨਾਲ ਹੋ ਜਾਂਦੀ ਹੈ। ਜੇ ਚਾਹ-ਪਾਣੀ ਦੀ ਹੋ ਰਹੀ ਸੇਵਾ ਦੌਰਾਨ, ਦੇ ਸਮੇਂ ਦੀ ਵਰਤੋਂ ਸਿੱਖ ਧਰਮ ਅਤੇ ਇਤਿਹਾਸ ਦੀ ਚਰਚਾ ਕਰਨ ਲਈ ਕੀਤੀ ਜਾਏ, ਤਾਂ ਇਨ੍ਹਾਂ 'ਪ੍ਰਭਾਤ ਫੇਰੀਆਂ' ਨੂੰ ਸਿੱਖੀ ਦੇ ਪ੍ਰਚਾਰ ਦਾ ਇੱਕ ਉਪਯੋਗੀ ਸਾਧਨ ਬਣਾਇਆ ਜਾ ਸਕਦਾ ਹੈ।



ਜੂਨ ਅਤੇ ਨਵੰਬਰ-84 ਦੇ ਸਾਕੇ : ਸਿੱਖ ਇਤਿਹਾਸ ਇਸ ਗਲ ਦਾ ਗੁਆਹ ਹੈ ਕਿ ਸੰਨ-1984 ਦੇ ਜੂਨ ਮਹੀਨੇ ਵਿੱਚ ਵਾਪਰੇ ਨੀਲਾ ਤਾਰਾ ਸਾਕੇ ਅਤੇ ਨਵੰਬਰ ਦੇ ਸਿੱਖ ਕਤਲੇ-ਆਮ ਨੇ ਸਿੱਖਾਂ ਦੇ ਦਿਲਾਂ ਵਿੱਚਲੇ ਧਰਮ ਦੇ ਨਾਲ ਹੀ ਆਪਣੇ ਜਾਨ-ਮਾਲ ਦੀ ਰਖਿਆ ਨਾਲ ਸੰਬੰਧਤ ਵਿਸ਼ਵਾਸ ਦੀਆਂ ਚੂਲਾਂ ਹਿਲਾ ਕੇ ਰਖ ਦਿੱਤੀਆਂ ਸਨ। ਉਨ੍ਹਾਂ ਨੂੰ ਇਉਂ ਜਾਪਣ ਲਗਾ ਕਿ ਹੁਣ ਇਸ ਦੇਸ਼ ਵਿੱਚ ਨਾ ਤਾਂ ਉਨ੍ਹਾਂ ਦਾ ਧਰਮ ਸੁਰਖਿਅਤ ਹੈ ਅਤੇ ਨਾ ਹੀ ਉਨ੍ਹਾਂ ਦਾ ਜਾਨ-ਮਾਲ! ਇਸ ਗਲ ਨੂੰ 33 ਵਰ੍ਹੇ ਬੀਤ ਗਏ ਹਨ। ਸਿੱਖ ਜਗਤ ਵਲੋਂ ਹਰ ਵਰ੍ਹੇ ਜੂਨ ਵਿੱਚ ਨੀਲਾ ਤਾਰਾ ਸਾਕੇ ਅਤੇ ਨਵੰਬਰ ਵਿੱਚ ਸਿੱਖ ਕਤਲੇਆਮ ਦੀ ਯਾਦ ਮਨਾਈ ਜਾਂਦੀ ਚਲੀ ਆ ਰਹੀ ਹੈ। ਇਸ ਜੂਨ ਦੇ ਮਹੀਨੇ ਵਿੱਚ ਜਦੋਂ ਨੀਲਾਤਾਰਾ ਸਾਕੇ ਦੀ ਯਾਦ ਮਨਾਈ ਜਾ ਰਹੀ ਸੀ, ਕਿਸੇ ਨੇ ਪਹਿਲੀ ਵਾਰ ਇਹ ਸਵਾਲ ਉਠਾਇਆ ਕਿ ਆਖਰ ਕਦੋਂ ਤਕ ਅਸੀਂ ਇਸੇ ਤਰ੍ਹਾਂ ਲਕੀਰ ਪਿਟਦੇ, ਇਨ੍ਹਾਂ ਦੋਹਾਂ ਸਾਕਿਆਂ ਦੀ ਯਾਦ ਮੰਨਾਦਿਆਂ ਹੋਇਆਂ ਅਥਰੂ ਵਹਾਂਦੇ ਰਹਾਂਗੇ? ਇਹ ਸਵਾਲ ਦਿੱਲੀ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਗੁਰਲਾਡ ਸਿੰਘ ਨੇ ਉਠਾਇਆ। ਉਨ੍ਹਾਂ ਨੇ ਇਸ ਸੰਬੰਧ ਵਿੱਚ ਦੂਸਰੇ ਸੰਸਾਰ ਯੁੱਧ ਦੀਆਂ ਦੋ ਘਟਨਾਵਾਂ ਨੂੰ ਯਾਦ ਕਰਦਿਆਂ ਦਸਿਆ ਕਿ ਇੱਕ ਪਾਸੇ ਅਮਰੀਕਾ ਨੇ ਪ੍ਰਮਾਣੂ ਬੰਬ ਸੁੱਟ, ਜਾਪਾਨ ਦੇ ਦੋ ਸ਼ਹਿਰਾਂ, ਹੀਰੋਸ਼ੀਮਾ ਅਤੇ ਨਾਗਾਸਾਕੀ ਨੂੰ ਪੂਰੀ ਤਰ੍ਹਾਂ ਤਬਾਹ ਤੇ ਬਰਬਾਦ ਦਿੱਤਾ ਸੀ, ਜਿਸਦੇ ਚਲਦਿਆਂ ਉਨ੍ਹਾਂ ਦੋਹਾਂ ਸ਼ਹਿਰਾਂ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਨਾਮੁਰਾਦ ਕੈਂਸਰ ਵਰਗੀ ਮਾਹਮਾਰੀ ਫੁਟ ਪਈ ਸੀ, ਦੂਸਰੇ ਪਾਸੇ ਜਰਮਨ ਦੇ ਜ਼ਾਲਮ ਹਾਕਮਾਂ ਨੇ ਆਪਣੇ ਹੀ ਦੇਸ਼ ਵਿੱਚ ਵਸੇ ਯਹੂਦੀਆਂ ਪੁਰ ਅਸਹਿ ਤੇ ਅਕਹਿ ਅਜਿਹੇ ਜ਼ੁਲਮ ਢਾਹੇ, ਜਿਨ੍ਹਾਂ ਨੂੰ ਵੇਖ-ਸੁਣ ਨਾ ਕੇਵਲ ਰੋਂਗਟੇ ਹੀ ਖੜੇ ਹੋ ਜਾਂਦੇ ਹਨ, ਸਗੋਂ ਧੁਰ ਅੰਦਰ ਤੱਕ ਰੂਹ ਵੀ ਕੰਬ ਉਠਦੀ ਹੈ। ਉਨ੍ਹਾਂ ਦਸਿਆ ਕਿ ਜਦੋਂ ਸਮੇਂ ਨੇ ਕਰਵਟ ਬਦਲੀ ਤਾਂ ਜਾਪਾਨ ਵਾਸੀਆਂ ਨੇ ਅਮਰੀਕਾ ਵਿਰੁੱਧ ਅਤੇ ਯਹੂਦੀਆਂ ਨੇ ਜਰਮਨੀਆਂ ਦੇ ਦੇ ਵਿਰੁੱਧ ਮੋਰਚਾ ਖੋਲ੍ਹ ਆਪਣੀ ਬਚੀ-ਖੁਚੀ ਸ਼ਕਤੀ ਬਰਬਾਦ ਕਰਨ ਦੀ ਬਜਾਏ, ਬਚ ਗਏ ਹੋਏ ਸਾਧਨਾਂ ਨੂੰ ਇਕਠਿਆਂ ਕੀਤਾ ਤੇ ਸਮੁਚੀ ਸ਼ਕਤੀ ਆਪਣੇ ਨਵ-ਨਿਰਮਾਣ ਵਿੱਚ ਝੌਂਕ ਦਿੱਤੀ। ਸ. ਗੁਰਲਾਡ ਸਿੰਘ ਅਨੁਸਾਰ ਅੱਜ ਇਹ ਦੋਨੋ ਸ਼ਕਤੀਆਂ ਸੰਸਾਰ ਭਰ ਦੀ ਆਰਥਕਤਾ ਨੂੰ ਕੰਟਰੋਲ ਕਰਨ ਦੀ ਸਮਰਥਾ ਰਖਦੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਮੁਕਾਬਲੇ ਦੂਸਰੇ ਪਾਸੇ ਅਸੀਂ ਹਾਂ ਕਿ ਅਜੇ ਤਕ 33 ਵਰ੍ਹੇ ਪੁਰਾਣੀ ਜ਼ਮੀਨ ਪੁਰ ਹੀ ਅਥਰੂ ਵਹਾਂਦੇ ਚਲੇ ਆ ਰਹੇ ਹਾਂ। ਉਨ੍ਹਾਂ ਸਿੱਖ ਇਤਿਹਾਸ ਵਿਚੋਂ ਵੀ ਇੱਕ ਘਟਨਾ ਦਾ ਹਵਾਲਾ ਦਿੰਦਿਆਂ ਦਸਿਆ ਕਿ ਜਦੋਂ ਜ਼ਾਲਮ ਹਾਕਮ ਆਪਣੇ ਜ਼ੁਲਮ ਦੀਆਂ ਬੜਕਾਂ ਮਾਰ, ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦਾ ਦਾਅਵਾ ਕਰਦਿਆਂ ਜਸ਼ਨ ਮਨਾ ਰਹੇ ਸਨ, ਉਸੇ ਦੌਰਾਨ ਇਕਲੇ ਬਾਬਾ ਬੋਤਾ ਸਿੰਘ ਨੇ ਮੈਦਾਨ ਵਿੱਚ ਨਿਤਰ, ਨਾਕਾ ਲਾ, ਉਧਰੋਂ ਲੰਘਣ ਹਰ ਰਾਹਗੀਰ ਵਾਲੇ ਪਾਸੋਂ ਟੈਕਸ ਵਸੂਲ ਕਰਨਾ ਸ਼ੁਰੂ ਕਰ ਦਿੱਤਾ ਤੇ ਇਸਦੇ ਨਾਲ ਹੀ ਹਾਕਮਾਂ ਨੂੰ ਵੀ ਸੁਨੇਹਾ ਭੇਜ ਦਸ ਦਿੱਤਾ ਕਿ ਤੁਹਾਡੇ ਜ਼ੁਲਮ ਸਿੱਖਾਂ ਨੂੰ ਖਤਮ ਨਹੀਂ ਕਰ ਸਕਦੇ, ਉਹ ਅੱਜ ਵੀ ਜ਼ੁਲਮ ਤੇ ਜ਼ਾਲਮ ਨੂੰ ਚੁਣੌਤੀ ਦੇਣ ਲਈ ਮੈਦਾਨ ਵਿੱਚ ਹਨ। ਸ. ਗੁਰਲਾਡ ਸਿੰਘ ਨੇ ਕਿਹਾ ਕਿ ਉਨ੍ਹਾਂ ਹੀ ਸਿੱਖਾਂ ਦੀ ਅੰਸ਼ ਹੁੰਦਿਆਂ ਹੋਇਆਂ ਵੀ ਅੱਜ ਅਸੀਂ ਇਤਨੇ ਕਮਜ਼ੋਰ ਤੇ ਸਾਹਸਤਹੀਨ ਹੋ ਗਏ ਹਾਂ ਕਿ 33 ਵਰ੍ਹਿਆਂ ਤੋਂ ਅਥਰੂ ਵਹਾਂਦਿਆਂ ਰਹਿਣ ਦੀ ਸਥਿਤੀ ਵਿਚੋਂ ਉਭਰ ਤਕ ਨਹੀਂ ਸਕੇ।

... ਅਤੇ ਅੰਤ ਵਿੱਚ : ਕੁਝ ਸਮਾਂ ਹੋਇਆ ਹੈ, ਨਾਗਾਲੈਂਡ ਤੋਂ ਆਈ ਇਕ ਬੀਬੀ ਨੇ ਨਿਜੀ ਗਲਬਾਤ ਵਿੱਚ ਦਸਿਆ ਕਿ 'ਕਈ ਵਰ੍ਹੇ ਪਹਿਲਾਂ ਜਦੋਂ ਮੈਂ ਦਿੱਲੀ ਆਉਣ ਲਗੀ ਤਾਂ ਮੇਰੇ ਭਰਾ ਨੇ ਮੈਨੂੰ ਹਿਦਾਇਤ ਕੀਤੀ, ਕਿ ਜੇ ਕਿਧਰੇ ਦੇਰ-ਸਵੇਰ ਜਾਣਾ ਪੈ ਜਾਏ ਤਾਂ ਟੈਕਸੀ ਕਰਨ ਲਗਿਆਂ ਸਭ ਤੋਂ ਪਹਿਲਾਂ ਇਹ ਵੇਖੀਂ ਕਿ ਉਸ ਟੈਕਸੀ ਦਾ ਡਰਾਈਵਰ ਦਾੜ੍ਹੀ ਕੇਸਾਂ ਵਾਲਾ ਸਿੱਖ ਹੈ ਜਾਂ ਨਹੀਂ, ਜੇ ਸਿੱਖ ਹੋਵੇ ਤਾਂ ਤੂੰ ਬੇ-ਝਿਝਕ ਉਸ ਟੈਕਸੀ ਵਿਚ ਬੈਠ ਜਾਈਂ, ਜਿਥੇ ਤੂੰ ਜਾਣਾ ਹੋਵੇਗਾ ਸੁਰਖਿਅਤ ਉਥੇ ਪਹੁੰਚ ਜਾਏਂਗੀ। ਜੇ ਕਿਧਰੇ ਰਸਤਾ ਭੁਲ ਜਾਏਂ ਤਾਂ ਵੀ ਕਿਸੇ ਸਿੱਖ ਕੋਲੋਂ ਹੀ ਰਸਤਾ ਪੁਛੀਂ, ਉਹ ਤੈਨੂੰ ਠੀਕ ਰਸਤਾ ਹੀ ਨਹੀਂ ਦਸੇਗਾ, ਸਗੋਂ ਤੈਨੂੰ ਠੀਕ ਜਗ੍ਹਾ ਪੁਰ ਪਹੁੰਚਾਣ ਦਾ ਪ੍ਰਬੰਧ ਵੀ ਕਰ ਜਾਂ ਕਰਵਾ ਦੇਵੇਗਾ। ਉਸ ਬੀਬੀ ਨੇ ਦਸਿਆ ਕਿ ਜਦੋਂ ਮੈਨੂੰ ਮੇਰਾ ਭਰਾ ਗੱਡੀ ਚੜ੍ਹਾਉਣ ਲਈ ਆਇਆ ਤਾਂ ਉਸਨੇ ਗਡੀ ਦੇ ਸਾਰੇ ਡੱਬਿਆਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਤੋਂ ਬਾਅਦ ਮੈਨੂੰ ਉਸ ਡੱਬੇ ਵਿਚ ਬਿਠਾਇਆ, ਜਿਸ ਵਿਚ ਇਕ ਸਿੱਖ ਦਿੱਲੀ ਆਉਣ ਲਈ ਬੈਠਾ ਹੋਇਆ ਸੀ। ਡੱਬੇ ਵਿਚ ਬਿਠਾਣ ਤੋਂ ਬਾਅਦ ਉਸ ਕਿਹਾ ਕਿ ਹੁਣ ਮੈਨੂੰ ਕੋਈ ਚਿੰਤਾ ਨਹੀਂ, ਕਿ ਰਸਤੇ ਵਿਚ ਤੈਨੂੰ ਕੋਈ ਤਕਲੀਫ਼ ਹੋਵੇਗੀ। ਮੈਨੂੰ ਵਿਸ਼ਵਾਸ ਹੈ ਕਿ ਤੂੰ ਠੀਕ-ਠਾਕ ਦਿੱਲੀ ਪਹੁੰਚ ਜਾਵੇਂਗੀ।

ਉਸਦੀਆਂ ਇਹ ਗਲਾਂ ਸੁਣਨ ਤੋਂ ਬਾਅਦ ਮੇਰੀ ਹਿੰਮਤ ਨਹੀਂ ਹੋਈ, ਕਿ ਮੈਂ ਉਸ ਪਾਸੋਂ ਪੁਛ ਸਕਾਂ ਕੀ ਅਜਕਲ ਵਿਚ ਵੀ ਕਦੀ ਤੂੰ ਕਿਸੇ ਸਿੱਖ ਤੇ ਉਤਨਾ ਭਰੋਸਾ ਕੀਤਾ ਹੈ, ਜਿਤਨਾ ਤੇਰੇ ਭਰਾ ਨੇ ਤੈਨੂੰ ਘਰੋਂ ਤੋਰਨ ਲਗਿਆਂ ਕੀਤਾ ਸੀ?

# ਮੈਂ ਸਹਿਮਿਆ, ਸਹਿਮਿਆ ਕਿਉਂ ਗਿਆ ਹਾਂ?

ਇਨ੍ਹਾਂ ਲੋਕਸਭਾ ਚੋਣਾਂ ਦੌਰਾਨ ਦੇਸ਼ ਦੇ ਬਿਜਲਈ ਮੀਡੀਆ ਨੇ ਜਿਸ ਤਰ੍ਹਾਂ ਇੱਕ ਜੁੱਟ ਹੋ, ਗੁਜਰਾਤ ਦੇ ਮੁਖ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਨਰੇਂਦਰ ਮੋਦੀ ਨੂੰ, ਪ੍ਰਧਾਨ ਮੰਤਰੀ ਵਜੋਂ ਪ੍ਰੋਜੈਕਟ ਕਰ ਦਿੱਤਾ ਹੈ, ਸ਼ਾਇਦ ਉਸੇ ਤੋਂ ਹੀ ਉਤਸਾਹਿਤ ਅਤੇ ਹਉਮੈ-ਹੰਕਾਰ ਦਾ ਸ਼ਿਕਾਰ ਹੋ ਨਰੇਂਦਰ ਮੋਦੀ ਵਲੋਂ ਆਪਣੇ ਆਪ ਦੇ ਦੇਸ਼ ਦਾ ਤਾਨਾਸ਼ਾਹ ਹਾਕਮ ਹੋਣ ਦਾ ਅਹਿਸਾਸ ਕਰਾਉਣ ਵਿੱਚ ਕਈ ਕਸਰ ਨਹੀਂ ਛੱਡੀ ਜਾ ਰਹੀ। ਇਸੇ ਸਥਿਤੀ ਦੇ ਚਲਦਿਆਂ ਹੀ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਅਤੇ ਉਸ ਵਲੋਂ ਅਪਨਾਏ ਗਏ ਹੋਏ ਵਿਹਾਰ ਪੁਰ ਸੁਆਲ ਖੜੇ ਕਰਨ ਵਾਲਿਆਂ ਨਾਲ ਜਿਸਤਰ੍ਹਾਂ ਨਰੇਂਦਰ ਮੋਦੀ ਦੇ ਅੰਧ-ਭਗਤਾਂ ਵਲੋਂ ਲਾਹ-ਪਾਹ ਕੀਤੀ ਜਾਣ ਲਗੀ ਹੈ, ਉਸਨੂੰ ਵੇਖਦਿਆਂ ਦਿਲ ਵਿੱਚ ਸਹਿਮ ਦੇ ਨਾਲ ਹੀ ਇਹ ਸੁਆਲ ਵੀ ਉਠ ਖਲੌਣਾ ਸੁਭਾਵਕ ਹੈ ਕਿ ਜੇ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਬਣ ਗਿਆ ਜਾਂ ਨਾ ਬਣ ਸਕਿਆ, ਅਰਥਾਤ ਦੋਹਾਂ ਹੀ ਹਾਲਾਤ ਵਿੱਚ ਦੇਸ਼ ਦਾ ਕੀ ਬਣੇਗਾ?

ਇਹ ਸੁਆਲ ਉਠਣ ਅਤੇ ਦਿੱਲ ਵਿੱਚ ਸਹਿਮ ਪੈਦਾ ਹੋਣ ਦਾ ਇਕ ਕਾਰਣ ਇਹ ਵੀ ਹੈ ਕਿ ਇਨ੍ਹਾਂ ਦਿਨਾਂ ਵਿੱਚ ਹੀ ਸੋਸ਼ਲ ਮੀਡੀਆ ਪੁਰ ਨਰੇਂਦਰ ਮੋਦੀ ਦੇ ਅੰਧ-ਭਗਤਾਂ ਵਲੋਂ ਕੁਝ ਸਾਈਟਾਂ ਲੋਡ ਕੀਤੀਆਂ ਗਈਆਂ ਹੋਈਆਂ ਸਨ, ਜਿਨ੍ਹਾਂ ਰਾਹੀਂ ਇੱਕ ਪਾਸੇ ਨਰੇਂਦਰ ਮੋਦੀ ਦੇ ਵਿਰੋਧੀਆਂ, ਵਿਸ਼ੇਸ਼ ਕਰ ਗਾਂਧੀ ਪਰਿਵਾਰ ਪੁਰ ਤਿਖੇ ਹਮਲੇ ਕਰਦਿਆਂ ਇਹ ਦਾਅਵਾ ਕੀਤਾ ਗਿਆ ਸੀ ਕਿ ਚੋਣ ਨਤੀਜਿਆਂ ਤੋਂ ਬਾਅਦ ਮਾਂ-ਪੁਤਰ, ਅਰਥਾਤ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇਸ਼ ਛੱਡ ਇਟਲੀ ਭਜ ਜਾਣਗੇ। ਇਸਦੇ ਨਾਲ ਹੀ ਨਰੇਂਦਰ ਮੋਦੀ ਦੇ ਦਾਅਵਿਆਂ 'ਮੈਂ 'ਇਹ' ਕਰ ਦਿਆਂਗਾ, 'ਉਹ' ਕਰ ਦਿਆਂਗਾ, 'ਮੈਂ ਮੈਂ ਮੈਂ 3' ਨੂੰ ਬਹੁਤ ਹੀ ਸਜਾਵਟੀ ਰੂਪ ਵਿੱਚ ਪ੍ਰਦਰਸ਼ਤ ਕੀਤਾ ਗਿਆ ਸੀ। ਇਸਦੇ ਨਾਲ ਹੀ ਦੇਸ਼ ਦੇ ਹਾਲਾਤ ਸੁਧਾਰਨ ਲਈ ਨਰੇਂਦਰ ਮੋਦੀ ਵਰਗੇ ਤਾਨਾਸ਼ਾਹ ਹਾਕਮ ਦੀ ਲੋੜ ਤੇ ਵੀ ਜ਼ੋਰ ਦਿੱਤਾ ਗਿਆ ਸੀ।

ਜਦੋਂ ਇਹ ਸਾਈਟਾਂ ਨਜ਼ਰ ਵਿਚੋਂ ਗੁਜ਼ਰੀਆਂ ਤਾਂ ਆਪਣੀ ਪ੍ਰਤੀਕ੍ਰਿਆ ਦੇਣ ਤੋਂ ਆਪਣੇ ਆਪਨੂੰ ਰੋਕਿਆ ਨਾ ਜਾ ਸਕਿਆ। ਸੋ ਤਿੰਨ ਟਿਪਣੀਆਂ ਕੀਤੀਆਂ : ਪਹਿਲੀ ਇਹ ਕਿ ਨਰੇਂਦਰ ਮੋਦੀ ਦੀ ਮੈਂ ਮੈਂ ਵਿੱਚ ਭਾਜਪਾ ਕਿਥੇ ਗੁਆਚ ਗਈ ਹੋਈ ਹੈ? ਦੂਜੀ ਇਹ ਕਿ ਇੰਦਰਾ ਗਾਂਧੀ ਨੇ ਵੀ ਇਕ ਸਮੇਂ ਤਾਨਾਸ਼ਾਹੀ ਰੂਪ ਧਾਰਣ ਕੀਤਾ ਸੀ, ਉਸਦਾ ਕੀ ਹਸ਼ਰ ਹੋਇਆ? ਤੀਸਰਾ ਇਹ ਕਿ ਨਰੇਂਦਰ ਮੋਦੀ ਦਾ ਅਤਿ ਦਾ ਹੰਕਾਰ ਕਿਧਰੇ ਭਾਜਪਾ ਨੂੰ ਨਾ ਲੈ ਡੁਬੇ, ਕਿਉਂਕਿ ਸਿਆਣਿਆਂ ਦਾ ਮੰਨਣਾ ਹੈ ਕਿ ਅਤਿ ਦੇ ਹੰਕਾਰ ਅਤੇ ਖੁਦਾ ਵਿੱਚ ਅੰਤਾਂ ਦਾ ਵੈਰ ਹੁੰਦਾ ਹੈ।

ਇਨ੍ਹਾਂ ਪ੍ਰਤੀਕ੍ਰਿਆਵਾਂ ਪੁਰ ਨਰੇਂਦਰ ਮੋਦੀ ਦੇ ਅੰਧ-ਭਗਤ ਇਤਨੇ ਭੜਕੇ ਕਿ ਉਨ੍ਹਾਂ ਇੱਕ ਤੋਂ ਬਾਅਦ ਇੱਕ ਨੇ ਇਸਤਰ੍ਹਾਂ ਚੰਗੀਆਂ-ਮੰਦੀਆਂ ਗਾਹਲਾਂ ਦੀ ਬੁਛਾੜ ਕਰਨੀ ਸ਼ੁਰੂ ਕਰ ਦਿੱਤੀ, ਜਿਵੇਂ ਉਨ੍ਹਾਂ ਵਲੋਂ ਕੀਤੇ ਗਏ ਹੋਏ ਦਾਅਵਿਆਂ ਪੁਰ ਅਜਿਹੀਆਂ ਪ੍ਰਤੀਕ੍ਰਿਆਵਾਂ ਦੇ ਕੇ, ਕੋਈ ਬਹੁਤ ਹੀ ਭਾਰੀ ਗੁਨਾਹ ਕਰ ਦਿੱਤਾ ਗਿਆ ਹੋਵੇ? ਇਸ ਹਾਲਤ ਵਿੱਚ ਇਉਂ ਜਾਪਣ ਲਗਾ ਕਿ ਜੇ ਕਿਧਰੇ ਜਾਣੇ-ਅਨਜਾਣੇ ਇਨ੍ਹਾਂ ਲੋਕਾਂ ਦੀ ਨਜ਼ਰੀਂ ਪੈ ਗਿਆ ਤਾਂ ਇਹ ਚੀਰ ਕੇ ਸੁੱਟ ਦੇਣਗੇ ਜਾਂ ਫਿਰ ਕਚਿਆਂ ਹੀ ਚਬਾ ਜਾਣਗੇ। ਸ਼ਾਇਦ ਹੀ ਕੋਈ ਅਜਿਹੀ ਮਾੜੀ-ਚੰਗੀ ਗਾਲ੍ਹ ਰਹਿ ਗਈ ਹੋਵੇ, ਜੋ ਇਨ੍ਹਾਂ, ਨਰੇਂਦਰ ਮੋਦੀ ਦੇ ਅੰਧ-ਭਗਤਾਂ ਨੇ ਨਾ ਲੋਡ ਕੀਤੀ ਹੋਵੇ।

ਇਹ ਸਭ ਵੇਖ ਅਤੇ ਪੜ੍ਹ, ਮਹਿਸੂਸ ਕੀਤਾ ਕਿ ਇਸ ਪਚੜੇ ਵਿੱਚ ਹੋਰ ਪੈਣ ਦੀ ਲੋੜ ਨਹੀਂ। ਇਸਲਈ ਉਨ੍ਹਾਂ, ਮੋਦੀ ਭਗਤਾਂ ਨੂੰ ਉਨ੍ਹਾਂ ਦੀ ਹੀ ਭਾਸ਼ਾ ਵਿੱਚ ਜਵਾਬ ਦੇਣ ਦੀ ਬਜਾਏ, ਇਤਨਾ ਹੀ ਕਹਿ, ਆਪਣਾ ਪਿੰਡ ਛੁਡਾ ਲੈਣਾ ਚਾਹੀਦਾ ਹੈ, ਕਿ 'ਆਖਰ ਭਾਜਪਾ ਦੀ ਮੂਲ-ਸੰਸਕ੍ਰਿਤੀ ਸੌ ਪਰਦੇ ਪਾੜ੍ਹ ਉਜਾਗਰ ਹੋ ਹੀ ਗਈ ਹੈ, ਜੇ ਸੱਚ-ਮੁਚ ਇਹੀ ਭਾਜਪਾ ਦੀ ਸੰਸਕ੍ਰਿਤੀ ਹੈ, ਤਾਂ ਇਸ ਸੰਸਕ੍ਰਿਤੀ ਦੀ ਮਾਲਕ ਭਾਜਪਾ ਜੇ ਦੇਸ਼ ਦੀ ਸੱਤਾ ਪੁਰ ਕਾਬਜ਼ ਹੋ ਜਾਂਦੀ ਹੈ ਤਾਂ ਫਿਰ ਦੇਸ਼ ਦਾ ਰੱਬ ਹੀ ਰਾਖਾ ਹੋਵੇਗਾ?'। ਸੋ ਇਹੀ ਕੀਤਾ ਗਿਆ। ਸੁਆਲ ਉਠਦਾ ਹੈ ਕਿ ਕੀ 'ਇਸ' ਸੰਸਕ੍ਰਿਤੀ ਦੀ ਰੋਸ਼ਨੀ ਵਿੱਚ ਕਿਸੇ ਦਾ ਵੀ ਸਹਿਮ ਜਾਣਾ ਸੁਭਾਵਕ ਨਹੀਂ?

ਇਥੇ ਇੱਕ ਗਲ ਦਾ ਹੋਰ ਜ਼ਿਕਰ ਕਰਨਾ ਕੁਥਾਉਂ ਨਹੀਂ ਹੋਵੇਗਾ। ਸ਼ਾਇਦ ਕਈ ਹੋਰ ਲੋਕਾਂ ਨੇ ਵੀ ਮਹਿਸੂਸ ਕੀਤਾ ਹੋਵੇਗਾ ਕਿ ਕੁਝ ਸਮਾਂ ਹੋਇਐ ਮੀਡੀਆ ਵਿੱਚ ਪਹਿਲਾਂ ਇਹ ਖਬਰ ਆਈ ਕਿ ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਨੇ ਪਾਰਟੀ ਦੇ ਕੁਝ ਮੁੱਖੀਆਂ ਦੇ ਦਬਾਉ ਅਧੀਨ ਪਾਰਟੀ ਵਲੋਂ ਅਪਨਾਏ ਗਏ ਹੋਏ ਸਲੋਗਨ 'ਅਬ ਕੀ ਬਾਰ ਮੋਦੀ ਸਰਕਾਰ' ਨੂੰ ਬਦਲ 'ਅਬ ਕੀ ਬਾਰ ਭਾਜਪਾ ਸਰਕਾਰ' ਕਰ, ਆਪਣੀ ਸਾਈਟ ਤੇ ਪਾ ਲਿਆ ਹੈ, ਫਿਰ ਇਸਦੇ ਕੁਝ ਮਿੰਟਾਂ ਬਾਅਦ ਹੀ ਇਹ ਖਬਰ ਆ ਗਈ ਕਿ ਰਾਜਨਾਥ ਨੇ ਮੁੜ ਬਦਲੇ ਸਲੋਗਨ ਨੂੰ ਪਹਿਲਾਂ ਵਾਲਾ ਹੀ ਰੂਪ ਦੇ 'ਅਬ ਕੀ ਬਾਰ ਮੋਦੀ ਸਰਕਾਰ' ਕਰ ਦਿੱਤਾ ਹੈ। ਅਜਿਹਾ ਕਿਵੇਂ ਅਤੇ ਕਿਉਂ ਹੋਇਆ ਸਮਝਣਾ ਕੋਈ ਬਹੁਤ ਮੁਸਕਿਲ ਨਹੀਂ।

ਬਜ਼ੁਰਗ ਰਾਜਨੀਤਕਾਂ ਨੂੰ ਅਲਵਿਦਾ ਕਹਿਣ ਦੀ ਤਿਆਰੀ : ਦੇਸ਼ ਦੇ ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਲੋਕਸਭਾ ਦੀਆਂ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ, ਭਾਵੇਂ ਕਿਸੇ ਦੀ ਵੀ ਸਰਕਾਰ ਬਣੇ, ਪਰ ਇਹ ਨਿਸ਼ਚਿਤ ਹੈ ਕਿ ਸਾਰੀਆਂ ਮੁਖ ਰਾਜਸੀ ਪਾਰਟੀਆਂ ਵਿੱਚ ਮੌਜੂਦ ਬਜ਼ੁਰਗ ਪੀੜ੍ਹੀ ਨੂੰ ਸਰਗਰਮ ਰਾਜਨੀਤੀ ਵਿਚੋਂ ਬਾਹਰ ਧਕਣ ਦੀ ਉਲਟੀ ਗਿਣਤੀ ਸ਼ੁਰੂ ਹੋ ਜਾਇਗੀ। ਜਵਾਨ ਮਤਦਾਤਾਵਾਂ ਦੀ ਵਧਦੀ ਜਾ ਰਹੀ ਗਿਣਤੀ ਅਤੇ ਬਦਲਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰਖਦਿਆਂ ਹੀ ਕਾਂਗ੍ਰਸ ਨੇ ਚੋਣ ਨਤੀਜੇ ਆਉਣ ਤੋਂ ਪਹਿਲਾਂ ਹੀ ਇਹ ਸੰਕੇਤ ਦੇਣਾ ਸ਼ੁਰੂ ਕਰ ਦਿੱਤਾ ਸੀ ਕਿ ਸੰਗਠਨ ਵਿੱਚ ਬਜ਼ੁਰਗਾਂ ਦਾ ਕੰਮ ਹੁਣ ਖਤਮ ਹੋ ਵੁਕਾ ਹੈ। ਇਸਲਈ ਬਜ਼ੁਰਗ ਨੇਤਾਵਾਂ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਆਪ ਹੀ ਆਪਣੀ ਸੇਵਾ-ਮੁਕਤੀ ਦਾ ਐਲਾਨ ਕਰ, ਨੌਜਵਾਨ ਪੀੜ੍ਹੀ ਦਾ ਮਾਰਗ-ਦਰਸ਼ਨ ਕਰਨ ਦੀ ਜ਼ਿਮੇਂਦਾਰੀ ਸੰਭਾਲ ਲੈਣ।

ਕਾਂਗ੍ਰਸ ਤੋਂ ਇਲਾਵਾ ਦੇਸ ਦੀ ਦੂਸਰੀ ਪ੍ਰਮੁਖ ਰਾਜਸੀ ਪਾਰਟੀ, ਭਾਰਤੀ ਜਨਤਾ ਪਾਰਟੀ ਵਿੱਚ ਤਾਂ ਇਸਦੇ ਸੰਕੇਤ ਚੋਣਾਂ ਤੋਂ ਪਹਿਲਾਂ ਹੀ ਮਿਲਣੇ ਸ਼ੁਰੂ ਹੋ ਗਏ ਸਨ। ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਭੁਵਨ ਚੰਦਰ ਖੰਡੂਰੀ ਜਿਹੇ ਨੇਤਾਵਾਂ ਨੂੰ ਉਮੀਦਵਾਰ ਬਣਾਉਂਦਿਆਂ, ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਇਹ ਮਹਿਸੂਸ ਕਰਵਾਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕੋਤਾਹੀ ਨਹੀਂ ਕੀਤੀ ਕਿ ਇਸ ਵਾਰ ਉਹ ਬੇ-ਮਨ ਨਾਲ ਉਨ੍ਹਾਂ ਦੀ ਚੋਣ ਲੜਨ ਦੀ ਦਾਅਵੇਦਾਰੀ ਸਵੀਕਾਰ ਕਰ ਰਹੀ ਹੈ। ਤਮਿਲਨਾਡੂ ਦੇ ਡੀਐਮਕੇ ਨੇਤਾ ਐਮ ਕਰੁਣਾਨਿਧੀ ਤੋਂ ਲੈ ਕੇ ਭਾਜਪਾ ਦੇ ਲਾਲ ਕ੍ਰਿਸ਼ਨ ਅਡਵਾਨੀ ਅਤੇ ਕਾਂਗ੍ਰਸ ਦੇ ਮਣਿਕ ਰਾਓ ਗਾਵਿਤ ਤਕ ਇਕ ਦਰਜਨ ਤੋਂ ਵੱਧ ਅਜਿਹੇ ਨੇਤਾ ਹਨ, ਜੋ ਅਗਲੀਆਂ ਚੋਣਾਂ ਵਿੱਚ ਮੁਖਧਾਰਾ ਦੀ ਰਾਜਨੀਤੀ ਤੋਂ ਜਾਂ ਤਾਂ ਆਪ ਹੀ ਬਾਹਰ ਹੋ ਜਾਣਗੇ ਜਾਂ ਫਿਰ ਆਹਿਸਤਾ-ਆਹਿਸਤਾ ਬਾਹਰ ਕਰ ਦਿੱਤੇ ਜਾਣਗੇ। ਕਾਂਗ੍ਰਸ ਪ੍ਰਧਾਨ ਸੋਨੀਆ ਗਾਂਧੀ ਦਾ ਪਾਰਟੀ ਪ੍ਰਧਾਨ ਵਜੋਂ ਅਗਲੇ ਸਾਲ ਦਸੰਬਰ ਵਿਚ ਖਤਮ ਹੋ ਰਿਹਾ ਕਾਰਜ-ਕਾਲ ਵੀ, ਸ਼ਾਇਦ ਉਨ੍ਹਾਂ ਦਾ ਅੰਤਿਮ ਕਾਰਜ-ਕਾਲ ਹੋਵੇ।

ਇਸ ਵਾਰ ਹੋਈਆਂ ਲੋਕਸਭਾ ਚੋਣਾਂ ਵਿੱਚ ਪਿਛਲੀਆਂ ਚੋਣਾਂ ਨਾਲੋਂ ਅਪਰਾਧੀ ਤਤਾਂ ਦੀ ਗਿਣਤੀ ਕਿਤੇ ਦੋ-ਪ੍ਰਤੀਸ਼ਤ ਵੱਧ ਰਹੀ ਦਸੀ ਜਾ ਰਹੀ ਹੈ। ਦਸਿਆ ਜਾਂਦਾ ਹੈ ਕਿ ਪਿਛਲੀਆਂ ਲੋਕਸਭਾ ਚੋਣਾਂ ਵਿੱਚ ਅਪਰਾਧਕ ਮਾਮਲਿਆਂ ਵਿੱਚ ਲਿਪਤ ਉਮੀਦਵਾਰਾਂ ਦਾ ਪ੍ਰਤੀਸ਼ਤ 15 ਸੀ ਜਦਕਿ ਇਸ ਵਾਰ ਵੱਧ ਕੇ 17 ਹੋ ਗਿਆ ਹੈ।

**ਇਕ ਖਦਸ਼ਾ, ਜੋ ਸੱਚ ਸਾਬਤ ਹੋਇਆ:** ਕੁਝ ਸਮਾਂ ਹੋਇਐ ਸਿਰਦਾਰ ਕਪੂਰ ਸਿੰਘ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਡਾ. ਹਰਪਾਲ ਸਿੰਘ ਪਨੂੰ ਦਾ ਇਕ ਮਜ਼ਮੂਨ ਨਜ਼ਰਾਂ ਵਿਚੋਂ ਗੁਜ਼ਰਿਆ, ਜਿਸ ਵਿਚ ਉਨ੍ਹਾਂ ਜ: ਗੁਰਚਰਨ ਸਿੰਘ ਟੌਹੜਾ ਦੀ ਸਿਰਦਾਰ ਕਪੂਰ ਸਿੰਘ ਦੇ ਨਾਲ ਹੋਈ ਇਕ ਮੁਲਾਕਾਤ ਦਾ ਜ਼ਿਕਰ ਕੀਤਾ ਸੀ। ਇਸ ਮੁਲਾਕਾਤ ਦੌਰਾਨ ਜ: ਗੁਰਚਰਨ ਸਿੰਘ ਟੌਹੜਾ ਨੇ ਸਿਰਦਾਰ ਕਪੂਰ ਸਿੰਘ ਨੂੰ ਪੇਸ਼ਕਸ਼ ਕੀਤੀ ਸੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਕ ਦੂਤ ਵਜੋਂ ਅਮਰੀਕਾ ਵਿਚ ਸਿੱਖ ਧਰਮ ਦੇ ਪ੍ਰਚਾਰ ਦੀ ਜ਼ਿਮੇਂਦਾਰੀ ਸੰਭਾਲਣ, ਜਿਤਨਾ ਵੀ ਖਰਚ ਹੋਵੇਗਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਸਦਾ ਪ੍ਰਬੰਧ ਕਰ ਦਿੱਤਾ ਜਾਇਗਾ।

ਜ: ਗੁਰਚਰਨ ਸਿੰਘ ਟੌਹੜਾ ਦੀ ਇਹ ਗਲ ਸੁਣ ਕੇ ਸਿਰਦਾਰ ਕਪੂਰ ਸਿੰਘ ਨੇ ਕਿਹਾ ਕਿ ਮੈਨੂੰ ਇਥੋਂ ਦਫ਼ਾ ਕਰਕੇ ਪੰਥ ਨੂੰ ਕਿਸ ਕੋਲ ਅਤੇ ਕਿੰਨੇ ਦਾ ਵੇਚਣਾ ਜਾਂ ਗਹਿਣੇ ਰਖਣਾ ਚਾਹੁੰਦੇ ਹੋ? ਇਸਦੇ ਨਾਲ ਹੀ ਉਨ੍ਹਾਂ ਇਹ ਵੀ ਸਾਫ਼ ਸ਼ਬਦਾਂ ਵਿਚ ਕਹਿ ਦਿਤਾ ਕਿ ਮੈਂ ਜਿਤਨਾ ਚਿਰ ਜੀਉਂਦਾ ਹਾਂ, ਪੰਥ ਦਾ ਚੌਕੀਦਾਰ ਬਣ ਕੇ ਪਹਿਰਾ ਦਿੰਦਾ ਰਹਾਂਗਾ ਅਤੇ ਤੁਹਾਡੇ ਤੇ ਬਾਕੀ ਜਥੇਦਾਰਾਂ ਦੇ ਆਸ-ਪਾਸ ਹੀ ਰਹਾਂਗਾ, ਕੀ ਪਤਾ ਤੁਸੀਂ ਕਦੋਂ ਤੇ ਕਿਸ ਪਾਸ ਪੰਥ ਨੂੰ ਵੇਚ ਦਿਉ।

ਇਹ ਗਲ ਸੁਣ ਕੇ ਟੌਹੜਾ ਸਾਹਿਬ ਹਸ ਕੇ ਬੋਲੇ ਕਿ ਸਿਰਦਾਰ ਸਾਹਿਬ, ਤੁਸੀਂ ਮਾਲਕ ਹੋ. ਸਾਡੀ ਗਲ ਨੂੰ ਚੁਟਕੀਆਂ ਵਿਚ ਉਡਾਣ ਦਾ ਹਕ ਕੇਵਲ ਤੁਹਾਨੂੰ ਹੀ ਹੈ। ਹੈ ਤਾਂ ਇਹ ਗਲ ਕਈ ਦਹਾਕੇ ਪੁਰਾਣੀ, ਪਰ ਅਜ, ਜਦੋਂ ਕਿ ਸਿਰਦਾਰ ਕਪੂਰ ਸਿੰਘ ਅਤੇ ਜ: ਗੁਰਚਰਨ ਸਿੰਘ ਟੌਹੜਾ ਦੋਵੇਂ ਹੀ ਇਸ ਸੰਸਾਰ ਵਿਚ ਨਹੀਂ ਹਨ, ਸਿਰਦਾਰ ਕਪੂਰ ਸਿੰਘ ਵਲੋਂ ਕਹੀ ਗਲ ਬਿਲਕੁਲ ਸੱਚ ਸਾਬਤ ਹੋਈ ਪ੍ਰਤੱਖ ਵਿਖਾਈ ਦੇ ਰਹੀ ਹੈ। ਪੰਥਕ ਹਿਤਾਂ ਦੇ ਰਾਖੇ ਹੋਣ ਦੇ ਦਾਅਵੇਦਾਰਾਂ ਵਲੋਂ ਸਿਖਾਂ ਦੀ ਵਖਰੀ ਪਛਾਣ ਤੇ ਸਿਖ ਧਰਮ ਦੀ ਸੁਤੰਤਰ ਹੋਂਦ ਦੀ ਗਲ ਤਾਂ ਕੀਤੀ ਜਾ ਰਹੀ ਹੈ, ਪ੍ਰੰਤੂ ਸਿਖ ਪੰਥ ਦੀ ਸੁਤੰਤਰ ਹੋਂਦ ਕਾਇਮ ਰਹਿਣ ਹੀ ਨਹੀਂ ਦਿਤੀ ਗਈ। ਸੱਤਾ ਦੀ ਲਾਲਸਾ ਨੂੰ ਪੂਰਿਆਂ ਕਰਨ ਲਈ ਕਿਸੇ ਨੇ ਸਿਖ ਪੰਥ ਦੀ ਰਾਜਸੀ ਹੋਂਦ ਭਰਤੀ ਜਨਤਾ ਪਾਰਟੀ ਪਾਸ ਗਹਿਣੇ ਰਖ ਦਿਤੀ ਹੈ ਤੇ ਕਿਸੇ ਨੇ ਉਸਨੂੰ ਕਾਂਗਰਸ ਦਾ ਪਿਛਲਗ ਬਣਾ ਦਿਤਾ ਹੋਇਆ ਹੈ।

# ਦੇਸ ਦੁਆਬਾ ਦੇ ਕੰਧ ਚਿੱਤਰ



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈਂਨਡਜ਼ ਇੰਨਕਲੇਵ, ਹੁਸ਼ਿਆਰਪੁਰ

**ਪਿਛੋਕੜ:-**ਇਹ ਚਿੱਤਰ, ਜਿਸ ਵਿੱਚ ਸ਼੍ਰੀ ਗੁਰੂ ਨਾਨਾਕ ਦੇਵ ਜੀ ਆਪਣੇ ਸਾਥੀਆਂ ਨਾਲ ਪ੍ਰਭੂ ਭਗਤੀ ਵਿੱਚ ਲੀਨ ਬੈਠੇ ਚਿਤਰੇ ਗਏ ਹਨ। ਇਹ ਪੰਜਾਬ ਦੇ ਜ਼ਿਲ੍ਹਾ ਗੁਰਦਾਸ ਪੁਰ, ਜੋ ਕੇ ਇੱਕ ਸਰਹੱਦੀ ਸੂਬਾ ਹੈ ਦੇ ਪ੍ਰਸਿੱਧ ਨਗਰ ਸ਼੍ਰੀ ਹਰਗੋਗਿੰਦਪੁਰ ਸਾਹਿਬ, ਜਿਸ ਨੂੰ ਛੇਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੇ ਪਾਵਨ ਚਰਨਾ ਦੀ ਛੋਹ ਪ੍ਰਾਪਤ ਹੈ ਦੀ ਧਰਮਸ਼ਾਲਾ ਸਤਕਰਤਾਰੀਆ ਦੇ ਕੰਧ ਚਿੱਤਰਾਂ ਵਿੱਚੋਂ ਲਿਆ ਹੈ।ਇਸ ਸ਼ਹਿਰ ਨੂੰ ਤਿੰਨ ਪਾਸਿਆਂ ਤੋਂ ਬਿਆਸ ਦਰਿਆ ਛੋਹ ਕੇ ਲੰਘਦਾ ਹੈ। ਇਸ ਮੰਦਿਰ ਵਿੱਚ ਇਸ ਚਿੱਤਰ ਤੋਂ ਇਲਾਵਾ ਦਸ ਗੁਰੂਆਂ ਦੇ ਵੱਡ-ਅਕਾਰੀ ਪੋਰਟਰੇਟਸ ਅਤੇ ਭਗਤਾਂ ਵਿੱਚੋਂ ਭਗਤ ਤ੍ਰਿਲੋਚਨ ਜੀ, ਧੰਨਾ ਜੀ ਅਤੇ ਕੁੱਝ ਸਨਿਆਸੀਆਂ ਦੇ ਵੀ ਪੋਰਟਰੇਟਸ ਪੁਰਾਣੀ ਕੰਧ ਚਿੱਤਰ ਸ਼ੈਲੀ ਵਿੱਚ ਚਿੱਤਰੇ ਹੋਏ ਹਨ। ਇਹ ਚਿੱਤਰ ਮੰਦਿਰ ਦੇ ਗੁੰਬਦ ਦੀਆਂ ਅੰਦਰਲੀਆਂ ਕੰਧਾਂ ਉੱਤੇ ਚਿੱਤਰੇ ਹੋਣ ਕਰਕੇ ਮੌਸਮ ਦੇ ਪ੍ਰਭਾਵ ਤੋਂ ਸੁੱਰਖਿਅਤ ਹਨ ਅਤੇ ਚੰਗੀ ਹਾਲਤ ਵਿੱਚ ਹਨ। ਗੁੰਬਦ ਦੀ ਗੋਲਾਈਦਾਰ ਛੱਤ ਵਿੱਚਲੀ ਸਾਰੀ ਸਪੇਸ ਅਤੀ ਸੁੰਦਰ ਜਾ.ਲ ਰੂਪੀ ਡੀਜਾਇਨ ਨਾਲ ਸੁਚੱਜਤ ਕੀਤੀ ਹੋਈ ਹੈ।

**ਕਲਾ ਸ਼ੈਲੀ:-** ਇਹ ਰਵਾਇਤੀ ਢੰਗ ਨਾਲ ਵੱਡੀਆਂ ਆਕਰੀਤੀਆਂ ਨਾਲ ਤਿਆਰ ਕੀਤਾ ਚਿੱਤਰ ਲੱਗਪਗ ਹਰੇਕ ਇਤਹਾਸਿਕ,ਰਿਹਾਇਸ਼ੀ ਅਤੇ ਆਮ ਧਾਰਮਿਕ ਥਾਂਵਾਂ ਵਿਖੇ ਜਿਵੇਂ ਡੇਰਾ ਮਸਤਗੜ੍ਹ ਨੇੜੇ ਸਰਕਾਰੀ ਸੀਨੀਆਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਓੜਮੁੜ, ਸਮਾਧ ਰਾਣੀ ਬਸੰਤ ਕੌਰ ਜੋ ਸਰਕਾਰੀ ਸੀਨੀਆਰ ਸੈਕੰਡਰੀ ਸਕੂਲ ਭੁੰਗਾ, ਉਦਾਸੀਆਂ ਦਾ ਡੇਰਾ ਰਾਮ ਟੱਟਵਾਲੀ, ਰਾਣੀ ਦੀ ਸਮਾਧ ਬਹਾਦਰਪੁਰ, ਗੁਰਦੁਆਰਾ ਸੰਤ ਬਾਬਾ ਦੂਲਾ ਸਿੰਘ ਪਿੰਡ ਠੱਕਰਵਾਲ ਜੋ ਕਿ ਸ਼ੀਸ਼ੇ ਦੀ ਅਜੋਕੀ ਕਲਾ ਸ਼ੈਲੀ ਵਿੱਚ ਹੈ ਵਿਖੇ ਚਿਤਰਿਆ ਮਿਲਿਆ ਹੈ।ਇਹ ਸਾਰੇ ਸਥਾਨ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹਨ ਜੋ ਦੁਆਬੇ ਦਾ ਸਿਰਮੌਰ ਜ਼ਿਲਾ ਹੈ। ਇਸ ਵਿੱਚ ਸਿੱਖ ਪੰਥ ਦੇ ਮੋਢੀ ਸਾਹਿਬ ਸ਼੍ਰੀ ਗੁਰੂ ਨਾਨਾਕ ਦੇਵ ਜੀ ਨੂੰ ਕਲਾਕਾਰਾਂ ਨੇ ਇਨ੍ਹਾਂ ਦੇ ਪਰਮ ਪਿਆਰੇ ਸਦਾ ਸਾਥ ਰਹਿਣ ਵਾਲੇ ਸਾਥੀਆਂ ਨਾਲ ਚਿੱਤਰਿਆ ਹੈ। ਆਮ ਤੌਰ ਤੇ ਇਸ ਚਿੱਤਰ ਵਿੱਚ ਗੁਰੂ ਸਾਹਿਬ ਨੂੰ ਬਾਲਾ ਜੀ ਅਤੇ ਮਰਦਾਨਾ ਜੀ, ਦੋਨਾਂ ਦੇ ਵਿੱਚਕਾਰ, ਉਨ੍ਹਾਂ ਤੋਂ ਵੱਡੇ ਅਕਾਰ ਵਿੱਚ ਚਿੱਤਰਿਆ ਗਿਆ ਮਿਲਦਾ ਹੈ ਤੇ ਇਸ ਚਿੱਤਰ ਵਿੱਚ ਵੀ ਇਸੇ ਤਰ੍ਹਾਂ ਤਿੰਨਾਂ ਮਹਾਨ ਆਕਰੀਤੀਆਂ ਨੂੰ ਕਲਾਕਾਰ ਨੇ ਬੜੇ ਸੁੱਜੇ ਢੰਗ ਨਾਲ ਰਚਨਾਬੰਧ ਕੀਤਾ ਹੈ। ਸਤਕਾਰੀਆਂ ਮੰਦਿਰ ਦੀ ਯਾਤਰਾ ਲੇਖਕ ਅਤੇ ਉਸ ਦੇ ਮਿੱਤਰ ਵਲੋਂ ਪਹਿਲੀ ਵਾਰ ਮਿਤੀ 10/12/2009 ਨੂੰ ਕੀਤੀ ਗਈ ਸੀ।



ਉਸ ਸਮੇਂ ਇਹ ਕੰਧ ਚਿੱਤਰ ਬਹੁਤ ਵਧੀਆ ਹਾਲਤ ਵਿੱਚ ਸਨ ਪਰ ਦਿਵਾਰ ਵਿੱਚ ਤਰੇੜ ਆ ਚੁੱਕੀ ਸੀ।

ਇਸ ਚਿੱਤਰ ਵਿੱਚ ਸ਼੍ਰੀ ਗੁਰੁ ਨਾਨਕ ਦੇਵ ਜੀ, ਬਾਲਾ ਤੇ ਮਰਦਾਨਾ ਜੀ ਦੇ ਨਾਲ ਇੱਕ ਰੁੱਖ ਦੀ ਛਾਂ ਹੇਠ ਬੈਠੇ ਹਨ। ਇਸ ਰਵਾਇਤੀ ਢੰਗ ਦੇ ਚਿੱਤਰ ਵਿੱਚ ਸ਼੍ਰੀ ਗੁਰੁ ਨਾਨਕ ਦੇਵ ਜੀ ਨੂੰ ਦੂਜਿਆਂ ਦੇ ਮੁਕਾਵਲੇ ਵੱਡ ਆਕਾਰ ਵਿੱਚ ਸਿਰਜਿਆ ਹੈ ਜੋ ਉਨ੍ਹਾਂ ਦੀ ਅਦੁੱਤੀ ਅਤੇ ਵੱਡੀ ਸਖ਼ਸ਼ੀਆਂ ਨੂੰ ਪ੍ਰਗਟ ਕਰਦਾ ਹੈ। ਇਹ ਅੱਧ-ਚੌਕੜੀ ਅਵਸਥਾ ਵਿੱਚ ਉਸ 'ਇੱਕ' ਦੀ ਅਰਾਧਨਾ ਵਿੱਚ ਜੁੜੇ ਗੁਰਬਾਣੀ ਉਚਾਰਣ ਰਹੇ ਹਨ ਤੇ ਨਾ.ਲ ਬੈਠੇ ਮਰਦਾਨਾ ਜੀ ਰਬਾਵ ਛੇੜ ਰਹੇ ਹਨ। ਉਸ ਦੀਆਂ ਅੱਖਾਂ ਉਨ੍ਹਾਂ ਦੇ ਨੂਰਾਨੀ ਚਿਹਰੇ ਨੂੰ ਦੇਖ ਰਹੀਆਂ ਹਨ ਜਦ ਕਿ ਗੁਰੂ ਸਾਹਿਬ ਸਿਮਰਨ/ ਬਾਣੀ ਉਚਾਰਣ ਵਿੱਚ ਲੀਨ ਹੋਏ ਦਿਖਾਈ ਦੇ ਰਹੇ ਹਨ।ਇਨ੍ਹਾਂ ਦੇ ਸੱਜੇ ਪਾਸੇ ਖੜੇ ਬਾਲਾ ਜੀ ਮੋਰ ਦੇ ਖੰਭਾਂ ਦੀ ਚੌਰੀ ਕਰ ਰਹੇ ਹਨ।

**ਚਿੱਤਰ ਦੀ ਰਚਨਾ ਸਬੰਧੀ:-** ਇਹ ਰਚਨਾ ਇੱਕ ਪੈਡੈਸਟਲ ਉੱਤੇ ਤਿਆਰ ਕੀਤੀ ਹੈ ਜਿਸ ਦੇ ਅੱਗੇ ਸਫ਼ੈਦ



ਰੰਗ ਦਾ ਆਰਕੀਟੈਕਚਰਲ ਨਮੂਨਾ ਤਿਆਰ ਕੀਤਾ ਹੋਇਆ ਹੈ। ਗੂਰੂ ਸਾਹਿਬ ਦੀ ਪਿੱਠ ਪਿੱਛੇ ਇੱਕ ਵੱਡਾ ਸਾਰਾ ਹਰੇ ਰੰਗ ਦਾ ਗੋਲ ਸਿਰਾਣਾ ਹੈ ਜੋ ਪਿੱਠ ਭੂਮੀ ਵਿੱਚ ਚਿੱਤਰੇ ਵੱਡੇ ਰੁੱਖ ਦੇ ਨਾ.ਲ ਲੱਗਾ ਹੈ। ਇਸ ਚਿੱਤਰ ਦੀ ਅਗਲੀ ਭੂਮੀ ਵਿੱਚ ਜਾ.ਲੀਦਾਰ ਬਾਰਡਰ ਲਗਾ ਕੇ ਰੋਕ ਲਗਾਈ ਹੈ।ਇਸ ਦਾ ਸਫ਼ੈਦ ਰੰਗ ਪਿੱਠ ਭੂਮੀ ਵਿੱਚ ਵਰਤੇ ਸਫ਼ੈਦ ਰੰਗ ਨਾਲ ਇੱਕਸੁਰਤਾ ਪੈਦਾ ਕਰਦਾ ਹੈ।ਕਲਾਕਾਰ ਨੇ ਦਰਖਤ ਦਾ ਤਣਾ ਗੂੜੇ ਭੂਰੇ ਰੰਗ ਨਾਲ ਤਿਆਰ ਕੀਤਾ ਹੈ ਜਦ ਕਿ ਦਰਖਤ ਦੇ ਪੱਤਿਆਂ ਵਿੱਚ ਗੂੜਾ ਹਰਾ ਰੰਗ ਵਤਿਆ ਹੈ। ਇਹੋ ਰੰਗ ਬਾਲਾ ਜੀ ਦੀ ਟੋਪੀ ਅਤੇ ਚੌਰੀ ਵਿੱਚ ਵਰਤ ਕੇ ਚਿੱਤਰ ਵਿੱਚ ਇੱਕਸੁਰਤਾ ਪੈਦਾ ਕਰਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।


ਗੁਰੁ ਸਾਹਿਬ ਦੇ ਸਿਰ ਪਿੱਛੇ ਭਗਤੀ ਚੱਕਰ ਦਿਖਾਇਆ ਹੈ ਜਿਸ ਨੂੰ ਗੂੜੇ ਪੀਲ ਅਤੇ ਹਰੇ ਰੰਗਾਂ ਨਾਲ ਬਾਰਡਰ ਕੀਤਾ ਹੈ ਜਦ ਕਿ ਵਿੱਚਕਾਰ ਹਲਕਾ ਹਰਾ ਚਿੱਟਾ ਰੰਗ ਵਰਤਿਆ ਹੈ। ਇਸ ਚਿੱਤਰ ਵਿੱਚ ਕਲਾਕਾਰ ਨੇ ਤਿੰਨਾਂ ਦੇ ਸਿਰਾਂ ਉੱਤੇ ਟੋਪੀਆਂ ਪਹਿਨਾਈਆਂ ਹਨ। ਗੂਰੂ ਸਹਿਬਾਂ ਦਾ ਸਰੀਰ ਦੂਜਿਆਂ ਨਾਲੋਂ ਅਕਾਰ ਵਿੱਚ ਵੱਡਾ ਚਿੱਤਰਿਆ ਹੈ ਜੋ ਉਨ੍ਹਾਂ ਦੀ ਅਦੁੱਤੀ ਮਹਾਨਤਾ ਦਰਸਾਉਂਦਾ ਹੈ। ਚਿਹਰਾ ਰਤਾ ਕੁ ਟੇਡਾ ਹੈ ਜਦ ਕਿ ਅੱਖਾਂ ਦੀ ਸਥਿਤੀ ਸਿੱਧੀ ਚਿਤਰੀ ਹੋਈ ਹੈ। ਇੱਕ ਹੱਥ ਜੋ ਛਾਤੀ ਦੇ ਬਰਾਬਰ ਹੈ ਤੇ ਕੂਹਣੀ ਖੜੇ ਗੋਡੇ ਉੱਤੇ ਟਿਕਾਈ ਹੋਈ ਹੈ, ਵਿੱਚ ਮਾ.ਲਾ ਤੇ ਦੂਸਰੇ ਹੱਥ ਨੂੰ ਲੇਟਵੇਂ ਗੋਡੇ ਉੱਤੇ ਰੱਖਿਆ ਚਿਤਰਿਆ ਹੈ। ਗੁਰੁ ਸਾਹਿਬ ਦੀ ਦਾਹੜੀ ਦਾ ਸਫ਼ੈਦ ਰੰਗ, ਮਦਾਨੇ ਦੀ ਦਾਹੜੀ ਦਾ ਰੰਗ ਕਾਲਾ ਅਤੇ ਬਾਲੇ ਦੀ ਹਲਕੀ ਸੁਨਹਿਰੀ ਦਾਹੜੀ ਆਦਿ ਸਮੇਂ ਦੀਆਂ ਵੱਖ ਵੱਖ ਪਰਤਾਂ ਨੂੰ ਬਿਆਨ ਕਰ ਦੀਆਂ ਹਨ। ਗੁਰੁ ਸਾਹਿਬ ਦੀ ਓਹੜੀ ਹੋਈ ਚਾਦਰ ਦਾ ਰੰਗ ਹਲਕਾ ਬੈਂਗਣੀ ਭੂਰਾ ਹੈ ਜਦ ਕਿ ਚੋਲੇ ਤੇ ਧੋਤੀ ਦਾ ਰੰਗ ਗੂੜਾ ਪੀਲਾ ਹੈ। ਜਿਸ ਵਿੱਚ ਕਲਾਕਾਰ ਨੇ ਲਾਲ ਭੂਰੀ ਰੰਗੀ ਸ਼ੇਡ ਦਿੱਤੀ। ਬਾਕੀ ਵਸਤਾਂ ਵਿੱਚ ਵੀ ਬੈਗਣੀ, ਭੂਰੇ, ਹਰੇ ਆਦਿ ਰੰਗ ਵਰਤੇ ਹਨ ਜੋ ਸਾਰੇ ਚਿੱਤਰ ਵਿੱਚ ਹਾਰਮੋਨੀ ਪੈਦਾ ਕਰਦੇ ਹਨ।

**ਸਮਾਂ:-** ਕੰਧ ਚਿੱਤਰਾਂ ਦਾ ਇੱਕ ਖਾਸ ਸ਼ੈਲੀ ਦਾ ਸਮਾਂ ਰਿਹਾ ਹੈ। ਜਿਸ ਦਾ ਜਿਆਦਾ ਬੋਲਬਾ.ਲਾ 17ਵੀਂ ਸਦੀ ਤੋਂ 19ਵੀਂ ਸਦੀ ਦੇ ਵਿਚਕਾਰ ਦਾ ਜਿਆਦਾ ਮੰਨਿਆ ਜਾਂਦਾ ਹੈ। ਇਸ ਨੂੰ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ ਦੇ ਰਾਜ ਦਾ ਸਮਾਂ ਕੰਧ ਚਿੱਤਰਾਂ ਦੇ ਜਨਮ ਅਤੇ ਸਿੱਖਰ ਉੱਤੇ ਜਾਣ ਦਾ ਸਮਾਂ ਸੀ। ਜਿੱਥੇ ਮਹਾਰਾਜਾ ਆਪ ਗੁਰੂ ਨਾਨਕ ਦੇਵ ਜੀ ਵਿੱਚ ਪੂਰਨ ਵਿਸਵਾਸ਼ ਰੱਖਸੇ ਸਨ ਉੱਥੇ ਕਲਾਕਾਰ ਵੀ ਗੁਰੂਆਂ ਦੇ ਚਿੱਤਰ ਬਣਾ ਕੇ ਆਪਸੀ ਸੱਚੀ ਸ਼ਰਧਾ ਪ੍ਰਗਟ ਕਰਦੇ ਸਨ। ਇਸ ਲਈ ਇਹ ਚਿੱਤਰ ਜਿਸ ਵਿੱਚ ਸ਼੍ਰੀ ਗੁਰੂ ਨਾਨਾਕ ਦੇਵ ਜੀ, ਬਾਲਾਜੀ ਅਤੇ ਮਰਦਾਨਾ ਜੀ ਸਾਰੇ ਥਾਂਵਾਂ ਉੱਤੇ ਸੁਚਿਤਰਤ ਕੀਤੇ ਹੋਏ ਦੇਖੇ ਜਾਂਦੇ ਹਨ। ਸਮੇਂ ਦੇ ਬੱਦਲਣ ਨਾਲ ਭਾਂਵੇ ਇਸ ਨੂੰ ਸਚਿੱਤਰ ਕਰਨ ਦੀ ਵਿਧੀ ਬਦਲ ਗਈ ਪਰ ਸਬਜੈੱਕਮੈਰਟ ਇੱਕੋ ਹੀ ਰਿਹਾ।

ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਭਗਤੀ ਭਾਵ ਵਾਲਾ ਚਿੱਤਰ ਹੈ ਜੋ ਜਿਸ ਵਿੱਚ ਸਾਰੇ ਲੋਕਾਂ ਦੀ ਸ਼ਰਧਾ ਵੇਖੀ ਜਾ ਸਕਦੀ ਹੈ। ਅਜੋਲੇ ਸਮੇਂ ਵਿੱਚ ਭਾਂਵੇ ਕਲਾਕਾਰਾਂ ਨੇ ਕੰਧ ਚਿੱਤਰਾਂ ਦੀ ਸ਼ੈਲੀ ਵਿੱਚ ਤਬਦੀਲੀ ਲੈ ਆਂਦੀ ਹੈ ਪਰ ਵਿਸ਼ੇ ਪੱਖੋਂ ਇਹ ਰਵਾਇਤੀ ਅਤੇ ਪੁਰਾਣੀ ਵਿਸ਼ਾ ਵਸਤੂ ਹੀ ਚਲੀ ਆ ਰਹੀ ਹੈ।

# ਸਾਹਿਬ ਕਾਂਸੀ ਰਾਮ ਦੀ 5 ਪੈਸੇ ਦੀ ਕਹਾਣੀ 'ਮਨੋਹਰ ਆਪਟੇ' ਦੀ ਜ਼ੁਬਾਨੀ

ਸੰਨ 1972 ਵਿਚ ਅਸੀਂ ਪੂਨਾ ਵਿਚ ਆਪਣਾ ਛੋਟਾ ਜਿਹਾ ਦਫਤਰ ਖੋਲ੍ਹਿਆ। ਸ਼ਾਇਦ ਬਹੁਜਨ ਸਮਾਜ ਮੂਵਮੈਂਟ (ਸਾਰੇ ਧਰਮਾਂ ਦੇ ਓ. ਬੀ. ਸੀ., ਐਸ. ਸੀ., ਐਸ. ਟੀ.) ਦਾ ਇਹ ਪਹਿਲਾ ਦਫਤਰ ਸੀ। ਮੈਂ ਉਸ ਸਮੇਂ ਰੇਲਵੇ ਵਿਚ ਨੌਕਰੀ ਕਰਦਾ ਸੀ। ਨੌਕਰੀ ਦੇ ਲਈ ਮੈਨੂੰ ਰੋਜ਼ਾਨਾ ਪੂਨਾ ਤੋਂ ਮੁੰਬਈ ਜਾਣਾ ਪੈਂਦਾਸੀ। ਸਾਹਿਬ ਜੀ ਮੇਰੇ ਨਾਲ ਮੁੰਬਈ ਆਉਣ-ਜਾਣ ਕਰਦੇ ਸਨ। ਉਸ ਵਕਤ ਰੇਲ ਦੇ ਡੱਬੇ ਵਿਚ ਹੀ ਅਸੀਂ ਯੋਜਨਾਵਾਂ ਬਣਾਉਂਦੇ ਸੀ ਕਿ ਕਿਸ ਤਰ੍ਹਾਂ ਅਸੀਂ ਮਨੂੰਵਾਦੀਆਂ/ਬ੍ਰਾਹਮਣਵਾਦੀਆਂ ਦੁਆਰਾ 6743 ਜਾਤੀਆਂ ਵਿਚ ਵੰਡੇ ਗਏ ਮੂਲ ਨਿਵਾਸੀ ਬਹੁਜਨ ਸਮਾਜ (85 ਫੀਸਦੀ) ਨੂੰ ਇਕ ਸੂਤਰ ਵਿਚ ਪਰੋਣਾ ਹੈ ਅਤੇ ਉਹਨਾਂ ਨੂੰ ਉਹਨਾਂ ਦੇ ਹੱਕ ਦਿਵਾਉਣੇ ਹਨ। ਸਾਹਿਬ ਜੀ ਦੇ ਕੋਲ ਪੂਨਾ ਤੋਂ ਮੁੰਬਈ ਦਾ ਰੇਲਵੇ ਪਾਸ ਸੀ। ਅਸੀਂ ਆਪਣੀਆਂ ਸਾਈਕਲਾਂ 'ਤੇ ਪੂਨਾ ਸਟੇਸ਼ਨ ਜਾਂਦੇ ਸੀ ਅਤੇ ਫਿਰ ਮੁੰਬਈ ਵਿਚ ਆ ਕੇ ਸਾਈਕਲਾਂ ਤੇ ਦਫਤਰ ਪਹੁੰਚਦੇ ਸੀ। ਅਸੀਂ ਸਟੇਸ਼ਨ ਦੇ ਕੋਲ ਢਾਬੇ ਤੇ ਥੋੜ੍ਹਾ ਬਹੁਤ ਪੇਟ ਭਰਨ ਲਾਇਕ ਖਾ ਲੈਂਦੇ ਸੀ।




ਅੱਜ ਵੀ ਮੈਂ ਉਸ ਦਿਨ ਨੂੰ ਯਾਦ ਕਰਦਾ ਹਾਂ ਜਦੋਂ ਮੈਂ ਅਤੇ ਸਾਹਿਬ ਮੁੰਬਈ ਤੋਂ ਪੂਨਾ ਆਏ ਅਤੇ ਸਾਈਕਲ ਚੁੱਕ ਕੇ ਚੱਲ ਪਏ। ਸਾਡਾ ਸਸਤਾ ਢਾਬਾ ਆ ਗਿਆ। ਉਸ ਦਿਨ ਮੇਰੇ ਕੋਲ ਤਾਂ ਪੈਸੇ ਨਹੀਂ ਸਨ, ਇਸ ਕਰਕੇ ਮੈਂ ਸੋਚਿਆ ਸਾਹਿਬ ਜੀ ਖਾਣਾ ਖੁਆ ਦੇਣਗੇ ਪਰ ਸਾਹਿਬ ਵੀ ਨਹੀਂ ਬੋਲੇ। ਮੈਂ ਸੋਚਿਆ ਕਿ ਅੱਜ ਸ਼ਾਇਦ ਸਾਹਿਬ ਦਾ ਦੂਜੇ ਢਾਬੇ ਵਿਚ ਖਾਣਾ ਖਾਣ ਦਾ ਮੂਡ ਹੈ। ਦੂਜਾ ਢਾਬਾ ਵੀ ਆ ਗਿਆ। ਅਸੀਂ ਦੋਵਾਂ ਨੇ ਇਕ ਦੂਜੇ ਵੱਲ ਦੇਖਿਆ ਅਤੇ ਅੱਗੇ ਚੱਲ ਪਏ ਕਿਉਂਕਿ ਪੈਸੇ ਕਿਸੇ ਕੋਲ ਨਹੀਂ ਸਨ।

ਕੁਝ ਨਾ ਮਿਲ ਸਕਣ ਦੀ ਸਥਿਤੀ ਵਿਚ ਅਸੀਂ ਦੋਵੇਂ ਰਾਤ ਨੂੰ ਪਾਣੀ ਪੀ ਕੇ ਸੌਂ ਗਏ। ਅਗਲੇ ਦਿਨ ਮੇਰੀ ਛੁੱਟੀ ਸੀ ਪਰ ਸਾਹਿਬ ਨੂੰ ਮੀਟਿੰਗ ਦੇ ਲਈ ਜਾਣਾ ਸੀ। ਸਾਹਿਬ ਸਵੇਰੇ ਉਠੇ ਅਤੇ ਨਹਾ ਧੋ ਕੇ ਅਟੈਚੀ ਚੁੱਕ ਕੇ ਨਿਕਲਣ ਲੱਗੇ। ਥੋੜ੍ਹੀ ਦੇਰ ਬਾਅਦ ਵਾਪਸ ਆਏ ਅਤੇ ਬੋਲੇ-

ਯਾਰ ਮਨੋਹਰ ਕੁਝ ਪੈਸੇ ਹਨ ਤੁਹਾਡੇ ਕੋਲ? ਮੈਂ ਕਿਹਾ ਨਹੀਂ ਸਾਹਿਬ। ਤਾਂ ਸਾਹਿਬ ਨੇ ਕਿਹਾ ਦੇਖ ਕੁਝ ਤਾਂ ਹੋਣਗੇ? ਮੈਂ ਕਿਹਾ ਕੁਝ ਵੀ ਨਹੀਂਹੈ ਸਾਹਿਬ। ਹੁੰਦੇ ਤਾਂ ਰਾਤ ਖਾਣਾ ਜ਼ਰੂਰ ਖੁਆਉਂਦਾ ਤੁਹਾਨੂੰ।

ਮਨੋਹਰ ਯਾਰ ਪੰਜ ਪੈਸੇ ਤਾਂ ਹੋਣਗੇ?

ਹੁਣ ਮੈਂ ਵੀ ਆਪਣੇ ਬੈਗ ਨੂੰ ਖੰਘਾਲਣ ਲੱਗਿਆ ਪਰ ਇੱਕਦਮ ਖਾਲੀ। ਮੈਂ ਪੁੱਛਿਆ ਕੀ ਕੰਮ ਸੀ ਸਾਹਿਬ? ਯਾਰ ਸਾਈਕਲ ਪੰਕਚਰ ਹੋ ਗਈ ਹੈ ਅਤੇ ਟ੍ਰੇਨ ਦਾ ਵੀ ਵਕਤ ਹੋ ਗਿਆ ਹੈ। ਜੇਕਰ ਸਮੇਂ ਤੇ ਸਟੇਸ਼ਨ ਨਾਂ ਪਹੁੰਚ ਸਕਿਆ ਤਾਂ ਟ੍ਰੇਨ ਛੁਟ ਜਾਵੇਗੀ ਅਤੇ ਹਜ਼ਾਰਾਂ ਲੋਕ ਜੋ ਮੈਨੂੰ ਸੁਣਨ ਆਉਣਗੇ, ਮੇਰੇ ਨਾ ਪਹੁੰਚਣ ਦੀ ਹਾਲਤ ਵਿਚ ਨਿਰਾਸ਼ ਹੋ ਕੇ ਵਾਪਸ ਚਲੇ ਜਾਣਗੇ। ਬੜੀ ਮਿਹਨਤ ਤੋਂ ਬਾਅਦ ਮੈਂ ਇਸ ਮਿਸ਼ਨ ਨੂੰ ਇੱਥੇ ਤੱਕ ਲੈ ਕੇ ਆਇਆ ਹਾਂ। ਮੈਂ ਕਿਹਾ ਤਾਂ ਕੀ ਹੋਇਆ ਸਾਹਿਬ ਤੁਸੀਂ ਮੇਰੀ ਸਾਈਕਲ ਲੈ ਜਾਓ? ਸਾਹਿਬ ਨੇ ਕਿਹਾ ਭਰਾ ਦੇਖ ਲਈ ਤੇਰੇ ਵਾਲੀ ਵੀ ਖਰਾਬ ਹੈ।

ਫਿਰ ਅਚਾਨਕ ਇਹ ਕੀ? 5 ਪੈਸੇ ਨਾ ਹੋਣ ਦੇ ਕਾਰਨ ਸਾਹਿਬ ਪੈਦਲ ਹੀ ਕਈ ਕਿਲੋਮੀਟਰ ਦੂਰ ਸਟੇਸ਼ਨ ਲਈ ਦੌੜ ਪਏ। ਅਤੇ ਪਹਿਲੀ ਵਾਰ ਜਦੋਂ ਮੈਂ ਕਾਂਸ਼ੀ ਰਾਮ ਸਾਹਿਬ ਨੂੰ ਹੈਲੀਕਾਪਟਰ ਤੋਂ ਉਤਰਦੇ ਦੇਖਿਆ ਤਾਂ ਅੱਖਾਂ ਵਿਚ ਅੱਥਰੂ ਆ ਗਏ ਜੋ ਰੁਕਣ ਦਾ ਨਾਂ ਨਹੀਂ ਲੈ ਰਹੇ ਸਨ ਅਤੇ ਮੇਰੇ ਮੂੰਹ ਤੋਂ ਨਿਕਲਿਆ, ਵਾਹ ਸਾਹਿਬ ਜੀ ਵਾਹ, ਕਮਾਲ ਕਰ ਦਿੱਤਾ। ਪੁਰਾਣੀ ਟੁੱਟੀ ਜਿਹੀ ਸਾਈਕਲ ਦੁਆਰਾ ਬਾਮਸੇਫ, ਡੀ. ਐਸ. 4, ਬਹੁਜਨ ਸਮਾਜ ਪਾਰਟੀ ਤੋਂ ਹੁੰਦੇ ਹੋਏ ਸਿੱਧਾ ਹੈਲੀਕਾਪਟਰ। ਬਾਬਾ ਸਾਹਿਬ ਨੂੰ ਤਾਂ ਕਦੀ ਨਹੀਂ ਦੇਖ ਸਕਿਆ ਪਰ ਤੁਹਾਡੇ ਨਾਲ ਰਹਿ ਕੇ ਜਨ-ਜਾਗਰਤੀ ਦਾ ਜੋ ਥੋੜ੍ਹਾ-ਬਹੁਤ ਕੰਮ ਮੈਂ ਕਰ ਸਕਿਆ, ਮੈਂ ਧੰਨ ਹੋ ਗਿਆ। ਬਹੁਜਨ ਸਮਾਜ ਦੇ ਲਈ ਤੁਹਾਡੀ ਅਣਥੱਕ ਮਿਹਨਤ ਦੇ ਲਈ ਕੋਟਿ-ਕੋਟਿ ਸਲਾਮ।

**- ਮਨੋਹਰ ਆਪਟੇ**

# ਕੈਪਟਨ ਸਿਆਸੀ ਫੱਟਿਆਂ ਵਾਲੀ ਰਵਾਇਤੀ ਸਿਆਸਤ ਤੋਂ ਅੱਗੇ ਲੰਘਣਾ ਚਾਹੁੰਦੇ ਹਨ?

**(ਸਫਾ 11 ਦੀ ਬਾਕੀ)**

ਮਸਲਾ ਹੈ ਅਤੇ ਇਸ ਬਾਰੇ ਸਿਰ ਜੋੜ ਕੇ ਸੋਚਣਾ ਚਾਹੀਦਾ ਹੈ। ਜੇ ਕਿਸੇ ਕੋਲ ਕੋਈ ਅਜਿਹੀ ਵਿਧੀ ਹੈ, ਜਿਸ ਨਾਲ ਕਿਸਾਨੀ ਦੇ ਕਰਜ਼ੇ ਦੇ ਮਸਲੇ ਨੂੰ ਤੁਰੰਤ ਸੁਲਝਾਇਆ ਜਾ ਸਕਦਾ ਹੈ, ਤਾਂ ਉਹ ਲੈ ਕੇ ਸਾਹਮਣੇ ਆਵੇ। ਨਸ਼ਾ ਮਾਫੀਆ ਦਾ ਵੀ ਇਹੀ ਹਾਲ ਹੈ। ਚੋਣ ਵਾਅਦਿਆਂ ਦੇ ਪ੍ਰਸੰਗ ਵਿਚ ਕੈਪਟਨ ਦੀ ਨੀਤ ਅਤੇ ਨੀਤੀ ਦੇ ਰਾਹ ਵਿਚ ਬਹੁਤ ਸਾਰੀਆਂ ਰੁਕਾਵਟਾਂ ਪਹਿਲਾਂ ਹੀ ਹਨ। ਇਨ੍ਹਾਂ ਵਿਚ ਬੇਲੋੜਾ ਵਾਧਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਨਾਲ ਜੂਝਣ ਦੀ ਕੋਸ਼ਿਸ਼ ਹੋ ਰਹੀ ਹੈ ਜਾਂ ਨਹੀਂ ਹੋ ਰਹੀ, ਇਸ ਬਾਰੇ ਫੈਸਲਾ ਸਮੇਂ ਨੇ ਕਰਨਾ ਹੈ।

ਮੈਨੂੰ ਕੈਪਟਨ ਅਮਰਿੰਦਰ ਸਿੰਘ ਦੀ ਇਹ ਗੱਲ ਚੰਗੀ ਲੱਗਦੀ ਹੈ ਕਿ ਉਹ ਪੱਕੇ ਤਾਂ ਹਨ, ਪਰ ਕੱਟੜ ਨਹੀਂ ਹਨ। ਪੁਸਤਕ ਸਭਿਆਚਾਰ ਨਾਲ ਜੁੜੇ ਹੋਏ ਉਹ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਹਨ। ਇਸ ਨਾਲ ਉਹ ਪ੍ਰਚੰਡ ਜਾਗ੍ਰਿਤੀ ਦੇ ਬਿੰਬ ਵੀ ਹੋ ਗਏ ਹਨ ਅਤੇ ਮੁਦਈ ਵੀ। ਉਹ ਪੰਜਾਬ ਨੂੰ ਉਲਾਰ ਸਿਆਸਤ ਤੋਂ ਬਚਾਉਣਾ ਚਾਹੁੰਦੇ ਹਨ ਅਤੇ ਇਸ ਵਾਸਤੇ ਲੋੜੀਂਦੀ ਸਿਆਸੀ ਵਚਨਬੱਧਤਾ ਦੇ ਉਹ ਮਾਲਕ ਨਜ਼ਰ ਆਉਣ ਲੱਗ ਪਏ ਹਨ। ਉਲਾਰ ਸਿਆਸਤ ਵੱਲੋਂ ਮੁਰਦਿਆਂ ਨੂੰ ਕਬਰਾਂ ਵਿਚੋਂ ਕੱਢ ਕੇ ਕਟਹਿਰੇ ਵਿਚ ਖੜ੍ਹਾ ਕਰਨ ਦੀ ਸਿਆਸਤ ਹੋਣ ਲੱਗ ਪਈ ਹੈ। ਜੇ ਇਹ ਭਗਵੇਂ ਰੰਗ ਵਿਚ ਹੋ ਸਕਦੀ ਹੈ ਤਾਂ ਨੀਲੇ ਰੰਗ ਵਿਚ ਕਿਉਂ ਨਹੀਂ ਹੋ ਸਕਦੀ?

ਕੈਪਟਨ ਅਜਿਹੀ ਦੋਹਰੀ ਲੜਾਈ ਲੜ ਰਹੇ ਹਨ, ਜਿਹੜੀ ਪਹਿਲਾਂ ਕਿਸੇ ਮੁੱਖ ਮੰਤਰੀ ਨੂੰ ਨਹੀਂ ਲੜਨੀ ਪਈ। ਉਹ ਇਹ ਲੜਾਈ ਹਾਰਨ ਜਾਂ ਜਿੱਤਣ, ਪਰ ਇਸ ਉਸਾਰੂ ਸਿਆਸਤ ਵਾਸਤੇ ਉਹ ਜਾਣੇ ਜਾਂਦੇ ਰਹਿਣਗੇ। ਇਹੀ ਰਾਹ ਹੈ, ਆਪਣੇ ਵਾਰਸਾਂ ਨੂੰ ਇਹ ਦੱਸਣ ਦਾ, ਕਿ ਜਿਵੇਂ ਅਸੀਂ ਆਪਣੇ ਪੁਰਖਿਆਂ ਦੀਆਂ ਖੱਟੀਆਂ ਦਾ ਖੱਟਿਆ ਖਾ ਰਹੇ ਹਾਂ, ਉਵੇਂ ਹੀ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਨਰੋਈਆਂ ਪੈੜਾਂ ਪਾਉਣੀਆਂ ਚਾਹੀਦੀਆਂ ਹਨ।

ਇਹ ਲੜਾਈ ਬਹੁਤ ਔਖੀ ਹੈ, ਕਿਉਂਕਿ ਭਗਵਾਕਰਨ ਦੀ ਸਿਆਸਤ ਪਹਿਲਾਂ ਹੀ ਜਿਵੇਂ ਜ਼ੋਰ ਸ਼ੋਰ ਨਾਲ ਚਲਾਈ ਜਾ ਰਹੀ ਹੈ, ਉਵੇਂ ਬਸਤੀਵਾਦੀ ਹਕੂਮਤ ਵੇਲੇ ਈਸਾਈਕਰਨ ਦੀ ਮੁਹਿੰਮ ਵੀ ਨਹੀਂ ਚਲਾਈ ਗਈ ਸੀ। ਇਹ ਰਾਹ ਭਾਰਤ ਨੂੰ ਪਾਕਿਸਤਾਨ ਦੀ ਤਰਜ਼ 'ਤੇ ਉਸਾਰੀ ਜਾਣ ਵਾਲੀ ਸਿਆਸਤ ਲੱਗਣ ਲੱਗ ਪਿਆ ਹੈ।

# ਮੁੱਠੀ ਭਰ ਕੱਟੜਪੰਥੀਆਂ ਦੀ ਨਾਸਮਝੀ ਦੇਸ਼ ਨੂੰ ਬਹੁਤ ਮਹਿੰਗੀ ਪੈ ਰਹੀ ਹੈ

**(ਸਫਾ 10 ਦੀ ਬਾਕੀ)**

ਨਹੀਂ ਗਈ। ਮੈਂ ਉਸ ਸੰਬੰਧ ਵਿੱਚ ਅਜੇ ਵਿਸਥਾਰ ਨਾਲ ਕੁੱਝ ਨਹੀਂ ਕਹਿਣਾ ਚਾਹੁੰਦਾ।

ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਸਹਿਣਸ਼ੀਲਤਾ ਹੀ ਭਾਰਤ ਦੀ ਵਿਸ਼ੇਸ਼ਤਾ ਰਹੀ ਹੈ। ਈਸਾ ਨੇ ਯਹੂਦੀ ਧਰਮ ਵਿਰੁੱਧ ਵਿਦਰੋਹ ਕੀਤਾ ਤਾਂ ਸੂਲੀ 'ਤੇ ਲਟਕਾਏ ਗਏ। ਮਹਾਤਮਾ ਬੁੱਧ ਨੇ ਵੀ ਵੈਦਿਕ ਧਰਮ ਕਾਂਡ ਦੇ ਵਿਰੁੱਧ ਵਿਦਰੋਹ ਕੀਤਾ।

ਈਸ਼ਵਰ ਨੂੰ ਮੰਨਣ ਤੋਂ ਇਨਕਾਰ ਕੀਤਾ, ਪਰ ਮਹਾਤਮਾ ਬੁੱਧ ਨੂੰ ਭਾਰਤ ਦਾ ਅਵਤਾਰ ਕਿਹਾ ਗਿਆ। ਜੇ ਈਸਾ ਭਾਰਤ ਵਿੱਚ ਪੈਦਾ ਹੁੰਦੇ ਤਾਂ ਅਵਤਾਰ ਕਹੇ ਜਾਂਦੇ ਤੇ ਜੇ ਬੁੱਧ ਪੱਛਮ ਵਿੱਚ ਪੈਦਾ ਹੁੰਦੇ ਤਾਂ ਸੂਲੀ 'ਤੇ ਲਟਕਾਏ ਜਾਂਦੇ। ਭਾਰਤ ਦੀ ਇਸ ਮਹਾਨ ਵਿਰਾਸਤ ਹਿੰਦੂਤਵ ਨੂੰ ਕੁੱਝ ਕੱਟੜਵਾਦੀ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਸਭ ਨੇਤਾਵਾਂ ਨੂੰ ਸਹੀ ਹਿੰਦੂਤਵ ਸਮਝਾਇਆ ਜਾਵੇ। ਉਹ ਇੱਕ ਵਾਰ ਸਵਾਮੀ ਵਿਵੇਕਾਨੰਦ ਨੂੰ ਜ਼ਰੂਰ ਪੜ੍ਹਨ। ਅੱਜ ਤੋਂ 150 ਸਾਲ ਪਹਿਲਾਂ ਗੁਲਾਮ ਦੇਸ਼ ਦੇ ਨੌਜਵਾਨ ਸੰਨਿਆਸੀ ਸਵਾਮੀ ਵਿਵੇਕਾਨੰਦ ਸ਼ਿਕਾਗੋ ਦੀ ਧਰਮ ਸਭਾ ਵਿੱਚ ਵੇਦਾਂਤ ਅਤੇ ਹਿੰਦੂਤਵ 'ਤੇ ਬੋਲੇ ਤਾਂ ਪੂਰਾ ਵਿਸ਼ਵ ਉਨ੍ਹਾਂ ਦੇ ਚਰਨਾਂ ਵਿੱਚ ਝੁਕ ਗਿਆ, ਉਹ ਪੂਰੇ ਵਿਸ਼ਵ ਨੂੰ ਹਿੰਦੂਤਵ ਸਮਝਾ ਸਕੇ, ਪਰ ਅੱਜ ਦੇ ਹਿੰਦੂਤਵਵਾਦੀ ਆਪਣੇ ਦੇਸ਼ ਦੇ ਲੋਕਾਂ ਨੂੰ ਹੀ ਹਿੰਦੂਤਵ ਨਹੀਂ ਸਮਝਾ ਪਾ ਰਹੇ। ਸੱਚਾਈ ਇਹ ਹੈ ਕਿ ਇਨ੍ਹਾਂ ਸਮਝਾਉਣ ਵਾਲਿਆਂ ਨੂੰ ਖੁਦ ਹੀ ਹਿੰਦੂਤਵ ਦੀ ਸਮਝ ਨਹੀਂ। ਇਨ੍ਹਾਂ ਮੁੱਠੀ ਭਰ ਕੱਟੜਪੰਥੀ ਤੇ ਕਥਿਤ ਹਿੰਦੂਆਂ ਦੀ ਇਹ ਨਾਸਮਝੀ ਦੇਸ਼ ਨੂੰ ਬਹੁਤ ਮਹਿੰਗੀ ਪੈ ਰਹੀ ਹੈ। ਅੰਨਤੋਦਿਆ ਦੇ ਵਿਕਾਸ ਦਾ ਵਾਤਾਵਰਣ ਖਰਾਬ ਹੋ ਰਿਹਾ ਹੈ ਅਤੇ ਹਿੰਦੂਤਵ ਦੀ ਸ਼ਾਨ ਡਿੱਗ ਰਹੀ ਹੈ।

# ਸਾਹਿਤਕ, ਪ੍ਰਗਤੀਸ਼ੀਲ ਚਿਹਰਾ ਤੇ ਇਮਾਨਦਾਰ ਸੋਚ ਦਾ ਮਾਲਕ ਇੰਜੀ: ਅਰਵਿੰਦਰ ਸਿੰਘ 'ਸਹੋਤਾ'

ਸੱਚ ਇਹ ਹੈ ਕਿ ਜਦੋਂ ਦੁਨੀਆਂ 'ਚ ਵਿਸ਼ਵਾਸ ਮੁੱਕ ਗਿਆ ਤਾਂ ਰੱਬ ਵੀ ਧਰਤੀ 'ਤੇ ਨਹੀਂ ਰਹਿਣਾ। ਅਸਮਾਨ ਤੇ ਧਰਤੀ ਰੱਬ ਦੇ ਆਸਰੇ ਨਹੀਂ, ਵਿਸ਼ਵਾਸ ਦੇ ਆਸਰੇ ਖੜ੍ਹੇ ਹਨ। ਝੂਠ ਤੇ ਅਪਰਾਧ ਦਾ ਜਿੰਨਾ ਮਰਜ਼ੀ ਅੰਧਕਾਰ ਫੈਲ ਜਾਵੇ, ਪਰ ਫਿਰਵੀ ਕਈ ਸਖਸ਼ ਆਪਣੇ ਇਮਾਨਦਾਰੀ ਦੇ ਸੂਰਜੀ ਅਕਸ ਨਾਲ ਇਸ ਅੰਧਕਾਰ ਨੂੰ ਘੱਟ ਕਰਨ ਦੀ ਕੋਸ਼ਿਸ਼ 'ਚ ਹਮੇਸ਼ਾ ਯਤਨਸ਼ੀਲ ਹਨ। ਅਜਿਹੇ ਹੀ ਇਕ ਸਖਸ਼ ਦਾ ਨਾਂ ਹੈ ਇੰਜੀ ਅਰਵਿੰਦਰ ਸਿੰਘ ਸਹੋਤਾ। ਜੋ ਕਿ ਇਸ ਵਕਤ ਬਤੌਰ ਐਸ. ਡੀ. ਓ. ਪਾਵਰਕਾਮ ਮਹਿਕਮੇ 'ਚ ਮੁਲੰਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਤਾਇਨਾਤ ਹਨ। ਅਰਵਿੰਦਰ ਸਿੰਘ ਦਾ ਪਿੰਡ ਗੁਰਾਇਆਂ ਨੇੜੇ, ਬੜਾ ਪਿੰਡ। ਪਿਤਾ ਦਾ ਨਾਂ ਰਿਟਾਇਰਡ ਪ੍ਰਿੰਸੀਪਲ ਸ. ਬਲਵੀਰ ਸਿੰਘ ਤੇ ਮਾਤਾ ਦਾ ਨਾਂ ਸ੍ਰੀ ਜਾਗੀਰ ਕੌਰ। ਜੀਵਨ ਸਾਥਣ ਦਾ ਨਾਂ ਜਸਵਿੰਦਰ ਕੌਰ, ਇਕ ਬੇਟੀ ਤੇ ਇਕ ਬੇਟਾ। ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਤਿੰਨ ਸਾਲਾ ਡਿਪਲੋਮਾ (ਇਲੈਕਟ੍ਰੀਕਲ ਇੰਜੀਨੀਅਰ) ਇਹ ਸਖਸ਼ 1984 ਵਿਚ ਬਤੌਰ ਲਾਈਨਮੈਨ ਗੁਰਾਇਆਂ ਲੱਗਾ। ਡੇਢ ਸੌ ਖੇਤ ਦਾ ਮਾਲਕ ਤੇ ਕੁੱਤੇ ਘੋੜੇ, ਘੋੜੀਆਂ ਤੇ ਆਪਣੇ ਕਲਚਰ ਨੂੰ ਪਿਆਰ ਕਰਨ ਵਾਲਾ ਸਹੋਤਾ, ਸਿਆਸਤ ਨਾਲ ਵੀ ਨਹੁੰ-ਮਾਸ ਦਾ ਰਿਸ਼ਤਾ ਰੱਖਦਾ ਹੈ। ਪੰਜਾਬ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਦਾ ਉਹ ਖੱਬਾ ਹੱਥ ਹੈ। ਬੇਵਫਾਈ ਸ਼ਬਦ ਸਹੋਤੇ ਦੀ ਡਿਕਸ਼ਨਰੀ ਵਿਚ ਨਹੀਂ ਹੈ। ਉਹ ਸ਼ੁਰੂ ਤੋਂ ਲੈ ਕੇ ਹੁਣ ਤੱਕ ਚੰਗੇ ਮਾੜੇ ਦਿਨਾਂ ਵਿਚ ਮਨਪ੍ਰੀਤ ਬਾਦਲ ਦੇ ਨਾਲ ਹੀ ਰਿਹਾ। 2004 ਤੋਂ 2007 ਤੱਕ ਕੁਝ ਸਿਆਸੀ ਦਬਾਅ ਦੇ ਕਾਰਨ ਅਰਵਿੰਦਰ ਸਿੰਘ ਸੜਕਾਂ ਤੇ ਹੀ ਇਮਾਨਦਾਰੀ ਨਾਲ ਆਪਣੇ ਕੰਮ ਨੂੰ ਅੰਜ਼ਾਮ ਤੱਕ ਪਹੁੰਚਾਉਂਦਾ ਰਿਹੈ। ਉਹ ਹਰ ਭੂਚਾਲ ਝੱਲਣ ਦੇ ਸਮਰੱਥ ਹੈ। ਸਹੋਤੇ ਦੀ ਸੋਚ ਹੈ ਕਿ ਜਦ ਇਮਾਨਦਾਰੀ ਨਾਲ ਆਪਾਂ ਆਪਣਾ ਕੰਮ ਹੀ ਕਰਨਾ ਹੈ, ਫਿਰ ਪਸ਼ੂਆਂ ਦੇ ਵਾੜੇ 'ਚ ਇਤਰ ਫੁਲੇਲਾਂ ਦਾ ਕੀ ਕੰਮ। ਇਕ ਵਾਰ ਉਹ ਰਾਤ ਨੂੰ ਡਿਊਟੀ ਤੋਂ ਘਰ ਨੂੰ ਆ ਰਿਹਾ ਸੀ ਕਿ ਨਾਕੇ 'ਤੇ ਖੜ੍ਹੇ ਪੁਲਿਸ ਮੁਲਾਜ਼ਮਾਂ ਨੇ ਉਹਨੂੰ ਪਛਾਨਣ ਤੋਂ ਹੀ ਮਨ੍ਹਾ ਕਰ ਦਿੱਤਾ। ਉਹਨੇ ਬਹੁਤ ਸਮਝਾਇਆ ਕਿ ਮੈਂ ਤੁਹਾਡੇ ਇੱਥੇ ਪਾਵਰਕਾਮ ਮਹਿਕਮੇ 'ਚ ਐਸ. ਡੀ. ਓ. ਹਾਂ। ਪਰ ਮੁਲਾਜ਼ਮਾਂ ਦਾ ਕਹਿਣਾ ਸੀ ਕਿ ਨਹੀਂ ਅਸੀਂ ਤੇਰੀ ਗੱਡੀ ਦੀ ਡਿੱਕੀ ਚੈਕ ਕਰਨੀ ਆ। ਦੂਸਰੇ ਦਿਨ ਜਦ ਸਹੋਤੇ ਨੇ ਥਾਣੇ 'ਚ ਸਾਕੇ ਆਪਣੀ ਪਾਵਰ ਵਿਖਾਈ, ਮਤਲਬ ਥਾਣੇ ਨੂੰ 17 ਹਜ਼ਾਰ ਰੁਪਏ ਜੁਰਮਾਨਾ



ਕੀਤਾ ਤਾਂ ਪੁਲਿਸ ਮੁਲਾਜ਼ਮਾਂ ਨੂੰ ਰਾਤ ਦੀ ਗਲਤੀ ਦਾ ਅਹਿਸਾਸ ਹੋਇਆ ਕਿ 'ਇਹ ਤਾਂ ਸ਼ੇਰ ਨੂੰ ਸਵਾ ਸੇਰ ਟੱਕਰ ਪਿਆ।' ਉਹਦਾ ਹਰ ਮੁਲਾਜ਼ਮ ਉਹਦੇ ਸੁਭਾਅ ਤੋਂ ਖੁਸ਼ ਹੈ। ਬੰਦਾ ਸਿਆਣਾ ਹੋਵੇ ਤਾਂ ਹਰ ਦਾਅਵਾ ਹਿੱਕ ਠੋਕ ਕੇ ਕਰ ਹੀ ਸਕਦਾ ਹੈ। ਉਹਨੇ ਕਿਹਾ ਹੋਇਆ ਹੈ ਕਿ ਮੇਰੀ ਗੈਰ ਹਾਜ਼ਰੀ ਵਿਚ ਵੀ ਦਫਤਰ 'ਚ ਆਉਣ ਵਾਲੇ ਦਾ ਕੰਮ ਹੋਣਾ ਹੀ ਚਾਹੀਦਾ ਹੈ। ਦਸਤਖਤ ਮੈਂ ਬਾਅਦ ਵਿਚ ਕਰ ਦੇਵਾਂਗਾ। ਕਿਸੇ ਦੀਆਂ ਨਜ਼ਰਾਂ ਵਿਚ ਉਤਰਨਾ ਸੌਖਾ ਨਹੀਂ ਹੁੰਦਾ, ਪਰ ਨਜ਼ਰਾਂ 'ਚੋਂ ਗਿਰ ਜਾਣਾ ਮੌਤ ਤੋਂ ਪਹਿਲਾਂ ਹੀ ਮਰ ਜਾਣ ਦਾ ਅਹਿਸਾਸ ਹੁੰਦਾ ਹੈ। ਕਈ ਲੋਕ ਉਚੀਆਂ ਕੁਰਸੀਆਂ 'ਤੇ ਬੈਠ ਕੇ ਵੀ ਜਨਮਾ ਦਾ ਵਿਸ਼ਵਾਸ ਨਹੀਂ ਜਿੱਤ ਸਕਦੇ। ਪਰ ਜਦੋਂ ਦਾ ਉਹ ਯਾਨਿ ਕਿ 18-12-14 ਨੂੰ ਉਸ ਸਖਸ਼ ਨੇ ਦਸਤਕ ਦਿੱਤੀ ਹੈ, ਆਮ ਲੋਕ ਖੁਸ਼ ਹਨ ਤੇ ਕਿਸਾਨ ਖੁਸ਼ ਹਨ। ਥੋੜ੍ਹਾ ਸਮਾਂ ਪਹਿਲਾਂ ਕੁਝ ਲੋਕ ਟਰਾਲੀ ਭਰ ਕੇ ਆ ਗਏ। ਸਹੋਤਾ ਦਾ ਸਵਾਲ ਸੀ, ਕਿਵੇਂ ਆਏ ਹੋ? ਅੱਗੋਂ ਜਵਾਬ ਸੀ ਪਿੰਡ 'ਚ ਚੰਗੀ ਤਰ੍ਹਾਂ ਬਿਜਲੀ ਨਹੀਂ ਆਉਂਦੀ, ਟਰਾਂਸਫਾਰਮਰ ਖਰਾਬ ਰਹਿੰਦੈ, ਅਸੀਂ ਧਰਨਾ ਦੇਣ ਆਏ ਹਾਂ। ਸਹੋਤਾ ਦਾ ਜਵਾਬ ਸੀ ਕਿ ਜਿੰਨੇ ਟਰਾਂਸਫਾਰਮਰ ਚਾਹੀਦੇ ਹਨ, ਚੁੱਕ ਕੇ ਹੁਣੇ ਹੀ ਟਰਾਲੀ 'ਚ ਰੱਖੋ। ਸਹੋਤਾ ਦਾ ਕਹਿਣਾ ਹੈ ਕਿ ਜਿਸਨੂੰ ਵੀ ਕੋਈ ਸਮੱਸਿਆ ਹੈ, ਉਹ ਸਿੱਧਾ ਆ ਕੇ ਮੈਨੂੰ ਮਿਲੇ। ਪੈਸਾ ਹਰ ਸਮੱਸਿਆ ਦਾ ਹੱਲ ਨਹੀਂ ਹੈ ਕਿਉਂਕਿ ਕਈ ਜ਼ਰੂਰਤਾਂ ਪੈਸੇ ਤੋਂ ਵੀ ਵੱਡੀਆਂ ਹਨ।

ਕੰਮ ਕਰਵਾਉਣ ਆਏ ਉਹ ਸ਼ਖਸ ਦੀ ਫਾਈਲ ਵੀ ਨਹੀ ਵੇਖਣੀ ਪਸੰਦ ਕਰਦਾ ਕਿਉਂਕਿ ਜੇ ਮੈਂ ਫਾਈਲ ਦੇ ਸਫੇ ਫਰੋਲਣ ਦੀ ਕੋਸ਼ਿਸ਼ ਕਰਾਂਗਾ ਤਾਂ ਮੇਰੇ ਸਾਹਮਣੇ ਖੜ੍ਹਾ ਵਿਅਕਤੀ ਅੰਦਰੋਂ ਕਿੰਨਾ ਟਾਰਚਰ ਹੋ ਜਾਵੇਗਾ, ਇਹ ਅੰਦਾਜ਼ਾ ਨਾ ਤੁਸੀਂ ਲਾ ਸਕਦੇ ਹੋ ਤੇ ਨਾ ਮੈਂ। ਇਸ ਫਿਲਾਸਫਰ ਸ਼ਖਸ ਦੀਆਂ ਗੱਲਾਂ ਸੁਣ ਕੇ ਲੋਕ ਆਪਣਾ ਕੰਮ ਭੁੱਲ ਜਾਂਦੇ ਹਨ। ਅਰਵਿੰਦਰ ਸਿੰਘ ਦੀ ਆਪਣੀ ਇਕ ਸੋਚ ਹੈ, ਆਪਣੀ ਇਕ ਅਲੱਗ ਪਹਿਚਾਣ ਹੈ। ਵੱਗਦੇ ਪਾਣੀਆਂ ਦੇ ਸੁਭਾਅ ਵਰਗਾ ਤੇ ਗੰਗਾਜਲ ਦੀ ਪਵਿੱਤਰ ਆਸਥਾ ਵਰਗਾ ਇਹ ਇਨਸਾਨ ਸਦਾ ਆਪਣੇ ਤੇਜ਼-ਤਰਾਰ ਇਮਾਨਦਾਰ ਜਜ਼ਬੇ ਨਾਲ ਆਮ ਜਨਤਾ ਦੀ ਸੇਵਾ ਕਰਦਾ ਰਹੇ। ਤੇ ਉਥੇ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹੋ ਜਿਹੇ ਇਮਾਨਦਾਰ ਅਫਸਰਾਂ ਨੂੰ 26 ਜਨਵਰੀ ਤੇ 15 ਅਗਸਤ ਨੂੰ ਸਨਮਾਨਿਤ ਕਰਨ ਦਾ ਹੌਂਸਲਾ ਵੀ ਕਰੇ।

# ਹਿੰਦੀ ਸਿਨੇਮਾ ਖਿੱਤੇ ਵਿਚ ਇਕ ਨਵੇਂ ਸੂਰਜ ਵਾਂਗ ਹੋਵੇਗਾ ਉਦੇ : ਸੈਣ ਮਹਾਜਣ

ਪੜਾਅ ਦਰ ਪੜਾਅ ਕੰਡਿਆਲੀਆਂ ਰਾਹਾਂ ਨਾਲ ਭਰੀ ਰਹਿਣ ਵਾਲੀ ਜਿੰਦਗੀ ਨਾਲ ਜੂਝਣਾਂ ਹਰ ਇਕ ਲਈ ਆਸ਼ਾਨ ਨਹੀਂ ਹੁੰਦਾ, ਪਰ ਕੁਝ ਜਨੂਨੀ ਸੋਚ ਵਾਲੇ ਇਨਸਾਨ ਕੰਡਿਆਂ ਨੂੰ ਵੀ ਇਕ ਦਿਨ ਫੁੱਲਾਂ ਦੀ ਸੇਜ਼ ਵਿਚ ਤਬਦੀਲ ਕਰ ਦਿੰਦੇ ਹਨ । ਕੁਝ ਇਸੇ ਤਰ੍ਹਾਂ ਦੀ ਸੋਚ ਅਤੇ ਇਰਾਦਿਆਂ ਦਾ ਬਾਖੂਬੀ ਇਜ਼ਹਾਰ ਕਰਵਾਇਆ ਹੈ ਦੁਨੀਆਂ ਭਰ ਵਿਚ ਆਪਣੀ ਵਿਲੱਖਣ ਅਤੇ ਮਾਣਮੱਤੀ ਸ਼ਖਸੀਅਤ ਦਾ ਰੁਤਬਾ ਬੁਲੰਦ ਕਰ ਲੈਣ ਵਾਲੇ ਪੰਜਾਬੀ ਗੱਬਰੂ ਸੈਣ ਮਹਾਜ਼ਣ ਨੇ। ਪੰਜਾਬ ਦੇ ਪ੍ਰਸਿੱਧ ਉਦਯੋਗਿਕ ਸ਼ਹਿਰ ਲੁਧਿਆਣਾ ਨਾਲ ਸਬੰਧਤ ਅਤੇ ਇਤਹਾਸਿਕ ਅਤੇ ਧਾਰਮਿਕ ਨਗਰੀ ਬਟਾਲਾ ਵਿਖੇ ਨਾਨਕਿਆਂ ਵਿਹੜ੍ਹੇ ਜਨਮੇ ਇਸ ਨੌਜਵਾਨ ਦੇ ਹੁਣ ਤੱਕ ਦੇ ਜੀਵਨ ਸਫ਼ਰ ਵੱਲ ਝਾਤ ਮਾਰੀ ਜਾਵੇ ਤਾਂ ਇਸ ਗੱਲ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਭੱਠੀ ਵਿਚ ਤੱਪ ਕੇ ਹੀ ਇਸ ਹੋਣਹਾਰ ਪੰਜਾਬੀ ਨੇ ਕੁੰਦਨ ਬਣਨ ਵਿਚ ਸਫ਼ਲਤਾ ਹਾਸਿਲ ਕੀਤੀ ਹੈ। ਚਾਵਾਂ ,ਉਮੰਗਾਂ ਨਾਲ ਭਰੇ ਬਚਪਣ ਦਾ ਪੈਂਡਾ ਸ਼ਰਾਰਤੀ ਅਤੇ ਅੱਖੜ੍ਹ ਰੂਪ ਵਿਚ ਮਾਨਣ ਵਾਲੇ ਬਹੁੜ੍ਹੇ ਇਸ ਨੌਜਵਾਨ ਲਈ ਸਾਲ 2001 ਦਾ ਸਮਾਂ ਕਹਿਰ ਬਣ ਸਾਹਮਣੇ ਆਇਆ, ਜਦ ਸੈਣ ਦੇ ਪਿਤਾ ਜੋ ਉਘੇ ਕਾਰੋਬਾਰੀ ਵਜੋਂ ਆਪਣਾ ਸ਼ੁਮਾਰ ਕਰਵਾਉਂਦੇ ਸਨ , ਇਕ ਰੋਡ ਐਕਸ਼ੀਡੈਂਟ ਵਿਚ ਚਲ ਵਸੇ। ਉਪਰੰਤ ਇੰਨ੍ਹਾ ਦੇ ਮਾਤਾ ਜੀ ਵੀ ਇਹ ਸਦਮਾ ਨਾਲ ਸਹਾਰਹੇ ਹੋਏ ਡੂੰਘੇ ਡਿਪਰੈਸ਼ਨ ਵਿਚ ਚਲੇ ਗਏ , ਜਿੰਨ੍ਹਾਂ ਤੋਂ ਇਲਾਵਾ ਸ਼ਰੀਰਕ, ਮਾਨਸਿਕ ਕਮਜੋਰੀਆਂ ਦਾ ਸਾਹਮਣਾ ਕਰ ਰਹ ਛੋਟੇ ਭਰਾਂ ਦੀ ਜਿੰਮੇਵਾਰੀ ਬਚਪਣ ਤੋਂ ਜਵਾਨੀ ਹੰਢਾਉਣ ਵਾਲੇ ਵਧੇ ਸੈਣ ਦੇ ਸਿਰ ਜਿੰਮੇਵਾਰੀਆਂ ਦਾ ਮਣਾਂ ਮੂਹੀ ਭਾਰ ਅਚਾਨਕ ਵਧਾ ਗਈ। ਅੱਲੜ੍ਹ ਓਮਰੇ ਯਾਰਾਂ, ਬੇਲੀਆਂ ਸੰਗ ਨਵੀਆਂ ਰੀਝਾਂ, ਉਮੰਗਾਂ ਹੰਢਾਉਣ ਵਾਲੇ ਵਧੇ ਸੈਣ ਲਈ ਤ੍ਰਾਸ਼ਦੀ ਭਰਪੂਰ ਬਣਿਆਂ ਇਹ ਪੜ੍ਹਾਅ ਇਕ ਵਾਰ ਤਾਂ ਉਸ ਦਾ ਮਨੋਬਲ ਪੂਰੀ ਤਰ੍ਹਾਂ ਤੋੜ੍ਹ ਗਿਆ, ਪਰ ਵੱਡੀ ਭੈਣ ਦੇ ਦਿੱਤੇ ਪਿਆਰ ਸਨੇਹ ਅਤੇ ਦਿਲਾਸ਼ੇ ਨੇ ਇਸ ਸਿਰੜ੍ਹੀ ਨੌਜਵਾਨ ਨੂੰ ਇੰਨ੍ਹਾਂ ਦੁੱਖਾਂ ਵਿਚ ਵੀ ਡੋਲਣ ਨਹੀਂ ਦਿੱਤਾ ਅਤੇ ਉਸ ਨੇ ਦ੍ਰਿੜ੍ਹ ਇਰਾਦੇ ਨਾਲ ਆਪਣਾ ਅਤੇ ਅਪਣੇ ਪਰਿਵਾਰ ਦਾ ਭਵਿੱਖ ਸੰਵਾਰਨ ਦਾ ਤਰੱਦਦ ਕਰ ਲਿਆ। ਜਵਾਨੀ ਦਹਿਲੀਜ਼ ਤੇ ਕਦਮ ਪਾਉਂਦਿਆਂ ਹੀ ਅਥਾਹ ਦੁੱਖਾਂ, ਤਕਲੀਫਾਂ ਵਿਚ ਘਿਰੇ ਸੈਣ ਲਈ ਸਾਲ 2005 ਦਾ ਸਮਾਂ ਉਸ ਸਮੇਂ ਟਰਨਿੰਗ ਪੁਆਇਟ ਸਾਬਿਤ ਹੋਇਆ, ਜਦ ਉਸ ਦੇ ਚਰਨ ਉਸ ਨੂੰ ਆਪ ਮੁਹਾਰੇ ਖਿੱਚ ਨਾਨਕਸਰ ਜਗਰਾਓ ਲੈ ਗਏ, ਜਿੱਥੋਂ



ਦੀ ਰੂਹਾਨੀਅਤ ਰੰਗੀ ਮੁਕੱਦਸ਼ ਧਰਤੀ ਨੇ ਉਸ ਦੇ ਜੋਸ਼ ਅਤੇ ਉਤਸ਼ਾਹ ਨੂੰ ਅਜਿਹਾ ਹੁੰਲਾਰਾਂ ਮਾਰਿਆਂ ਕਿ ਉਸ ਨੇ ਪਾਠ ਲੜ੍ਹੀ ਸੰਪੂਰਨ ਕਰਨ ਦਾ ਮਾਣ ਵੀ ਆਪਣੇ ਹਿੱਸੇ ਕਰ ਲਿਆ। ਇੰਗਲੈਂਡ ਵਿਆਹੀ ਵੱਡੀ ਭੈਣ ਦੇ ਅੱਗੇ ਵਧਣ ਦੇ ਦਿੱਤੇ ਉਤਸ਼ਾਹ ਅਤੇ ਆਪਣੇ ਅਤੇ ਪਰਿਵਾਰ ਲਈ ਕੁਝ ਕਰ ਗੁਜਰਣ ਦੀ ਸੋਚ ਸਦਕਾ ਸਾਲ 2006 ਵਿਚ ਸੈਣ ਲੰਦਨ ਜਾ ਪੁੱਜਾ, ਜਿੱਥੇ ਭੈਣ ਨੇ 20 ਪੌਂਡ ਉਸ ਦੀ ਤਲੀ ਤੇ ਰੱਖ ਆਪਣਾ ਮੁਕਾਮ ਤੈਅ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਹਰ ਸੰਭਵ ਮੱਦਦ ਦਾ ਭਰੋਸਾ ਵੀ ਦਿੱਤਾ।ਪਰ ਅਣਖੀ ਸੈਣ ਨੇ ਆਪਣੀ ਭੈਣ ਦੇ ਬੋਝ ਬਣਨਾਂ ਗਵਾਰਾ ਨਾਂ ਕਰਦਿਆਂ ਆਪਣੀ ਵਿਲੱਖਣ ਹੌਂਦ ਕਾਇਮ ਕਰਨ ਦਾਂ ਤਹੱਈਆਂ ਕੀਤਾ ਅਤੇ ਇਸ ਬੇਗਾਨੀ ਧਰਤੀ ਤੇ ਆਪਣੀ ਹੌਂਦ ਕਾਇਮ ਕਰਨ ਵੱਲ ਕਦਮ ਵਧਾ ਦਿੱਤੇ। ਸੈਣ ਅਨੁਸਾਰ ਸੋਖਾ ਨਹੀਂ ਸੀ ਉਸ ਪੜ੍ਹਾਅ ਤੇ ਆਪਣੇ ਦਮ ਤੇ ਕੁਝ ਕਰ ਗੁਜਰਣਾ, ਪਰ ਪੰਜਾਬ ਬੈਠੀ ਮਾਂ ਅਤੇ ਸਰੀਰਕ ਥੁੜ੍ਹਾ ਕਾਰਨ ਮੋਹਤਾਜ਼ ਭਰਾ ਦੀਆਂ ਆਰਜੋਈਆਂ ਮੇਰਾ ਅੰਦਰ



ਵਲੂਧਰ ਗਈਆਂ। ਮੱਦੇਨਜਰ ਕੀਤੀ ਦਿਨ ਰਾਤ ਭੱਜਦੋੜ ਕਾਰਨ ਕੁਝ ਹੀ ਦਿਨ੍ਹਾਂ ਬਾਅਦ ਇਕ ਅੱਛੀ ਨੌਕਰੀ ਕਰਨ ਦਾ ਸੁਭਾਗ ਹਾਸਿਲ ਹੋ ਹੀ ਗਿਆ, ਜਿਸ ਨੇ ਕੁਝ ਰਾਹਤ ਦੇ ਨਾਲ ਆਰਥਿਕ ਮਜਬੂਤੀ ਵੀ ਦਿੱਤੀ।

ਪੰਜਾਬੀ ਨੌਜਵਾਨਾਂ ਲਈ ਇਕ ਆਇਡਅਲ ਮੰਨੇ ਜਾਂਦੇ ਸਕਦੇ ਸੈਣ ਅਨੁਸਾਰ ਸੀਮਿਤ ਤਨਖਾਹ ਵਾਲੀ ਨੌਕਰੀ ਕਰਦਿਆਂ ਹੀ ਇਕ ਦਿਨ ਅਚਾਨਕ ਬ੍ਰਿਟਿਸ ਆਰਮੀ ਲਈ ਨਿਕਲੀਆਂ ਆਰਮੀਮੈਨ ਨੌਕਰੀਆਂ ਲਈ ਅਪਲਾਈ ਕਰ ਦਿੱਤਾ ਅਤੇ ਰੱਬ ਦੀ ਮੇਹਰ ਸਦਕਾ ਇੱਥੇਂ ਚੋਣ ਵੀ ਹੋ ਗਈ, ਜਿਸ ਦੌਰਾਨ ਸ਼ੁਰੂ ਹੋਏ ਇਸ ਨਿਵੇਕਲੇ ਅਤੇ ਮਾਣ ਭਰੇ ਪੜ੍ਹਾਅ ਨੇ ਜਿੰਦਗੀ ਨੂੰ ਫ਼ਖਰਭਰੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਪੰਜਾਬ ਤੋਂ ਚਲ ਕੇ ਲੰਦਨ ਦੀ ਬ੍ਰਿਟਿਸ਼ ਆਰਮੀ ਵਿਚ ਸ਼ਾਮਿਲ ਹੋਣ ਦਾ ਸੁਨਿਹਰਾਂ ਅਧਿਆਏ ਤੈਅ ਕਰ ਲੈਣ ਵਾਲੇ ਸੈਣ ਅਨੁਸਾਰ ਬਤੌਰ ਆਰਮੀ ਮੈਨ ਕੀਤੀ ਸਿਰੜ੍ਹੀ ਮਿਹਨਤ ਸਦਕਾ ਜਲਦ ਹੀ ਆਫ਼ਿਸਰ ਰੈਂਕ ਹਾਸਿਲ ਕਰ ਲਿਆ ਅਤੇ ਮਾਤਾ ਅਤੇਭਰਾ ਨੂੰ ਇੱਥੇ ਆਪਣੇ ਕੋਲ ਬੁਲਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ, ਜੋ ਡਾਢੀਆਂ ਔਖਆਈਆਂ ਬਾਅਦ ਅੰਤਤ ਉਸ ਸਮੇਂ ਸੁਖਦ ਅੰਜਾਮ ਤੱਕ ਪਹੁੰਚ ਹੀ ਗਈ, ਜਦ ਮੇਰੇ ਧੁਰ ਅੰਦਰ ਤੱਕ ਵਸਣ ਵਾਲੀ ਮਾਤਾ ਅਤੇ ਭਰਾ ਵੀ ਪੱਕੇ ਨਾਗਰਿਕ ਵਜੋਂ ਲੰਦਨ ਪਹੁੰਚ ਗਏ।

ਪਰਿਵਾਰ ਦੇ ਲੰਦਨ ਪੁੱਜ ਜਾਣ ਉਪਰੰਤ ਮਾਨਸਿਕ ਰੂਪ ਵਿਚ ਕੁਝ ਸੁਰਖਰੂ ਹੋਏ ਸੈਣ ਨੇ ਰੱਜਵੀਂ ਸੇਵਾ ਨਾਲ ਜਿੱਥੇ ਮਾਤਾ ਅਤੇ ਭਰਾ ਨੂੰ ਅਜਿਹਾ ਜੀਵਨ ਅਤੇ ਮੈਡੀਕਲ ਸਹੂਲਤਾਂ ਦਿੱਤੀਆਂ ਕਿ ਉਨ੍ਹਾਂ ਨੂੰ ਤੰਗੀਆਂ ਤੁਰਸ਼ੀਆਂ ਮਾਨਸਿਕ ਪਰੇਸ਼ਾਨੀਆਂ ਵਾਲੇ ਦਿਨ ਪੂਰੀ ਤਰ੍ਹਾਂ ਵਿੱਸਰ ਜਾਣ। ਪੰਜਾਬ 'ਚ ਉਡਾਰੂ ਹੁੰਦਿਆਂ ਹੀ ਮਾਤਾ , ਪਿਤਾ ਨੂੰ ਭੁੱਲ ਜਾਣ ਵਾਲੇ ਨੌਜਵਾਨਾਂ ਲਈ ਇਕ ਮਾਰਗ ਦਰਸ਼ਕ ਬਣ ਕੇ ਸਾਹਮਣੇ ਆਇਆ ਸੈਣ ਅੱਜ ਹਰ ਪੰਜਾਬੀ ਨੌਜਵਾਨ ਲਈ ਇਕ ਮਾਣਮੱਤੀ ਮਿਸਾਲ ਹੈ, ਜੋ ਬਤੌਰ ਐਕਟਰ ਵੀ ਜਲਦ ਹੀ ਸੁਨਿਹਰੀ ਸਕਰੀਨ ਤੇ ਇਕ ਨਵੇਂ ਅਤੇ ਮਾਣ ਭਰੇ ਸਫ਼ਰ ਦਾ ਆਗਾਜ਼ ਕਰਨ ਜਾ ਰਿਹਾ ਹੈ। ਹਿੰਦੀ ਸਿਨੇਮਾਂ ਦੇ ਪ੍ਰਸਿੱਧ ਨਿਰਦੇਸ਼ਕ ਸੁਨੀਲ ਦਰਸ਼ਨ ਵੱਲੋਂ ਨਿਰਦੇਸਿਤ ਕੀਤੀ ਗਈ ਚਰਚਿਤ ਅਤੇ ਜਲਦ ਰਿਲੀਜ਼ ਹੋਣ ਜਾ ਰਹੀ ਹਿੰਦੀ ਫ਼ਿਲਮ ਇਕ ਹਸ਼ੀਨਾ ਥੀ, ਇਕ ਦੀਵਾਨਾਂ ਥਾਂ ਵਿਚ ਨਿਗੇਟਿਵ ਕਿਰਦਾਰ ਅਦਾ ਕਰ ਰਿਹਾ ਸੈਣ ਅਨੁਸਾਰ ਉਸ ਦੀ ਸੋਚ ਉਸਦੀ ਅਸਲ ਧਰਤੀ ਪੰਜਾਬ ਵਸੇਂਦੇ ਅਤੇ ਤੜ੍ਹਕ ਭੜਕ ਦਾ ਹਿੱਸਾ ਬਣ ਆਪਣੀਆਂ ਜੜ੍ਹਾ ਵਿਸਾਰਦੇ ਜਾ ਰਹੇ ਨੌਜਵਾਨਾਂ ਨੂੰ ਉਸਾਰੂ ਸੇਧ ਦੇਣ ਦੀ ਵੀ ਹੈ, ਜਿਸ ਲਈ ਉਹ ਜੀ ਜਾਨ ਲਗਾ ਕੇ ਆਪਣਿਆਂ ਜਿੰਮੇਵਾਰੀਆਂ ਨੂੰ ਅੰਜਾਮ ਦੇਵੇਗਾ।

**ਪ੍ਰੀਤ-ਕਿਰਨ** (91-98722-75415)

# ਗੱਤਕਾ ਸਵੈ-ਰੱਖਿਆ ਦੀ ਖੇਡ ਹੋਣ ਦੇ ਨਾਲ-ਨਾਲ ਜੀਵਨ ਜਾਚ ਲਈ ਚੰਗੇ ਗੁਣ ਪੈਦਾ ਕਰਦੀ ਹੈ-ਸਾਧੂ ਸਿੰਘ ਧਰਮਸੋਤ

## ਵਿਰਸੇ ਨਾਲ ਜੋੜਨ ਲਈ ਗੱਤਕਾ ਖੇਡ ਦੀ ਵੱਡੀ ਅਹਿਮੀਅਤ-ਆਈ.ਜੀ. ਰਾਏ

**ਨਾਭਾ (ਬਿਊਰੋ)-** ਪੰਜਾਬ ਦੇ ਜੰਗਲਾਤ ਮੰਤਰੀ ਸ. ਸਾਧੂ ਸਿੰਘ ਧਰਮਸੋਤ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਰਾਜ ਵਿਚ ਖੇਡਾਂ ਦਾ ਪੱਧਰ ਉਚਾ ਚੁੱਕਣ ਲਈ ਹਰ ਸੰਭਵ ਯਤਨ ਕਰੇਗੀ ਅਤੇ ਪੰਜਾਬ ਦੀ ਵਿਰਾਸਤੀ ਖੇਡ ਗੱਤਕੇ ਨੂੰ ਵੀ ਪ੍ਰਫੁੱਲਤ ਕੀਤਾ ਜਾਵੇਗਾ। ਇਥੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਵਲੋਂ ਗੱਤਕਾ ਐਸੋਸੀਏਸ਼ਨ ਪੰਜਾਬ ਦੇ ਸਹਿਯੋਗ ਨਾਲ ਲਗਾਏ ਤਿੰਨ ਰੋਜਾ ਕੈਂਪ ਦੀ ਸਮਾਪਤੀ ਮੌਕੇ ਇਹ ਪ੍ਰਗਟਾਵਾ ਕਰਦਿਆਂ ਸ. ਧਰਮਸੋਤ ਨੇ ਕਿਹਾ ਕਿ ਗੱਤਕਾ ਪੁਰਾਤਨ ਵਿਰਸੇ ਦੀ ਮਾਣਮੱਤੀ ਜੰਗਜੂ ਕਲਾ ਹੈ ਅਤੇ ਇਹ ਸਵੈ-ਰੱਖਿਆ ਦੀ ਖੇਡ ਹੋਣ ਦੇ ਨਾਲ-ਨਾਲ ਬੱਚਿਆਂ ਅੰਦਰ ਜੀਵਨ ਜਾਚ ਲਈ ਚੰਗੇ ਗੁਣ ਵੀ ਪੈਦਾ ਕਰਦੀ ਹੈ।







ਉਨ੍ਹਾਂ ਇਸ ਖੇਡ ਦੀ ਮਹੱਤਤਾ ਅਤੇ ਪੁਰਾਤਨ ਵਿਰਾਸਤ 'ਤੇ ਝਾਤ ਪਾਉਂਦਿਆਂ ਕਿਹਾ ਕਿ ਪੰਜਾਬ ਦੀਆਂ ਵਿਰਾ-ਸਤੀ ਖੇਡਾਂ ਵਿਚ ਗੱਤਕੇ ਦਾ ਅਹਿਮ ਸਥਾਨ ਹੈ ਅਤੇ ਇਸ ਖੇਡ ਦੀ ਦੇਸ਼-ਵਿਦੇਸ਼ ਵਿਚ ਪ੍ਰਫੁੱਲਤਾ ਲਈ ਨੈਸ਼ਨਲ ਗੱਤਕਾ ਐਸੋਸੀਏਸ਼ਨ ਅਤੇ ਇੰਟਰਨੈਸ਼ਨਲ ਸਿੰਘ ਮਾਰਸ਼ਲ ਆਰਟ ਅਕੈਡਮੀ (ਇਸਮਾ) ਵਲੋਂ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ ਅਤੇ ਬੱਚਿਆਂ ਨੂੰ ਵਿਰਾਸਤ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਇਸ ਖੇਡ ਦੀ ਵੱਡੀ ਸਾਰਥਿਕਤਾ ਹੈ। ਆਪਣੇ ਸੰਬੋਧਨ ਵਿਚ ਆਈ.ਜੀ. ਪਟਿਆਲਾ ਜੋਨ ਸ. ਏ.ਐਸ. ਰਾਏ ਨੇ ਗੱਤਕੇ ਦੀ ਮੌਜੂਦਾ ਸੰਦਰਭ ਵਿਚ ਮਹੱਤਤਾ ਅਤੇ ਗੱਤਕੇ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਰੱਖੇ ਅਤੇ ਕਿਹਾ ਕਿ ਬੱਚਿਆਂ ਨੂੰ ਅਮੀਰ ਸੱਭਿਆਚਾਰ, ਵਿਰਸੇ ਤੇ ਕਦਰਾਂ-ਕੀਮਤਾਂ ਨਾਲ ਜੋੜਨ ਲਈ ਇਸ ਵਿਰਾਸਤੀ ਖੇਡ ਦੀ ਵੱਡੀ ਅਹਿਮੀਅਤ ਹੈ ਅਤੇ ਨਾਲ ਹੀ ਇਹ ਖੇਡ ਸਰੀਰ ਨੂੰ ਜਿਸਮਾਨੀ ਤੌਰ 'ਤੇ ਤਾਕਤ ਬਖਸ਼ਦੀ ਹੈ।

ਉਨ੍ਹਾਂ ਗੱਤਕੇ ਦੀ ਪ੍ਰਫੁੱਲਤਾ ਲਈ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਖੇਡ ਦੇਸ਼-ਵਿਦੇਸ਼ ਵਿਚ ਮਾਨਤਾਪ੍ਰਾਪਤ ਖੇਡ ਵਜੋਂ ਆਪਣਾ ਨਾਮ ਰੌਸ਼ਨ ਕਰੇਗੀ। ਸ. ਰਾਏ ਨੇ ਇਸਮਾ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਨੂੰ ਭਵਿੱਖ ਵਿਚ ਹਰ ਤਰਾਂ ਦੇ ਸਹਿਯੋਗ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਬੋਲਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੇ ਗੱਤਕਾ ਖੇਡ ਨੂੰ ਮਾਨਤਾ ਦਿਵਾਉਣ, ਗ੍ਰੇਡੇਸ਼ਨ ਹੋਣ, ਕੌਮੀ ਸੂਕਲ ਖੇਡਾਂ ਅਤੇ ਨੈਸ਼ਨਲ ਯੂਨੀਵਰਸਿਟੀ ਖੇਡਾਂ ਵਿਚ ਸ਼ਾਮਲ ਕਰਵਾਉਣ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਗੱਤਕੇ ਦੀ ਪ੍ਰਫੁੱਲਤਾ ਲਈ ਅਜਿਹੇ ਕੌਮੀ ਪੱਧਰ ਦੇ ਗੱਤਕਾ ਰਿਫਰੈਸ਼ਰ ਕੋਰਸ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਵੀ ਲਗਾਏ ਜਾਣਗੇ ਤਾਂ ਜੋ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਪ੍ਰਕਾਸ਼ਿਤ ਗੱਤਕੇ ਦੀ ਨਵੀਂ ਨਿਯਮਾਂਵਲੀ (ਰੂਲਜ਼ ਬੁੱਕ) ਵਿਚ ਹੋਈਆਂ ਤਬਦੀਲੀਆਂ ਬਾਰੇ ਰੈਫਰੀਆਂ ਤੇ ਖਿਡਾਰੀਆਂ ਨੂੰ ਜਾਣੂੰ ਕਰਵਾਇਆ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਐਸ.ਪੀ. ਨਾਭਾ ਚੰਦ ਸਿੰਘ, ਗੱਤਕਾ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ, ਹਰਿਆਣਾ ਗੱਤਕਾ ਐਸੋਸੀਏਸ਼ਨ ਦੇ ਸਕੱਤਰ ਸੁਖਚੈਨ ਸਿੰਘ ਕਲਸਾਣੀ, ਗੱਤਕਾ ਐਸੋਸੀਏਸ਼ਨ ਪੰਜਾਬ ਦੇ ਸੰਯੁਕਤ ਸਕੱਤਰ ਗੁਰਮੀਤ ਸਿੰਘ, ਇਸਮਾ ਦੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਜ਼ਿਲਾ ਫਿਰੋਜ਼ਪੁਰ ਦੇ ਕੋਆਰਡੀਨੇਟਰ ਤਲਵਿੰਦਰ ਸਿੰਘ, ਤਰਨਤਾਰਨ ਜ਼ਿਲੇ ਦੇ ਕੋਆਰਡੀਨੇਟਰ ਹਰਜਿੰਦਰ ਸਿੰਘ, ਮੋਹਾਲੀ ਜ਼ਿਲੇ ਦੇ ਕੋਆਰਡੀਨੇਟਰ ਯੋਗਰਾਜ ਸਿੰਘ, ਬਠਿੰਡਾ ਜ਼ਿਲ੍ਹੇ ਦੇ ਕੋਆਰਡੀਨੇਟਰ ਹਰਜੀਤ ਸਿੰਘ ਗਿੱਲ, ਬਰਨਾਲਾ ਜਿਲੇ ਦੇ ਕੋਆਰਡੀਨੇਟਰ ਚਤਰ ਸਿੰਘ, ਕਪੂਰਥਲਾ ਜਿਲੇ ਦੇ ਕੋਆਰਡੀਨੇਟਰ ਚੰਨਜੀਵ ਸਿੰਘ, ਗੁਰੁਦੁਆਰਾ ਸੰਗਤਸਰ ਹੀਰਾ ਮਹਿਲ ਨਾਭਾ ਦੇ ਪ੍ਰਧਾਨ ਕਾਹਨ ਸਿੰਘ, ਮਹਿਲਾ ਕਾਂਗਰਸ ਬਲਾਕ ਨਾਭਾ ਦੀ ਪ੍ਰਧਾਨ ਸ਼੍ਰੀਮਤੀ ਅਰੀਨਾ ਬਾਂਸਲ, ਕਾਂਗਰਸੀ ਆਗੂ ਹੇਮੰਤ ਬਾਂਸਲ, ਬਲਾਕ ਗੱਤਕਾ ਐਸੋਸੀਏਸ਼ਨ ਦੇ ਮੁੱਖੀ ਸੁਰਜੀਤ ਸਿੰਘ, ਹਰਜਿੰਦਰਪਾਲ ਸਿੰਘ ਆਦਿ ਵੀ ਹਾਜਰ ਸਿੰਘ।




## ਰਣਬੀਰ ਕੈਟ ਦਾ ਇੱਕ-ਦੂਜੇ ਨਾਲ ਨਹੀਂ ਗੁਜ਼ਾਰਾ



ਅਦਾਕਾਰ ਰਣਬੀਰ ਕਪੂਰ ਤੇ ਕੈਟਰੀਨਾ ਕੈਫ ਪਰਸਨਲ ਕੀ ਪ੍ਰੋਫੈਸ਼ਨਲ ਲਾਈਫ ਵਿੱਚ ਵੀ ਇੱਕ-ਦੂਜੇ ਨਾਲ ਗੁਜ਼ਾਰਾ ਨਹੀਂ ਕਰ ਸਕਦੇ। ਆਪਣੀ ਫਿਲਮ 'ਜੱਗਾ ਜਾਸੂਸ' ਦੀ ਪ੍ਰਮੋਸ਼ਨ ਦੌਰਾਨ ਇਹ ਗੱਲ ਸਾਹਮਣੇ ਆਈ। ਕੈਟਰੀਨਾ ਨੇ ਮੁੜ ਤੋਂ ਰਣਬੀਰ ਨਾਲ ਫਿਰ ਕਦੇ ਵੀ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ।ਕੈਟ ਨੇ ਕਿਹਾ, "ਸਾਰਿਆਂ ਨੂੰ ਪਤਾ ਹੈ ਕਿ ਰਣਬੀਰ ਨਾਲ ਕੰਮ ਕਰਨਾ ਕਿੰਨਾ ਔਖਾ ਹੈ। ਰਣਬੀਰ ਖੁਦ ਵੀ ਜਾਣਦਾ ਹੈ। ਇਸ ਲਈ ਮੈਨੂੰ ਨਹੀਂ ਲੱਗਦਾ ਕਿ ਮੈਂ ਮੁੜ ਤੋਂ ਕਦੇ ਵੀ ਉਸ ਨਾਲ ਦੁਬਾਰਾ ਕੰਮ ਕਰਾਂਗੀ।"'ਜੱਗਾ ਜਾਸੂਸ' ਪਿਛਲੇ ਚਾਰ ਸਾਲਾਂ ਤੋਂ ਬਣ ਰਹੀ ਹੈ। ਇਸ ਸਾਲ ਆਖਰਕਾਰ ਇਹ ਫਿਲਮ ਰਿਲੀਜ਼ ਹੋਣ ਜਾ ਰਹੀ ਹੈ। ਫਿਲਮ ਦਾ ਨਿਰਦੇਸ਼ਨ ਅਨੁਰਾਗ ਬਾਸੂ ਨੇ ਕੀਤਾ ਹੈ।

## 'ਲਿਪਸਟਿਕ ਅੰਡਰ ਮਾਈ ਬੁਰਕਾ' 21 ਜੁਲਾਈ ਨੂੰ ਰਿਲੀਜ਼



ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਆਖਰਕਾਰ 21 ਜੁਲਾਈ ਨੂੰ ਭਾਰਤ ਵਿੱਚ ਰਿਲੀਜ਼ ਹੋਣ ਜਾ ਰਹੀ ਹੈ। ਫਿਲਮ ਦੀ ਡਿਸਟ੍ਰੀ-ਬਿਊਟਰ ਏਕਤਾ ਕਪੂਰ ਨੇ ਫਿਲਮ ਦੇ ਨਵੇਂ ਬੋਲਡ ਪੋਸਟਰ ਨਾਲ ਰਿਲੀਜ਼ ਡੇਟ ਸਾਂਝੀ ਕੀਤੀ। ਫਿਲਮ ਦਾ ਨਿਰਮਾਣ ਪ੍ਰਕਾਸ਼ ਝਾਅ ਨੇ ਕੀਤਾ ਹੈ ਤੇ ਨਿਰਦੇਸ਼ਨ ਅਲਾਂਕ੍ਰਿਤਾ ਸ੍ਰੀਵਾਸਤਵ ਨੇ ਕੀਤਾ ਹੈ।ਫਿਲਮ ਪਿਛਲੇ ਛੇ ਮਹੀਨਿਆਂ ਤੋਂ ਸੈਂਸਰ ਬੋਰਡ ਨਾਲ ਲੜ ਰਹੀ ਸੀ। ਸੈਂਸਰ ਬੋਰਡ ਨੇ ਫਿਲਮ ਨੂੰ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਫਿਲਮ ਮਹਿਲਾਵਾਂ ਦੀਆਂ ਸਰੀਰਕ ਜ਼ਰੂਰਤਾਂ ਬਾਰੇ ਗੱਲ ਕਰਦੀ ਹੈ ਤੇ ਮਹਿਲਾ ਪ੍ਰਧਾਨ ਹੈ।ਕਈ ਫਿਲਮ ਫੈਸਟੀਵਲ ਤੇ ਕਈ ਐਵਾਰਡ ਜਿੱਤ ਚੁੱਕੀ ਇਹ ਫਿਲਮ ਸੈਂਸਰ ਤੋਂ ਜੰਗ ਜਿੱਤ ਗਈ ਹੈ। ਫਿਲਮ ਵਿੱਚ ਕੌਂਕਨਾ ਸੇਨ ਸ਼ਰਮਾ ਤੇ ਰਤਨਾ ਸ਼ਾਹ ਮੁੱਖ ਕਿਰਦਾਰ ਨਿਭਾਅ ਰਹੇ ਹਨ। ਫਿਲਮ ਚਾਰ ਔਰਤਾਂ ਦੀ ਕਹਾਣੀ ਹੈ ਜੋ ਆਜ਼ਾਦੀ ਲੱਭ ਰਹੀਆਂ ਹਨ।

## ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888



## ਫਿਲਮ ਇੰਡਸਟਰੀ ਵਿੱਚ ਪੱਖਪਾਤ: ਰਣਬੀਰ ਕਪੂਰ

ਅਦਾਕਾਰ ਰਣਬੀਰ ਕਪੂਰ ਉਹ ਪਹਿਲੇ ਸਟਾਰ ਕਿੱਡ ਹਨ, ਜਿਨ੍ਹਾਂ ਨੇ ਮੰਨਿਆ ਹੈ ਕਿ ਫਿਲਮ ਇੰਡਸਟਰੀ ਵਿੱਚ ਪੱਖਪਾਤ ਹੈ। ਹਾਲ ਹੀ ਵਿੱਚ ਇੱਕ ਫੇਸਬੁੱਕ ਚੈਟ ਦੌਰਾਨ ਰਣਬੀਰ ਨੇ ਇਸ ਨੂੰ ਕਬੂਲ ਕੀਤਾ ਹੈ। ਉਨ੍ਹਾਂ ਕਿਹਾ, "ਬਿਲਕੁਲ, ਪੱਖਪਾਤ ਹੁੰਦਾ ਹੈ। ਇਹ ਹਰ ਥਾਂ ਹੈ ਪਰ ਫਿਲਮ ਇੰਡਸਟਰੀ ਵਿੱਚ ਵੱਧ ਹੈ ਪਰ ਮੈਂ ਸਿਰਫ ਆਪਣੀ ਫੈਮਿਲੀ ਦੀ ਗੱਲ ਕਰਾਂਗਾ।" ਉਨ੍ਹਾਂ ਕਿਹਾ, "ਮੇਰੇ ਪੜਨਾਨਾ ਨੇ ਬਹੁਤ ਮਿਹਨਤ ਕੀਤੀ ਤਾਂ ਕਿ ਉਨ੍ਹਾਂ ਦੀ ਆਉਣ ਵਾਲੀ ਪੀੜ੍ਹੀ ਨੂੰ ਵਧੀਆ ਮੌਕਾ ਮਿਲ ਸਕੇ। ਮੈਂ ਵੀ ਇੰਨੀ ਮਿਹਨਤ ਕਰਾਂਗਾ ਕਿ ਮੇਰੇ ਬੱਚਿਆਂ ਨੂੰ ਫਿਲਮਾਂ ਵਿੱਚ ਪਹਿਲਾਂ ਮੌਕਾ ਮਿਲੇ। ਉਸ ਤੋਂ ਬਾਅਦ ਤੁਹਾਡੇ ਹੁਨਰ 'ਤੇ ਹੈ।"ਰਣਬੀਰ ਕਪੂਰ ਜਲਦ ਕੈਟਰੀਨਾ ਕੈਫ ਨਾਲ ਫਿਲਮ 'ਜੱਗਾ ਜਾਸੂਸ' ਵਿੱਚ ਨਜ਼ਰ ਆਏਗਾ। ਇਸ ਫਿਲਮ ਨੂੰ ਬਣਨ ਵਿੱਚ ਚਾਰ ਤੋਂ ਵੀ ਵੱਧ ਸਾਲ ਲੱਗ ਗਏ। ਫਿਲਮ ਦਾ ਨਿਰਦੇਸ਼ਨ ਅਨੁਰਾਗ ਬਾਸੂ ਨੇ ਕੀਤਾ ਹੈ।

## ਤੱਬੂ ਤੇ ਆਯੂਸ਼ਮਾਨ ਕਰਨਗੇ ਰੋਮੈਂਸ

ਲੰਮੇ ਸਮੇਂ ਬਾਅਦ ਬਾਲੀਵੁੱਡ ਦੇ ਪਰਦੇ 'ਤੇ ਇੱਕ ਐਕਸਪੈਰੀਮੈਂਟਲ ਜੋੜੀ ਨਜ਼ਰ ਆਏਗੀ। ਫਿਲਮ 'ਮੁੜ ਮੁੜ ਕੇ ਨਾ ਦੇਖ' ਲਈ ਆਯੁਸ਼ਮਾਨ ਖੁਰਾਨਾ ਤੇ ਤਬੂ ਜੋੜੀ ਬਣ-ਉਣਗੇ। ਫਿਲਮ ਵਿੱਚ ਦੋਵੇਂ ਰੋਮੈਂਸ ਕਰਨਗੇ ਜਿਸ ਦਾ ਨਿਰਦੇਸ਼ਨ ਸ੍ਰੀਰਾਮ ਰਾਘਵਨ ਕਰ ਰਹੇ ਹਨ।ਫਿਲਮ ਦੀ ਸ਼ੂਟਿੰਗ ਲੋਨਾਵਲਾ ਤੇ ਪੂਣਾ ਵਿੱਚ ਚੱਲ ਰਹੀ ਹੈ। ਪਹਿਲੀ ਵਾਰ ਹੈ ਕਿ ਇਹ ਦੋਵੇਂ ਕਲਾਕਾਰ ਇੱਕ-ਦੂਜੇ ਨਾਲ ਕੰਮ ਕਰਨ ਜਾ ਰਹੇ ਹਨ।ਤੱਬੂ ਆਖਰੀ ਵਾਰ ਫਿਲਮ 'ਫੀਤੂਰ' ਵਿੱਚ ਨਜ਼ਰ ਆਈ ਸੀ ਤੇ ਆਯੂਸ਼ਮਾਨ 'ਮੇਰੀ ਪਿਆਰੀ ਬਿੰਦੂ' ਵਿੱਚ। ਇਸ ਜੋੜੀ ਨੂੰ ਵੱਡੇ ਪਰਦੇ 'ਤੇ ਵੇਖਣਾ ਵਾਕਿਆ ਹੀ ਦਿਲਚਸਪ ਹੋਵੇਗਾ।




## ਸਿਧਾਰਥ ਮਲਹੋਤਰਾ ਤੇ ਸੋਨਾਕਸ਼ੀ ਸਿਨਹਾ ਦੀ ਇਤਫ਼ਾਕ ਦਾ ਪੋਸਟਰ ਰਿਲੀਜ਼



ਫ਼ਿਲਮੀ ਅਦਾਕਾਰ ਸਿਧਾਰਥ ਮਲਹੋਤਰਾ ਤੇ ਅਦਾਕਾਰਾ ਸੋਨਾਕਸ਼ੀ ਸਿਨਹਾ ਪਹਿਲੀ ਵਾਰ ਫ਼ਿਲਮੀ ਪਰਦੇ 'ਤੇ ਇਕੱਠੇ ਨਜ਼ਰ ਆਉਣਗੇ। ਉਨ੍ਹਾਂ ਦੀ ਆਉਣ ਵਾਲੀ ਫ਼ਿਲਮ 'ਇਤਫ਼ਾਕ' ਦਾ ਪੋਸਟਰ ਮੁੰਬਈ ਵਿਖੇ ਰਿਲੀਜ਼ ਕੀਤਾ ਗਿਆ। ਫ਼ਿਲਮ ਦਾ ਇੱਕ ਨਹੀਂ, ਦੋ ਨਹੀਂ ਬਲਕਿ ਚਾਰ ਪੋਸਟਰ ਰਿਲੀਜ਼ ਕੀਤੇ ਗਏ ਜਿਨ੍ਹਾਂ 'ਚ ਸਿਧਾਰਥ ਮਲਹੋਤਰਾ, ਸੋਨਾਕਸ਼ੀ ਸਿਨਹਾ ਅਤੇ ਅਕਸ਼ੈ ਖੰਨਾ ਦੀ ਲੁੱਕ ਨੂੰ ਦਿਖਾਇਆ ਗਿਆ ਗਿਆ ਹੈ ਪੋਸਟਰ ਨੂੰ ਦੇਖ ਕੇ ਤਾਂ ਇੰਝ ਲੱਗਦਾ ਹੈ ਕਿ ਫ਼ਿਲਮ ਸਸਪੈਂਸ ਥ੍ਰਿਲਰ ਹੋਵੇਗੀ। ਪਹਿਲੇ ਪੋਸਟਰ 'ਚ ਸਿਧਾਰਥ ਮਲਹੋਤਰਾ ਹੱਥਾਂ 'ਚ ਹੱਥਕੜੀ ਬੰਨੇ, ਮੂੰਹ ਲੁਕਾਉਂਦੇ ਨਜ਼ਰ ਆ ਰਹੇ ਹਨ, ਜਦਕਿ ਚੌਥੇ ਪੋਸਟਰ 'ਚ ਸਿਧਾਰਥ ਦਾ ਚਿਹਰਾ ਸਾਫ਼ ਦਿਖਾਈ ਦੇ ਰਿਹਾ ਹੈ। ਧਰਮਾ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦਾ ਪੋਸਟਰ ਸਿਧਾਰਥ ਮਲਹੋਤਰਾ ਤੇ ਸੋਨਾਕਸ਼ੀ ਸਿਨਹਾ ਤੋਂ ਇਲਾਵਾ ਸ਼ਾਹਰੁੱਖ਼ ਖ਼ਾਨ ਨੇ ਵੀ ਸ਼ੇਅਰ ਕੀਤਾ ਹੈ।

## ਡੈਡੀ ਨੂੰ ਮਿਲੀ ਪ੍ਰਤੀਕਿਰਿਆ ਤੋਂ ਖ਼ੁਸ਼ ਹਨ ਅਰਜੁਨ ਰਾਮਪਾਲ

ਫ਼ਿਲਮੀ ਅਦਾਕਾਰ ਅਰਜੁਨ ਰਾਮਪਾਲ ਦੀ ਆਉਣ ਵਾਲੀ ਫ਼ਿਲਮ 'ਡੈਡੀ' ਦੇ



ਟਰੇਲਰ ਨੂੰ ਚੰਗੀ ਪ੍ਰਤੀਕਿਰਿਆ ਮਿਲ ਰਹੀ ਹੈ ਰਾਸ਼ਟਰੀ ਫ਼ਿਲਮ ਪੁਰਸਕਾਰ ਜੇਤੂ ਅਰਜੁਨ ਰਾਮਪਾਲ ਦਾ ਕਹਿਣਾ ਹੈ ਕਿ ਬਤੌਰ ਐਕਟਰ, ਨਿਰਮਾਤਾ ਤੇ ਸਹਿ-ਲੇਖਕ ਦੇ ਰੂਪ 'ਚ ਉਹ ਇਸ ਫ਼ਿਲਮ ਨੂੰ ਲੈ ਕੇ ਰਚਨਾਤਮਕ ਰੂਪ 'ਚ ਸੰਤੁਸ਼ਟ ਹਨ। ਰਾਜੀਵ ਰਾਏ ਦੀ ਫ਼ਿਲਮ 'ਪਿਆਰ, ਇਸ਼ਕ ਔਰ ਮੁਹੱਬਤ' ਤੋਂ ਬਾਲੀਵੁੱਡ 'ਚ ਸ਼ੁਰੂਆਤ ਕਰਨ ਵਾਲੇ ਅਰਜੁਨ ਰਾਮਪਾਲ ਨੇ ਕਈ ਫ਼ਿਲਮਾਂ 'ਚ ਕੰਮ ਕੀਤਾ ਹੈ, ਪਰੰਤੂ ਵਾਸਤਵਿਕ ਜੀਵਨ 'ਤੇ ਅਧਾਰਿਤ ਉਹ ਪਹਿਲੀ ਫ਼ਿਲਮ ਕਰ ਰਹੇ ਹਨ ਜੋ ਕਿ ਗੈਂਗਸਟਰ ਅਰੁਣ ਗਵਲੀ ਦੀ ਜੀਵਨੀ 'ਤੇ ਅਧਾਰਿਤ ਹੈ। ਫ਼ਿਲਮ ਨੂੰ ਲੈ ਕੇ ਤਜਰਬਾ ਸਾਂਝਾ ਕਰਦਿਆਂ ਅਰਜੁਨ ਰਾਮਪਾਲ ਨੇ ਕਿਹਾ ਕਿ ਇੱਕ ਅਦਾਕਾਰ ਦੇ ਰੂਪ 'ਚ ਉਨ੍ਹਾਂ ਹਰ ਇੱਕ ਕਿਰਦਾਰ ਨੂੰ ਵਾਸਤਵਿਕ ਰੂਪ 'ਚ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ।

## ਫ਼ੋਟੋ ਸ਼ੂਟ 'ਚ ਦਿਸਿਆ ਦਿਸ਼ਾ ਪਟਾਨੀ ਦਾ ਬੋਲਡ ਅੰਦਾਜ਼

ਫ਼ਿਲਮ 'ਐਮ.ਐਸ.ਧੋਨੀ : ਦੀ ਅਨਟੋਲਡ ਸਟੋਰੀ' 'ਚ ਆਪਣੇ ਛੋਟੇ ਜਿਹੇ ਕਿਰਦਾਰ ਨਾਲ ਹੀ ਸੁਰਖ਼ੀਆਂ ਬਟੋਰ ਚੁੱਕੀ ਦਿਸ਼ਾ ਪਟਾਨੀ ਨੇ ਪਿਛਲੇ ਕੁੱਝ ਸਮੇਂ ਦੌਰਾਨ



ਇੰਸਟਾਗਰਾਮ 'ਤੇ 'ਤੇ ਫ਼ੋਟੋਆਂ ਸ਼ੇਅਰ ਕਰ ਸੁਰਖ਼ੀਆਂ ਬਟੋਰਦੀ ਰਹੀ ਹੈ। ਕਦੇ ਆਪਣੇ ਕਥਿਤ ਬੁਆਏ ਫਰੈਂਡ ਟਾਈਗਰ ਸ਼ਰਾਫ ਨਾਲ ਆਪਣੇ ਰਿਸ਼ਤੇ ਨੂੰ ਲੈ ਕੇ ਤੇ ਕਦੇ ਆਪਣੀਆਂ ਬੋਲਡ ਫ਼ੋਟੋਆਂ ਨਾਲ ਦਿਸ਼ਾ ਅਕਸਰ ਹੀ ਖ਼ਬਰਾਂ 'ਚ ਰਹਿੰਦੀ ਹੈ। ਜੈਕੀ ਚੈਨ ਨਾਲ ਫ਼ਿਲਮ 'ਕੁੰਗ ਫੂ ਯੋਗਾ' ਦਾ ਹਿੱਸਾ ਰਹਿ ਚੁੱਕੀ ਦਿਸ਼ਾ ਪਟਾਨੀ ਇੱਕ ਵਾਰ ਫਿਰ ਤੋਂ ਆਪਣੇ ਬੋਲਡ ਫ਼ੋਟੋ ਸ਼ੂਟ ਕਾਰਨ ਚਰਚਾ ;ਚ ਆ ਚੁੱਕੀ ਹੈ। ਦਰਅਸਲ ਦਿਸ਼ਾ ਪਟਾਨੀ ਨੇ ਇੱਕ ਮੈਗਜ਼ੀਨ ਲਈ ਫ਼ੋਟੋ ਸ਼ੂਟ ਕਰਵਾਇਆ ਹੈ ਜਿਸ ਵਿਚ ਉਹ ਬਹੁਤ ਹੀ ਹਾਟ ਲੱਗ ਰਹੀ ਹੈ। ਮੈਗਜ਼ੀਨ ਦੇ ਆਫੀਸ਼ਲ ਇੰਸਟਾਗਰਾਮ ਅਕਾਊਂਟ ਨੇ ਹੁਣ ਤੱਕ ਦਿਸ਼ਾ ਪਟਾਨੀ ਦੇ ਚਾਰ ਫ਼ੋਟੋ ਸ਼ੂਟ ਸ਼ੇਅਰ ਕੀਤੇ ਹਨ ਜਿਨ੍ਹਾਂ 'ਚ ਦਿਸ਼ਾ ਪਟਾਨੀ ਬਹੁਤ ਹੀ ਬੋਲਡ ਨਜ਼ਰ ਆ ਰਹੀ ਹੈ।

## ਸਰਗੋਸੀ ਨਾਲ ਜੁੜਵਾ ਬੱਚਿਆ ਦੇ ਮਾਤਾ-ਪਿਤਾ ਬਣੇ ਕ੍ਰਿਸ਼ਨਾ-ਕਸ਼ਮੀਰਾ



ਕਾਮੇਡੀਅਨ ਕ੍ਰਿਸ਼ਨਾ ਜਲਦ ਹੀ ਸੋਨੀ ਟੀ.ਵੀ 'ਤੇ ਨਵੇਂ ਕਾਮੇਡੀ ਸ਼ੋਅ 'ਡਰਾਮਾ ਕੰਪਨੀ' 'ਚ ਨਜ਼ਰ ਆਉਣ ਵਾਲੇ ਹਨ, ਪਰੰਤੂ ਇਸ ਤੋਂ ਪਹਿਲਾ ਕ੍ਰਿਸ਼ਨਾ ਦੀ ਜ਼ਿੰਦਗੀ 'ਚ ਇੱਕ ਹੋਰ ਖ਼ੁਸ਼ੀ ਆ ਚੁੱਕੀ ਹੈ। ਇੱਕ ਮੈਗਜ਼ੀਨ ਅਨੁਸਾਰ ਕ੍ਰਿਸ਼ਨਾ ਤੇ ਉਨ੍ਹਾਂ ਦੀ ਪਤਨੀ ਕਸ਼ਮੀਰਾ ਸ਼ਾਹ ਸਰਗੋਸੀ ਦੇ ਮਾਧਿਅਮ ਰਾਹੀ ਜੁੜਵਾ ਬੱਚਿਆ ਦੇ ਮਾਤਾ ਪਿਤਾ ਬਣੇ ਹਨ। 2013 'ਚ ਵਿਆਹ ਕਰਵਾਉਣ ਵਾਲੇ ਕ੍ਰਿਸ਼ਨਾ-ਕਸ਼ਮੀਰਾ ਤਕਰੀਬਨ ਮਹੀਨਾ ਕੁ ਪਹਿਲਾ ਹੀ ਜੁੜਵਾ ਬੱਚਿਆ ਦੇ ਮਾਤਾ ਪਿਤਾ ਬਣੇ ਹਨ। ਮੈਗਜ਼ੀਨ ਅਨੁਸਾਰ ਬੱਚਿਆ ਦਾ ਜਨਮ 6 ਹਫ਼ਤੇ ਪਹਿਲਾ ਹੋਇਆ ਹੈ ਤੇ ਉਹ ਅਜੇ ਵੀ ਹਸਪਤਾਲ ਦੇ ਐਨ,ਆਈ.ਸੀ.ਯੂ 'ਚ ਵਿਸ਼ੇਸ਼ ਦੇਖਭਾਲ 'ਚ ਹਨ। ਦੋਵਾਂ ਬੱਚਿਆ ਨੂੰ ਮਿਲਣ ਲਈ ਕ੍ਰਿਸ਼ਨਾ-ਕਸ਼ਮੀਰਾ ਅਕਸਰ ਜਾਂਦੇ ਹਨ ਜੋ ਕਿ ਉਨ੍ਹਾਂ ਨਾਲ ਕਾਫ਼ੀ ਸਮਾਂ ਬਿਤਾਉਂਦੇ ਹਨ।





## ਲੇਖਕ ਵੱਲੋਂ ਦੋ ਸ਼ਬਦ

### ਸ਼ਹੀਦੀ ਪੰਚਮ ਪਾਤਸ਼ਾਹ

ਸਾਧ ਸੰਗਤ ਜੀ ਜੂਨ ਦੇ ਮਹੀਨੇ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੀ ਅਜ਼ਮਤ ਬਚਾਉਣ ਲਈ ਲਾਹੌਰ ਸ਼ਹਿਰ ਵਿਚ ਤੱਤੀਆ ਤਵੀਆਂ ਉਤੇ ਬਹਿ ਕੇ ਸ਼ਹੀਦ ਹੋ ਗਏ ਮਗਰ ਗੁਰੂ ਨਾਨਕ ਦੀ ਬਾਣੀ ਦਾ ਇਕ ਅੱਖਰ ਵੀ ਤਬਦੀਲ ਨਾ ਕੀਤਾ।

## ਗ਼ਜ਼ਲ

ਕਰ ਗਏ ਰਾਜ ਦਿਲਾਂ ਤੇ ਜਿਹੜੇ
ਔਹ ਦੁਨੀਆਂ ਨੂੰ ਯਾਦ ਰਹਿਣਗੇ।

ਦਿਲ ਦੀ ਬਸਤੀ ਅੰਦਰ ਸਾਡੇ
ਦਿਲਬਰ ਨਿੱਤ ਆਬਾਦ ਰਹਿਣਗੇ।

ਖਿਦਮੱਤ ਕਰਨ ਖਲਕ ਦੀ ਜਿਹੜੇ
ਦਰਵੇਸ਼ਾਂ ਦਾ ਜੀਵਨ ਜਿਉਂਦੇ।

ਰੱਬ ਨੂੰ ਚੇਤੇ ਰੱਖਣ ਵਾਲੇ
ਚੇਤੇ ਆਦ ਜੁਗਾਦ ਰਹਿਣਗੇ।

ਮੁਰਦਾ ਦਿਲ ਨਿੱਤ ਮਰਦੇ ਏਥੇ
ਫਰਕ ਨਹੀਂ ਕੋਈ ਜੀਣ ਮਰਨ ਵਿਚ।

ਜ਼ਿੰਦਾ ਦਿਲ ਇਨਸਾਨ ਹਮੇਸ਼ਾ
ਜੱਗ ਤੇ ਜ਼ਿੰਦਾਬਾਦ ਰਹਿਣਗੇ।

ਵੈਰ ਦੀਆਂ ਬੇਲਾਂ ਨੂੰ ਮਿੱਠੇ
ਪਿਆਰ ਦੇ ਖਰਬੂਜ਼ੇ ਨਹੀਂ ਲੱਗਦੇ।

ਪਿਆਰ ਕਰਨ ਜੋ ਮਜਬੂਰਾਂ ਨੂੰ
ਜਿਉਂਦੇ ਮਰਨੋਂ ਬਾਅਦ ਰਹਿਣਗੇ।

ਦੁਨੀਆਂ ਇਕ ਮੁਸਾਫਰ ਖਾਨਾ
ਕੋਈ ਆਉਂਦਾ ਕੋਈ ਤੁਰ ਜਾਂਦਾ ਏ।

ਤੁਰ ਗਏ ਸ਼ਿਵ ਯਮਲਾ ਤੇ ਸਾਹਿਰ
ਨਾ ਏਥੇ 'ਆਜ਼ਾਦ' ਰਹਿਣਗੇ।

– ਆਜ਼ਾਦ ਜਲੰਧਰੀ

## ਬੈਂਤ

ਰੁੱਤ ਗਰਮੀਆਂ ਦੀ ਸੂਰਜ ਮੁਖੀ ਧਰਤੀ
ਸੂਰਜ ਅੰਬਰੋਂ ਅੱਗ ਬਰਸਾ ਰਿਹਾ ਸੀ

ਪਾ ਪਾ ਲੱਕੜਾਂ ਬੈਠਾ ਜੱਲਾਦ ਮੋਹਰੇ
ਬਲਦੀ ਅੱਗ ਨੂੰ ਹੋਰ ਭੜਕਾ ਰਿਹਾ ਸੀ

ਤੱਤੀ ਤਬੀ ਉਤੇ ਆਪ ਰੱਬ ਬੈਠਾ
ਸੱਚੇ ਰੱਬ ਦਾ ਸ਼ੁਕਰ ਮਨਾ ਰਿਹਾ ਸੀ

ਮਿੱਠਾ ਲਗਦਾ ਏ ਭਾਣਾ ਕਰਤਾਰ ਤੇਰਾ
ਪੰਚਮ ਪਾਤਸ਼ਾਹ ਮੁਖੋਂ ਫਰਮਾ ਰਿਹਾ ਸੀ

ਰੇਤ ਹਾਰ ਗਈ ਤੜਛੇ ਨਿਢਾਲ ਹੋ ਗਏ
ਸੱਚੇ ਪਾਤਸ਼ਾਹ ਸਿਦਕ ਨਾ ਹਾਰਿਆ ਏ

ਭਾਣਾ ਮੰਨ ਕੇ 'ਆਜ਼ਾਦ' ਪਰਮਾਤਮਾ ਦਾ
ਹੱਸ ਕੇ ਸੀਸ ਤੇ ਜ਼ੁਲਮ ਸਹਾਰਿਆ ਏ।

## ਗੀਤ

ਜ਼ਹਿਰ ਭਰੇ ਸ਼ਹਿਰ ਨੀ ਲਾਹੌਰ ਵਿਚ ਕਹਿਰ ਹੋਇਆ
ਦਿੱਤੀ ਹੱਦ ਜ਼ਾਲਮਾਂ ਮੁਕਾ

ਤਪਦੀਆਂ ਲੋਹਾਂ ਉਤੇ ਭਾਨੀ ਦਾ ਦੁਲਾਰਾ ਬੈਠਾ
ਰੱਬ ਨਾਲ ਸੁਰਤ ਮਿਲਾ। ਦਿੱਤੀ ਹੱਦ ....

ਜੇਠ ਦਾ ਮਹੀਨਾ ਸੀਨਾ ਧਰਤੀ ਦਾ ਲਾਲ ਹੋਇਆ
ਅੰਬਰਾਂ ਤੋਂ ਅੱਗ ਪਈ ਬਰਸੇ

ਦੁਨੀਆਂ ਦਾ ਵਾਲੀ ਬੈਠਾ ਅਗ ਦਿਆਂ ਭਾਂਬੜਾਂ 'ਤੇ
ਹੱਸ ਹੱਸ ਦੁਖੜੇ ਜਰੇ

ਭਰ ਭਰ ਕੜਛੇ ਜੱਲਾਦ ਤੱਤੀ ਰੇਤ ਦੇ ਨੀ
ਸੀਸ ਵਿਚ ਰਹੇ ਔਹਦੇ ਪਾ। ਦਿੱਤੀ ਹੱਦ ....

ਜ਼ਖਮਾਂ ਦੇ ਨਾਲ ਛਿੱਲ ਹੋ ਗਿਆ ਸਰੀਰ ਸਾਰਾ
ਪੈਰਾਂ ਭਾਰ ਹੁੰਦਾ ਨਹੀਂ ਖਲੋ

ਕੇਰਦੇ ਨੇ ਅੱਥਰੂ ਪਏ ਧਰਤੀ ਆਕਾਸ਼ ਦੋਵੇਂ
ਚਰਨ ਗੁਰਾਂ ਦੇ ਰਹੇ ਧੋ

ਰੱਬ ਨੂੰ ਭੁਲਾ ਕੇ ਭੈੜੇ ਰੱਬ ਦਿਆਂ ਬੰਦਿਆਂ ਨੇ
ਕਿੱਡੀ ਦਿੱਤੀ ਰੱਬ ਨੂੰ ਸਜ਼ਾ। ਦਿੱਤੀ ਹੱਦ ....

ਫੁੱਟ ਫੁੱਟ ਰੋਵੇ ਨੂੰਹ ਚੰਦੂ ਦੀ ਬਿਲਪ ਕਰੇ
ਦਿਲ ਗਿਆ ਚੰਦਰਰੀ ਦਾ ਡੋਲ

ਮੱਛੀ ਵਾਂਗੂ ਤੜਪੇ ਕਲੇਜ ਵਿਚ ਛੱਲ ਪੈਂਦੇ
ਲੈ ਜਾਓ ਮੈਨੂੰ ਗੁਰੂ ਜੀ ਦੇ ਕੋਲ

ਸਾੜਦੇ ਸਰੀਰ ਮੇਰੇ ਮਾਹੀ ਦਾ ਅੰਗਾਰ ਜਿਹੜੇ
ਹੰਝੂਆਂ ਨਾਂ ਦੇਵਾਂ ਮੈਂ ਬੁਝਾ। ਦਿੱਤੀ ਹੱਦ ....

ਆਣਕੇ ਅਖੀਰ ਗੁਰਾਂ ਰਾਵੀ ਕੰਢੇ ਚੁਭੀ ਲਾਈ
ਪਿੰਡ ਵਾਂਗ ਅੱਗ ਦੇ ਜਲੇ

ਪੌਣ ਜਲ ਅਗਨੀ ਆਕਾਸ਼ ਮਿੱਟੀ ਪੰਜੇ ਤੱਤ
ਜਾ ਕੇ ਵਿਚ ਤਤਾਂ ਦੇ ਰਲੇ।

ਹੋ ਗਏ 'ਆਜ਼ਾਦ' ਪੰਜ ਭੌਤਕੀ ਸਰੀਰ ਵਿਚੋਂ
ਬੈਠੇ ਸੱਚਖੰਡ ਵਿਚ ਜਾ। ਦਿੱਤੀ ਹੱਦ ...

– ਆਜ਼ਾਦ ਜਾਲੰਧਰੀ

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

# 'ਜ਼ੰਜੀਰਾਂ ਟੁੱਟਣ ਲੱਗੀਆਂ' ਕਾਵਿ ਸੰਗ੍ਰਹਿ ਤੇ ਆਧਾਰਿਤ

ਭਾਰਤ ਵਿਚ ਵਿਦੇਸ਼ੀ ਆਰੀਅਨ ਦੀ ਆਮਦ ਉਪਰੰਤ ਉਹਨਾਂ ਵੱਲੋਂ ਸਿਰਜੀ ਗਈ ਸਮਾਜਿਕ ਬਣਤਰ ਅਧੀਨ ਇੱਥੋਂ ਦੇ ਮੂਲ ਨਿਵਾਸੀ ਸਦੀਆਂ ਤੋਂ ਵਰਣ-ਵਿਵਸਥਾ ਅਤੇ ਜਾਤ-ਪਾਤੀ ਪ੍ਰਬੰਧ ਦੀ ਅਕਹਿ ਤੇ ਅਸਹਿ ਪੀੜਾ ਭੋਗ ਰਹੇ ਹਨ। ਤਥਾਗਤ ਬੁੱਧ ਤੋਂ ਲੈ ਕੇ ਮੱਧਕਾਲੀਨ ਸੰਤ-ਸਤਗਿਰੂਆਂ ਨਾਮਦੇਵ, ਕਬੀਰ, ਰਵਿਦਾਸ, ਨਾਨਕ ਸਮੇਤ ਸਮੇਂ-ਸਮੇਂ 'ਤੇ ਮਹਾਨ ਮੂਲ ਨਿਵਾਸੀ ਅਤੇ ਸਮਾਨਤਾ ਦੇ ਪੱਥ ਪ੍ਰਦਰਸ਼ਕ ਯੋਧਿਆਂ ਨੇ ਇਸ ਜਾਤੀ ਪ੍ਰਬੰਧ ਅਤੇ ਅਮਾਨਵੀ ਵਰਤਾਰੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।20ਵੀਂ ਸਦੀ ਦੇ ਮਹਾਨ ਚਿੰਤਕ ਅਤੇ ਨੀਤੀਵੇਤਾ ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਸ ਮਨੂੰਵਾਦੀ ਸਿਸਟਮ ਨੂੰ ਤਹਿਸ-ਨਹਿਸ ਕਰਨ ਲਈ ਅਣਥੱਕ ਸੰਘਰਸ਼ ਕਰਦਿਆਂ ਭਾਰਤੀ ਲੋਕਤੰਤਰ ਲਈ ਸੁਤੰਤਰਤਾ, ਸਮਾਨਤਾ ਅਤੇ ਆਪਸੀ ਭਾਈਚਾਰੇ ਤੇ ਆਧਾਰਿਤ ਸੰਵਿਧਾਨ ਸਿਰਜ ਕੇ ਆਪਣਾ ਬੇਮਿਸਾਲ ਯੋਗਦਾਨ ਪਾਇਆ।

ਸਾਹਿਤ ਅਤੇ ਸਮਾਜ ਦਾ ਸਬੰਧ ਬੜਾ ਗਹਿਰਾ ਹੈ। ਮਾਨਵਵਾਦੀ ਸੋਚ ਰੱਖਣ ਵਾਲੇ ਸਾਹਿਤਕਾਰਾਂ ਨੇ ਸਮਕਾਲੀਨ ਮਾਨਵ-ਵਿਰੋਧੀ ਵਿਵਸਥਾ ਨੂੰ ਪਰਿਵਰਤਿਤ ਕਰਨ ਵਿਚ ਆਪਣਾ ਅਹਿਮ ਯੋਗਦਾਨ ਪਾਇਆ ਹੈ। ਮੂਲ ਨਿਵਾਸੀ ਸਾਹਿਤਕ-ਾਰਾਂ ਨੇ ਵੀ ਭਾਰਤ ਵਿਚ ਵਿਦੇਸ਼ੀ ਆਰੀਅਨ ਧਾੜਵੀਆਂ ਵੱਲੋਂ ਹਾਸ਼ੀਏ 'ਤੇ ਸੁੱਟੇ ਗਏ ਜਨ-ਸਧਾਰਨ ਵਿਚ ਜਨ-ਚੇਤਨਾ ਪੈਦਾ ਕਰਨ ਲਈ ਸਾਹਿਤ ਨੂੰ ਇਕ ਮਾਧਿਅਮ ਵਜੋਂ ਵਰਤਿਆ। ਅਜਿਹ ਹੀ 27 ਕ੍ਰਾਂਤੀਕਾਰੀ ਕਵੀਆਂ ਦੀਆਂ ਕਾਵਿ-ਰਚਨਾਵਾਂ ਨੂੰ ਡਾ. ਅੰਬੇਡਕਰ ਮੈਮੋਰੀਅਲ ਐਸੋਸੀਏਸ਼ਨ, ਵੈਨਕੂਵਰ (ਕੈਨੇਡਾ) ਨੇ 'ਜ਼ੰਜੀਰਾਂ ਟੁੱਟਣ ਲੱਗੀਆਂ' ਕਾਵਿ ਸੰਗ੍ਰਹਿ ਡਾ. ਅੰਬੇਡਕਰ ਜਨਮ ਦਿਵਸ 'ਤੇ 14 ਅਪ੍ਰੈਲ 1985 ਨੂੰ ਪ੍ਰਕਾਸ਼ਿਤ ਕਰਕੇ ਇਕ ਇਤਿਹਾਸਕ ਕਾਰਜ ਕੀਤਾ। ਇਨ੍ਹਾਂ 27 ਮੂਨ ਨਿਵਾਸੀ ਪੰਜਾਬੀ ਕਵੀਆਂ ਦੇ ਚੋਣਵੇ ਕਾਵਿ ਨੂੰ 'ਦੇਸ਼ ਦੁਆਬਾ' ਦੇ ਕਾਲਮਾਂ ਵਿਚ ਹਰ ਹਫਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। **ਪੇਸ਼ਕਸ਼- ਡਾ. ਜੀ. ਸੀ. ਕੌਲ**




# ਇਸ ਹਫਤੇ ਦਾ ਕਵੀ



ਜਗਦੀਸ਼ ਕੱਲਰ ਇਕ ਇਨਕਲਾਬੀ ਸ਼ਾਇਰ ਹੈ। ਉਸ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਮਾਨਵ-ਹਿਤੈਸ਼ੀ, ਤਰਕਸ਼ੀਲ ਤੇ ਵਿਗਿਆਨਕ ਵਿਚਾਰਧਾਰਾ ਨੂੰ ਭਾਵ-ਪੂਰਤ, ਵਿਲੱਖਣ ਅਤੇ ਮਨੁੱਖੀ ਮਨ ਤੇ ਸਿੱਧਾ, ਸਪਾਟ ਅਸਰ ਕਰਨ ਵਾਲੀ ਆਕਰਸ਼ਕ ਸ਼ੈਲੀ ਰਾਹੀਂ ਆਪਣੇ ਗੀਤਾਂ ਰਾਹੀਂ ਸ਼ਾਬਦਿਕ ਜਾਮਾ ਪਹਿਨਾਇਆ ਹੈ। ਪਿਛਲੇ ਲੱਗਭੱਗ 40 ਸਾਲਾਂ ਤੋਂ ਨਿਰੰਤਰ ਆਪਣੀ ਸ਼ਾਇਰੀ ਅਤੇ ਸਟੇਜੀ ਪ੍ਰਸਤੁਤੀ ਦੁਆਰਾ ਉਸ ਨੇ ਸਰੋਤਿਆਂ ਅਤੇ ਪਾਠਕਾਂ ਦੇ ਮਨਾਂ ਤੇ ਸਦੀਵੀ, ਗਹਿਰੀ ਅਤੇ ਅਮਿੱਟ ਛਾਪ ਛੱਡੀ ਹੈ। ਜਗਦੀਸ਼ ਕੱਲਰ ਨੇ ਸਤਿਗੁਰੂ ਰਵਿਦਾਸ ਅਤੇ ਉਹਨਾਂ ਦੇ ਸਮਕਾਲੀ ਮੂਲ ਨਿਵਾਸੀ ਰਹਿਬਰਾਂ ਤੋਂ ਇਲਾਵਾ ਮਹਾਨ ਮੂਲ ਨਿ-ਵਾਸੀ ਯੋਧਿਆਂ ਦੇ ਸੰਘਰਸ਼ ਤੇ ਕੁਰਬਾਨੀਆਂ ਦੇ ਇਤਿਹਾਸ ਨੂੰ ਖੋਜ-ਦ੍ਰਿਸ਼ਟੀ ਰਾਹੀਂ ਆਪਣੇ ਗੀਤਾਂ ਵਿਚ ਪੇਸ਼ ਕੀਤਾ ਹੈ। ਆਦਿਵਾਸੀਆਂ ਵਿਚ ਪ੍ਰਚੱਲਿਤ ਆਰੀਅਨ ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ, ਬਾਹਰਮੁਖੀ ਆਡੰਬਰਾਂ, ਰੀਤ ਰਸਮਾਂ ਅਤੇ ਤਿਉਹਾਰਾਂ ਦਾ ਉਸ ਨੇ ਜ਼ੋਰਦਾਰ ਖੰਡਨ ਕੀਤਾ ਹੈ।

ਜਗਦੀਸ਼ ਕੱਲਰ ਦਾ ਜਨਮ 1952 ਵਿਚ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੰਨਣ, ਡਾਕਖਾਨਾ ਬਹਾਦਰਪੁਰ ਬਾਹੀਆਂ ਵਿਖੇ ਹੋਇਆ ਅਤੇ ਸਰਕਾਰੀ ਸੇਵਾ ਤੋਂ ਮੁਕਤ ਹੋ ਕੇ ਉਹ ਆਪਣੇ ਪਿੰਡ ਵਿਚ ਹੀ ਰਹਿ ਰਹੇ ਹਨ। ਉਸਦੀਆਂ ਕੁਝ ਕਾਵਿ ਰਚਨਾਵਾਂ ਪੇਸ਼ ਹਨ:

**ਪੇਸ਼ਕਸ਼- ਡਾ. ਜੀ. ਸੀ. ਕੌਲ**

## ਭੀਮ ਤੇ ਭਾਰਤੀ ਨਾਰੀ

ਸੰਗਲ ਗਲੋਂ ਗੁਲਾਮੀ ਵਾਲਾ ਕਿਸੇ ਕਦੇ ਵੀ ਲਾਹਿਆ ਨਾ।
ਪੈਰਾਂ ਦੇ ਵਿਚ ਰਹੇ ਰੋਲਦੇ ਕਦੋਂ ਕਿਸੇ ਵਡਿਆਇਆ ਨਾ।
ਮਰਦ ਸਮਝਿਆ ਮਨਪਰਚਾਵਾ ਨਾਰੀ ਕਰਮਾਂ ਮਾਰੀ ਨੂੰ।
ਸਿਰ ਦਾ ਤਾਜ ਬਣਾਕੇ ਦੱਸਿਆ ਭੀਮ ਭਾਰਤੀ ਨਾਰੀ ਨੂੰ।

ਕਿਸੇ ਕਿਹਾ ਇਹ ਪੈਰ ਦੀ ਜੁੱਤੀ ਇਕ ਲਾਹੀਏ ਇਕ ਪਾ ਲਈਏ।
ਬਿਨਾਂ ਕਸੂਰੋਂ ਬੇਸ਼ੱਕ ਭਾਵੇਂ ਕੁੱਟ ਫਾਂਟ ਦਬਕਾ ਲਈਏ।
ਪੀਰ ਪੈਗੰਬਰ ਵਲੀ ਔਲੀਆਂ ਪੁੱਛਿਆ ਨਹੀਂ ਬਿਚਾਰੀ ਨੂੰ।
ਸਿਰ ਦਾ ਤਾਜ ਬਣਾ ਕੇ ਦੱਸਿਆ ਭੀਮ ਭਾਰਤੀ ਨਾਰੀ ਨੂੰ।

ਕੀਤੀ ਬੰਦ ਜ਼ੁਬਾਨ ਏਸ ਦੀ ਧਰਤੀ ਦੇ ਭਗਵਾਨਾਂ ਨੇ।
ਰੱਖੀ ਵਿਚ ਹਨੇਰੇ ਤੁਲਸੀ ਮਨੂੰ ਜਹੇ ਬੇਈਮਾਨਾਂ ਨੇ।
ਸੀ ਮੋਰੀ ਦੀ ਇੱਟ ਲਗਾਕੇ ਦੱਸੀ ਭੀਮ ਅਟਾਰੀ ਨੂੰ।
ਸਿਰ ਦਾ ਤਾਜ ਬਣਾ ਕੇ ਦੱਸਿਆ ਭੀਮ ਭਾਰਤੀ ਨਾਰੀ ਨੂੰ।

ਪੀਰ ਪੈਗੰਬਰ ਰਿਸ਼ੀਆਂ ਮੁਨੀਆਂ ਗਿਆਨਵਾਨ ਵਿਦਵਾਨਾਂ ਨੇ।
ਕਦਰ ਏਸਦੀ ਕਦੋਂ ਕਰੀ ਸੀ ਜੱਗ 'ਤੇ ਸ਼ਾਹ ਜਹਾਨਾਂ ਨੇ।
ਭੀਮ ਆਵਾਜ਼ ਬੁਲੰਦ ਲਗਾ ਕੇ ਫੇਰ ਜਿਤਾਇਆ ਹਾਰੀ ਨੂੰ।
ਸਿਰ ਦਾ ਤਾਜ ਬਣਾ ਕੇ ਦੱਸਿਆ ਭੀਮ ਭਾਰਤੀ ਨਾਰੀ ਨੂੰ।

ਸੀ ਯੁੱਗਾਂ ਤੋਂ ਅਬਲਾ ਨਾਰੀ ਮਿਲ ਗਏ ਹੱਕ ਬਰਾਬਰ ਦੇ।
ਬੰਦ ਚਿਰਾਂ ਤੋਂ ਖੋਹਲ ਗਿਆ 'ਕੱਲਰ' ਦਰਵਾਜੇ ਆਦਰ ਦੇ।
ਮੁਕਤ ਕਰ ਗਿਆ ਮੁਕਤੀ ਦਾਤਾ ਮਾਂ ਧੀ ਭੈਣ ਪਿਆਰੀ ਨੂੰ।
ਸਿਰ ਦਾ ਤਾਜ ਬਣਾ ਕੇ ਦੱਸਿਆ ਭੀਮ ਭਾਰਤੀ ਨਾਰੀ ਨੂੰ।

**– ਜਗਦੀਸ਼ ਕੱਲਰ**

## ਬੇਸ਼ਰਮ ਲੋਕ

ਸੱਚ ਕਹਾਂ ਤਾਂ ਭਾਂਬੜ ਮੱਚੇ, ਕੂੜ ਕਹਾਂ ਤਾਂ ਸਭ ਨੂੰ ਜੱਚੇ।
ਸੱਚ ਹਮੇਸ਼ਾ ਸੱਚ ਹੀ ਹੋਂਦੇ, ਕੱਚ ਹਮੇਸ਼ਾ ਕੱਚ ਹੀ ਹੋਂਦੇ।
ਸੱਚ ਕਿਹਾ ਹੈ ਸੱਚ ਕਹਾਂਗਾ, ਸਦਾ ਕੂੜ ਤੋਂ ਦੂਰ ਰਹਾਂਗਾ।
ਹੈ ਜਿਸ ਦਿਨ ਤੋਂ ਸੁਰਤ ਸੰਭਾਲੀ, ਵੇਖ ਰਿਹਾ ਤੇ ਰਿਹਾ ਘੋਖ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਨਾ ਕੋਈ ਸਾਡਾ ਧਰਮ ਈਮਾਨ, ਪੀਰ ਗੁਰੂ ਕੋਈ ਨਾ ਭਗਵਾਨ।
ਵੇਦ ਪੁਰਾਨ ਗ੍ਰੰਥ ਨਾ ਕੋਈ, ਮਜਹਬ ਫਿਰਕਾ ਪੰਥ ਨਾ ਕੋਈ।
ਵੱਖਰੇ-ਵੱਖਰੇ ਸਾਡੇ ਰਾਹ, ਲਈ ਸ਼ਰਮ ਦੀ ਲੋਈ ਲਾਹ।
ਰਾਹ ਦੁਨੀਆਂ ਦੇ ਸਭ ਧਰਮਾਂ ਦੇ, ਖੜ੍ਹੇ ਚਿਰਾਂ ਤੋਂ ਅਸੀਂ ਰੋਕ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਬੁੱਧ ਅਸਾਂ ਨੂੰ ਰਾਸ ਨਾ ਆਵੇ, ਕਿਉਂਕਿ ਉਹ ਇਨਸਾਨ ਬਣਾਵੇ।
ਰਵੀਦਾਸ 'ਚੋਂ ਬੋਅ ਹੈ ਆਉਂਦੀ, ਆਦਿਵਾਸੀਆਂ ਨੂੰ ਨਹੀਂ ਭਾਉਂਦੀ।
ਭੀਮ ਵੱਲੋਂ ਸਾਨੂੰ ਭੈਅ ਆਉਂਦਾ, ਇਨਕਲਾਬ ਦਾ ਰਾਹ ਦਰਸਾਉਂਦਾ।
ਆਪਣੇ ਛੱਡ ਕੇ ਗੈਰਾਂ ਤਾਈਂ, ਚਿੰਬੜੇ ਬਣਕੇ ਅਸੀਂ ਜੋਕ ਹਾਂ
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਦੀਵਾਲੀ ਹਰ ਸਾਲ ਮਨਾਈਏ, ਚੌਮੁੱਖ ਦੀਪਕ ਬਾਲ ਟਿਕਾਈਏ।
ਕਰੀਏ ਗੱਲ ਸ਼ੈਤਾਨਾਂ ਵਾਲੀ, ਮੂਰਖ ਤੇ ਨਾਦਾਨਾਂ ਵਾਲੀ।
ਹਾਂ ਬਲਦੀ ਤੇ ਤੇਲ ਚੁਆਉਂਦੇ, ਆਪਣੇ ਘਰ ਨੂੰ ਲਾਂਬੂ ਲਾਉਂਦੇ।
ਹਿੱਕ ਸ਼ੰਭੂਕ ਰਿਸ਼ੀ ਦੀ ਦੇ ਵਿਚ, ਰਹੇ ਅਸੀਂਤਾਂ ਕਿੱਲ ਠੋਕ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਸੀ ਯੁਗਾਂ ਤੋਂ ਅਬਲਾ ਨਾਰੀ, ਕਰਮਾਂ ਨੂੰ ਰੋਂਦੀ ਬੇਚਾਰੀ।
ਭੀਮ ਏਸਦਾ ਮਾਣ ਵਧਾਇਆ, ਨਾਰੀ ਨੂੰ ਸਿਰਤਾਜ ਬਣਾਇਆ।
ਅਸੀਂ ਏਸਦੀ ਕਦਰ ਕੀ ਕੀਤੀ, ਡੀਕਾਂ ਲਾ ਇਸਦੀ ਰੱਤ ਪੀਤੀ।
ਇਸਦੀ ਇੱਜ਼ਤ ਦਾ ਸੌਦਾ ਤਾਂ, ਅਸੀਂ ਕਰੇਂਦੇ ਵਿਚ ਥੋਕ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਇੱਜ਼ਤਦਾਰ ਕਹਾਈਏ ਡਾਹਢੇ, ਲਾਹਣਤ ਲੱਖ, ਸੁਆਹ ਸਿਰ ਸਾਡੇ।
ਮਾਂ ਧੀ ਭੈਣ ਅਸਾਡੀ ਨਾਰੀ, ਅਸੀਂ ਬਣਾਤੀ ਵਸਤ ਬਜ਼ਾਰੀ।
ਇਸਦੀ ਇੱਜ਼ਤ ਆਪ ਲੁਟਾਈਏ, ਹੱਥੀਂ ਬੁੱਚੜਾਂ ਹੱਥ ਫੜਾਈਏ।
ਅੱਖਾਂ ਬੰਦ ਜ਼ੁਬਾਂ ਤੇ ਤਾਲਾ, ਲਾ ਕੇ ਬੈਠੇ ਅਸੀਂ ਝੋਕ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਡੱਡੂਆਂ ਦੀ ਪੰਸੇਰੀ ਆਪਾਂ, ਤੇ ਕੱਖਾਂ ਦੀ ਢੇਰੀ ਆਪਾਂ।
ਅਸੀਂ ਇਕੱਠੇ ਹੋ ਨਹੀਂ ਸਕਦੇ, ਕੱਢ ਦਿਲਾਂ 'ਚੋਂ ਬੋਅ ਨਹੀਂ ਸਕਦੇ।
ਇਕ ਦੂਜੇ ਤੋਂ ਨਫਰਤ ਕਰੀਏ, ਵੰਡੀਆ ਪਾ ਕੇ ਆਪੇ ਲੜੀਏ।
ਭੁੱਲ ਗਏ ਹਾਂ ਪਿੱਛਾ ਆਪਣਾ, ਆਪਣਿਆਂ ਨੂੰ ਰਹੇ ਟੋਕ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਆਪਣੇ ਪਿਉ ਨੂੰ ਪਿਉ ਨਾ ਕਹੀਏ, ਅਸੀਂ ਹਰਾਮੀ ਬਣ-ਬਣ ਬਹੀਏ।
ਸੂਦਰ ਦਾ ਪੁੱਤ ਬਣਿਆ ਸ਼ਰਮਾ, ਲਿਖ ਲਟਕਾਇਆ ਸੇਠੀ ਵਰਮਾ।
ਭੂੰਡਪਾਲ ਤੋਂ ਪਾਲ ਬਣੇ ਹਾਂ, ਸੂਦਰ ਮਾਂ ਦੇ ਨਹੀਂ ਜਣੇ ਹਾਂ।
ਕੌਮ ਨਾਲ ਕਰਕੇ ਗੱਦਾਰੀ, ਸਮਝ ਰਹੇ ਕਿ ਬੜੇ ਸ਼ੇਖ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।

ਬੇਸ਼ਰਮੀ ਦੀ ਹੱਦ ਹੋ ਗਈ, ਹੁਣ ਤਾਂ ਹੱਦੋਂ ਵੱਧ ਹੋ ਗਈ।
ਗੁੰਗੇ ਬੋਲੇ ਬਣ ਗਏ ਅੰਨ੍ਹੇ, ਨਾ ਕੋਈ ਸੁਣਦਾ, ਨਾ ਕੋਈ ਮੰਨੇ।
ਮਾਲਕ ਸੀ ਨਾ ਰਹੇ ਮੁਜਾਰੇ, 'ਕੱਲਰ' ਫਿਰਦੇ ਮਾਰੇ ਮਾਰੇ।
ਨਾਮ ਨਿਸ਼ਾਂ ਹੀ ਮਿਟ ਜਾਵੇਗਾ, ਕਦ ਸੰਭਲਾਂਗੇ, ਰਿਹਾ ਸੋਚ ਹਾਂ।
ਅਸੀਂ ਬੜੇ ਬੇਸ਼ਰਮ ਲੋਕ ਹਾਂ।
– ਜਗਦੀਸ਼ ਕੱਲਰ

## ਕੁਝ ਹੋਸ਼ ਕਰੋ

ਮੈਨੂੰ ਪੂਜਣ ਵਾਲਿਓ ਕੁਝ ਹੋਸ਼ ਕਰੋ।
ਮੈਂ ਨਾਲ ਜੁਲਮ ਦੇ ਲੜਿਆ ਸੀ, ਇਹ ਸੋਚ ਕਰੋ।

ਅੱਜ ਭੀ ਗੰਗਾ ਵੱਲ ਹੋ ਜਾਂਦੇ, ਪੰਡਿਆਂ ਕੋਲੋਂ ਛਿੱਲ ਲੁਹਾਂਦੇ।
ਵਕਤ ਗੁਆਉਣੇ ਵਾਲਿਓ ਕੁਝ ਹੋਸ਼ ਕਰੋ। ਮੈਂ ਨਾਲ ...

ਜ਼ੁਲਮਾਂ ਦੇ ਸੰਗ ਡਟ ਕੇ ਲੜਿਆ, ਰਾਜੇ ਦੇ ਦਰਬਾਰ ਜਾ ਖੜ੍ਹਿਆ,
ਡਰ ਡਰ ਜੀਣੇ ਵਾਲਿਓ, ਕੁਝ ਹੋਸ਼ ਕਰੋ। ਮੈਂ ਨਾਲ ....

ਪੂਜਾ ਪਾਠ ਕਰਾ ਨਾ ਰੱਜੇ, ਇੱਜਤ ਲੁਟਦੀ ਖੱਬੇ ਸੱਜੇ।
ਓ ਟੱਲ ਵਜਾਉਣੇ ਵਾਲਿਓ ਕੁਝ ਹੋਸ਼ ਕਰੋ। ਮੈਂ ਨਾਲ ....

ਅੰਬੇਡਕਰ ਰਾਹ ਫੜਿਆ ਮੇਰਾ, ਲੜਿਆ ਜ਼ੁਲਮਾਂ ਨਾਲ ਬਥੇਰਾ।
ਉਹਨੂੰ ਭੁਲਾਣੇ ਵਾਲਿਓ ਕੁਝ ਹੋਸ਼ ਕਰੋ। ਮੈਂ ਨਾਲ ....

ਮੇਰੇ ਜਾਇਓ ਸੁਰਤ ਸੰਭਾਲੋ, ਛੱਡ ਗੁਲਾਮੀ, ਇਜਤ ਭਾਲੋ।
'ਕੇਵਲ' ਗਾਉਣੇ ਵਾਲਿਓ, ਕੁਝ ਹੋਸ਼ ਕਰੋ। ਮੈਂ ਨਾਲ ....

**– ਕੇਵਲ ਸਾਵਰਾ, ਬਾਹੜਵਾਲ**

## ਫੂਕੋ!

ਉਠੋ ਮੇਰੇ ਵੀਰ ਅਛੂਤੋ, ਉਠੋ, ਏਸ ਸਮਾਜ ਨੂੰ ਫੂਕੋ
ਹੱਕ ਵਾਸਤੇ ਆਵੋ ਲੜੀਏ, ਸ਼ਰਮ ਹਯਾ ਤੇ ਲਾਜ ਨੂੰ ਫੂਕੋ।

ਮਰੀ ਪਈ ਜੋ ਜਿਊਣ ਨਾ ਦੇਂਦੀ, ਉਸ ਮਨੂੰ ਦੀ ਲਾਸ਼ ਨੂੰ ਫੂਕੋ
ਫੂਕੋ ਮਨੂੰ-ਸਿਮਰਤੀ ਪਹਿਲਾਂ, ਝਗੜੇ ਦੀ ਜੜ੍ਹ ਖਾਸ ਨੂੰ ਫੂਕੋ।

ਜਿੱਥੋਂ ਸਾਨੂੰ ਮਿਲਦੇ ਧੱਕੇ, ਉਸ ਰੱਬ ਦਾ ਮੰਦਰ ਫੂਕੋ
ਜਾਨ ਬਚਾਕੇ ਦੌੜ ਨਾ ਜਾਵੇ, ਡੱਕ ਉਸਨੂੰ ਅੰਦਰ ਫੂਕੋ।

ਜਿੱਥੋਂ ਸਾਨੂੰ ਮਿਲੇ ਨਾ ਪਾਣੀ, ਉਸ ਖੂਹ ਤਲਾਬ ਨੂੰ ਫੂਕੋ
ਪੀ ਕੇ ਜਿਸਨੂੰ ਜਾਨ ਗਵਾਈਏ, ਐਸੇ ਜ਼ਾਲਮ ਆਬ ਨੂੰ ਫੂਕੋ।

ਭਿੱਟੇ ਜੋ ਪਰਛਾਵੇਂ ਤੋਂ ਹੀ, ਆਵੋ ਉਸ ਇਨਸਾਨ ਨੂੰ ਫੂਕੋ
ਜਿਸਨੇ ਉਹ ਇਨਸਾਨ ਬਣਾਏ, ਰਲਕੇ ਉਸ ਭਗਵਾਨ ਨੂੰ ਫੂਕੋ।

ਜਿਹਨਾਂ ਵਿਚ ਇਹ ਪਾੜੇ ਪਾਏ, ਐਸੇ ਵੇਦ ਪੁਰਾਣ ਨੂੰ ਫੂਕੋ
ਰਚਣਹਾਰ ਜੋ ਨਜ਼ਰੀਂ ਆਵੇ, ਪਹਿਲਾਂ ਉਸ ਸ਼ੈਤਾਨ ਨੂੰ ਫੂਕੋ।

ਰਿਸ਼ੀਆਂ ਮੁਨੀਆਂ ਦੀ ਧਰਤੀ ਨੂੰ, ਕਰਦੇ ਨੇ ਗਰਕਾਬ ਜੋ ਫੂਕੋ
ਪੈਰਾਂ ਦੇ ਵਿਚ ਰੋਲੀ ਜਾਈਏ, ਲੈਂਦੇ ਐਸੇ ਖੁਆਬ ਜੋ ਫੂਕੋ।

ਇਨਸਾਨਾਂ ਦੇ ਭੇਸ 'ਚ ਫਿਰਦੇ, ਹੈਨ ਪਏ ਸ਼ੈਤਾਨ ਜੋ ਫੂਕੋ
ਮੂੰਹ ਦੇ ਮਿੱਠੇ, ਦਿਲ ਦੇ ਖੋਟੇ, ਦਿਸਦੇ ਨੇ ਇਨਸਾਨ ਜੋ ਫੂਕੋ।

ਸਦੀਆਂ ਤੋਂ ਸੁਣਦੇ ਜੋ ਆਏ, ਅੱਜ ਉਸ ਆਵਾਜ਼ ਨੂੰ ਫੂਕੋ
ਜਿਹੜਾ ਸਾਡਾ ਹੀ ਗਲ ਘੁੱਟੇ, ਐਸੇ ਰਸਮ ਰਿਵਾਜ਼ ਨੂੰ ਫੂਕੋ।

ਉੱਠੋ ਮੇਰੇ ਸ਼ੇਰ ਜੁਆਨੋ, ਸੁਸਤੀ ਆਲਸ ਅੱਜ ਤਿਆਗੋ।
''ਕੱਲਰ'' ਆਪਣਾ ਆਪ ਪਛਾਣੋ, ਜਾਗੋ ਵੀਰ ਅਛੂਤੋ ਜਾਗੋ।

**– ਜਗਦੀਸ਼ ਕੱਲਰ**

## ਭੀਮ ਨੂੰ ਪ੍ਰਣਾਮ

ਅਲਾਹ ਵਾਹਿਗੁਰੂ ਰਾਮ ਰਹਿਮਾਨ ਪਿੱਛੋਂ, ਭੀਮ ਤੁਸਾਂ ਨੂੰ ਕਰਾਂ ਪ੍ਰਣਾਮ ਪਹਿਲਾਂ।
ਗੁਰੂ ਪੀਰ ਪੈਗੰਬਰਾਂ ਔਲੀਆਂ 'ਚੋਂ, ਆਵੇ ਤੁਸਾਂ ਦਾ ਜੁਬਾਂ ਤੇ ਨਾਮ ਪਹਿਲਾਂ।
ਭਗਤ ਸੂਰਮੇ ਦਾਨੀਆਂ ਦਾਨਿਆਂ 'ਚੋਂ, ਝੁਕਦਾ ਸੀਸ ਹੈ ਤੁਸਾਂ ਦੇ ਧਾਮ ਪਹਿਲਾਂ।
ਵੇਦ ਸਿਮਰਤੀ ਗੀਤਾ ਦਾ ਸਾਰ ਨਾਹੀਂ, ਸੁਣਿਆ ਵਾਚਿਆ ਭੀਮ ਪੈਗਾਮ ਪਹਿਲਾਂ।
ਪਾਵੋ ਵਿੱਦਿਆ ਬਣੋ ਵਿਦਵਾਨ ਸਾਰੇ, ਕਰਕੇ ਏਕਤਾ ਕਰੋ ਸੰਘਰਸ਼ ਵੀਰੋ।
ਧਰ ਕੇ ਹੱਥ ਤੇ ਹੱਥ ਜੇ ਬੈਠੇ ਰਹਿਣਾ, 'ਕੱਲਰ' ਕਰੇਗਾ ਕੋਈ ਨਾ ਤਰਸ ਵੀਰੋ।

**– ਜਗਦੀਸ਼ ਕੱਲਰ**

## ਮਿੰਨੀ ਕਹਾਣੀ

### ਫ਼ਰਕ

'ਵੇ ਪੁੱਤ, ਆਹ ਮੇਰਾ ਥੈਲਾ ਸੜਕ ਦੇ ਪਰਲੇ ਪਾਸੇ ਤਾਂ ਧਰਿਆ, ਮੈਥੋਂ ਚੁੱਕ ਕੇ ਸੜਕ ਪਾਰ ਨ੍ਹੀ ਹੁੰਦੀ।' ਆਪਣੇ ਕੋਲੋਂ ਲੰਘ ਰਹੇ ਇੱਕ ਨੌਜਵਾਨ ਮੁੰਡੇ ਨੂੰ ਬਜ਼ੁਰਗ ਔਰਤ ਨੇ ਤਰਲੇ ਨਾਲ ਕਿਹਾ। 'ਨਹੀਂ ਬੇਬੇ ਮੈਂ ਤਾਂ ਕੰਮ ਤੇ ਚੱਲਿਆਂ, ਮੇਰਾ ਦਫ਼ਤਰ ਖੁੱਲਣ ਦਾ ਟਾਇਮ ਹੋ ਗਿਆ ਏ।' ਮੁੰਡਾ ਏਨਾ ਕਹਿ ਕੇ ਛੇਤੀ ਦੇਣੇ ਅੱਗੇ ਚਲਾ ਗਿਆ। ਥੋੜ੍ਹੀ ਹੀ ਦੂਰੀ ਤੇ ਉਹੀ ਮੁੰਡਾ ਹੁਣ ਇੱਕ ਕਾਲਜ ਦੀ ਕੁੜੀ ਦੀ ਸਕੂਟਰੀ ਦਾ ਪੈਂਚਰ ਹੋਇਆ ਟਾਇਰ ਬਦਲ ਰਿਹਾ ਸੀ।


**–ਤਸਵਿੰਦਰ ਸਿੰਘ ਬੜੈਚ** (91-98763-22677)


ਰਵਨੀਤ ਕੌਰ ਚੰਦੜ, ਇਸ਼ਾਨ ਚੰਦੜ, ਨਵ੍ਪ੍ਰੀਤ ਸੌਂਧ ਅਤੇ ਦਿਲਪ੍ਰੀਤ ਸੌਂਧ


ਸ੍ਰੀ ਸੁਖਰਾਮ ਚੰਦੜ ਤਾਜਪੁਰੀ ਆਪਣੇ ਪੋਤੇ/ਪੋਤੀ ਅਤੇ ਦੋਹਤੇ/ਦੋਹਤੀ ਦੇ ਨਾਲ ਬਾਗਬਾਨੀ ਕਰਦੇ ਹੋਏ। ਸ੍ਰੀ ਤਾਜਪੁਰੀ ਦੇ ਘਰ ਕਰੀਬ ਢਾਈ ਫੁੱਟ ਲੰਮੀਆਂ ਤਰਾਂ ਲੱਗੀਆਂ ਹੋਈਆਂ ਹਨ, ਜੋ ਬੱਚਿਆਂ ਦੇ ਹੱਥਾਂ ਵਿਚ ਦਿਖਾਈ ਦੇ ਰਹੀਆਂ ਹਨ।

## ਜਨਮ ਦਿਨ ਮੁਬਾਰਕ

ਅਦਾਰਾ 'ਦੇਸ਼ ਦੁਆਬਾ' ਵੱਲੋਂ ਇਸ਼ਾਨ ਚੰਦੜ ਅਤੇ ਸਮੂਹ ਚੰਦੜ ਪਰਿਵਾਰ ਨੂੰ ਜਨਮ ਦਿਨ ਦੀਆਂ ਮੁਬਾਰਕਾਂ



ਸ੍ਰੀਮਤੀ ਮਹਿੰਦਰ ਕੌਰ ਚੰਦੜ ਅਤੇ ਸ੍ਰੀ ਸੁਖ ਰਾਮ ਚੰਦੜ ਤਾਜਪੁਰੀ ਜੀ ਵੱਲੋਂ ਆਪਣੇ ਪੋਤਰੇ ਇਸ਼ਾਨ ਚੰਦੜ (ਸਪੁੱਤਰ ਸ੍ਰੀਮਤੀ ਪਰਮਜੀਤ ਕੌਰ ਚੰਦੜ ਅਤੇ ਸ੍ਰੀ ਨੀਰਜ ਕੁਮਾਰ ਚੰਦੜ) ਦੇ ਤੀਜੇ ਜਨਮ ਦਿਨ 'ਤੇ ਦਿਲੀ ਹਾਰਦਿਕ ਵਧਾਈ।
ਸ੍ਰੀ ਸੁਖ ਰਾਮ ਚੰਦੜ ਅਤੇ ਸ੍ਰੀਮਤੀ ਮਹਿੰਦਰ ਕੌਰ ਚੰਦੜ
ਸਮੂਹ ਚੰਦੜ ਪਰਿਵਾਰ, ਸੈਕਰਾਮੈਂਟੋ (ਕੈਲੇਫੋਰਨੀਆ)


# TANDOOR
## Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# L.A. MERCHANDISE
## Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop